@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Monday, 3 November 2025
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਸੋਮਵਾਰ 3 ਨਵੰਬਰ 2025, 19 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 364, qpatrika@gmail.com ਫੋਨ : 9971359517 www.qaumipatrika.org

## ਦੁਲਾਰਚੰਦ ਯਾਦਵ ਕਤਲ ਮਾਮਲੇ 'ਚ ਅਦਾਲਤ ਦੀ ਵੱਡੀ ਕਾਰਵਾਈ !

ਨੈਸ਼ਨਲ ਡੈਸਕ 2 ਨਵੰਬਰ। ਇਕ ਪਾਸੇ ਬਿਹਾਰ 'ਚ ਵਿਧਾਨ ਸਭਾ ਚੋਣਾਂ ਕਾਰਨ ਸਿਆਸੀ ਮਾਹੌਲ ਗਰਮਾਇਆ ਹੋਇਆ ਹੈ, ਉੱਥੇ ਹੀ ਬੀਤੇ ਦਿਨੀਂ ਦੁਲਾਰਚੰਦ ਯਾਦਵ ਦੇ ਕਤਲ ਮਾਮਲੇ 'ਚ ਪੁਲਸ ਨੇ ਬਾਹੂਬਲੀ ਨੇਤਾ ਅਤੇ ਮੋਕਾਮਾ ਵਿਧਾਨ ਸਭਾ ਸੀਟ ਤੋਂ ਜਨਤਾ ਦਲ ਯੂਨਾਈਟਿਡ (ਜੇ.ਡੀ.ਯੂ.) ਦੇ ਉਮੀਦਵਾਰ ਅਨੰਤ ਸਿੰਘ ਨੂੰ ਗ੍ਰਿਫ਼ਤਾਰ ਕਰ ਕੇ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਗ੍ਰਿਫਤਾਰੀ ਤੋਂ ਬਾਅਦ ਅਨੰਤ ਸਿੰਘ ਨੂੰ ਪਟਨਾ ਸਿਵਲ ਕੋਰਟ ਵਿੱਚ ਪੇਸ਼ ਕੀਤਾ ਗਿਆ। ਇਸ ਤੋਂ ਪਹਿਲਾਂ ਅਨੰਤ ਸਿੰਘ ਅਤੇ ਹੋਰ ਦੋਸ਼ੀਆਂ ਦੀ ਡੀਆਈਯੂ ਸੈੱਲ ਵਿੱਚ ਮੈਡੀਕਲ ਜਾਂਚ ਕੀਤੀ ਗਈ ਸੀ। ਅਦਾਲਤ ਨੇ ਸੁਣਵਾਈ ਤੋਂ ਬਾਅਦ ਅਨੰਤ ਸਿੰਘ ਨੂੰ 14



ਦਿਨਾਂ ਲਈ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਉਨ੍ਹਾਂ ਨੂੰ ਸਿਵਲ ਕੋਰਟ ਤੋਂ ਬੇਊਰ ਜੇਲ੍ਹ ਲਿਜਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਦੁਲਾਰਚੰਦ ਯਾਦਵ ਦਾ ਕਤਲ 30 ਅਕਤੂਬਰ ਨੂੰ ਹੋਇਆ ਸੀ। ਇਹ ਘਟਨਾ ਮੋਕਾਮਾ ਖੇਤਰ ਵਿੱਚ ਭਦੌਰ ਅਤੇ ਘੋਸਵਾਰੀ ਥਾਣਿਆਂ ਨੇੜੇ ਵਾਪਰੀ ਸੀ, ਜਦੋਂ ਉਹ ਜਨ ਸੁਰਾਜ ਪਾਰਟੀ ਦੇ ਉਮੀਦਵਾਰ ਪੀਯੂਸ਼ ਪ੍ਰਿਯਦਰਸ਼ੀ ਲਈ ਪ੍ਰਚਾਰ ਕਰ ਰਹੇ ਸਨ। ਦੁਲਾਰਚੰਦ ਦੇ ਸਮਰਥਕਾਂ ਨੇ ਅਨੰਤ ਸਿੰਘ ਅਤੇ ਉਨ੍ਹਾਂ ਦੇ ਸਮਰਥਕਾਂ 'ਤੇ ਕਤਲ ਦਾ ਦੋਸ਼ ਲਗਾਇਆ ਸੀ, ਜਿਸ ਮਗਰੋਂ ਪੁਲਸ ਨੇ ਅਨੰਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਸੀ। ਪੁਲਸ ਨੇ ਦੁਲਾਰਚੰਦ ਯਾਦਵ ਦੇ ਕਤਲ ਦੇ ਸਬੰਧ ਵਿੱਚ ਤਿੰਨ ਲੋਕਾਂ- ਅਨੰਤ ਸਿੰਘ, ਮਣਿਕਾਂਤ ਠਾਕੁਰ ਅਤੇ ਰਣਜੀਤ ਰਾਮ ਨੂੰ ਗ੍ਰਿਫ਼ਤਾਰ ਕੀਤਾ ਹੈ। ਅਨੰਤ ਸਿੰਘ ਦਾ ਨਾਮ ਇਸ ਮਾਮਲੇ ਵਿੱਚ ਦਰਜ ਚਾਰ ਐੱਫ.ਆਈ.ਆਰਜ਼ ਵਿੱਚੋਂ ਇੱਕ ਵਿੱਚ ਸ਼ਾਮਲ ਹੈ। ਚੋਣ ਪ੍ਰਚਾਰ ਦੌਰਾਨ ਹੋਈ ਹਿੰਸਾ 'ਤੇ ਸਖ਼ਤ ਰੁਖ ਅਪਣਾਉਂਦੇ ਹੋਏ, ਚੋਣ ਕਮਿਸ਼ਨ ਨੇ ਪਟਨਾ ਦੇ ਪੁਲਸ ਸੁਪਰਡੈਂਟ (ਦਿਹਾਤੀ) ਦਾ ਤਬਾਦਲਾ ਕਰਨ ਅਤੇ ਤਿੰਨ ਹੋਰ ਅਧਿਕਾਰੀਆਂ 'ਤੇ ਕਾਰਵਾਈ ਕਰਨ ਦਾ ਹੁਕਮ ਦਿੱਤਾ ਹੈ।

## ਕੇਰਲ ਹੁਣ ਅੰਤਾਂ ਦੀ ਗਰੀਬੀ ਤੋਂ ਮੁਕਤ : ਵਿਜਯਨ

ਤਿਰੂਵਨੰਤਪੁਰਮ 2 ਨਵੰਬਰ। ਕੇਰਲ ਦੇ ਮੁੱਖ ਮੰਤਰੀ ਪੀ. ਵਿਜਯਨ ਨੇ ਸ਼ਨੀਵਾਰ ਸੂਬਾਈ ਵਿਧਾਨ ਸਭਾ 'ਚ ਐਲਾਨ ਕੀਤਾ ਕਿ ਸੂਬੇ 'ਚੋਂ ਅੰਤਾਂ ਦੀ ਗਰੀਬੀ ਹੁਣ ਖਤਮ ਕਰ ਦਿੱਤੀ ਗਈ ਹੈ। ਵਿਜਯਨ ਨੇ ਕੇਰਲ ਦੇ ਸਥਾਪਨਾ ਦਿਵਸ ਦੇ ਮੌਕੇ ਹਾਊਸ ਦੇ ਸੱਦੇ ਗਏ ਵਿਸ਼ੇਸ਼ ਸੈਸ਼ਨ ਦੌਰਾਨ ਇਹ ਐਲਾਨ ਕੀਤਾ। ਕਾਂਗਰਸ ਦੀ ਅਗਵਾਈ ਵਾਲੇ ਯੂਨਾਈਟਿਡ ਡੈਮੋਕ੍ਰੇਟਿਕ ਫਰੰਟ (ਯੂ. ਡੀ. ਐੱਫ.) ਨੇ ਇਸ ਦਾਅਵੇ ਨੂੰ ਪੂਰੀ ਤਰ੍ਹਾਂ ਧੋਖਾਦੇਹੀ ਵਾਲਾ ਕਰਾਰ ਦਿੱਤਾ ਤੇ ਵਿਰੋਧ 'ਚ ਸੈਸ਼ਨ ਦਾ ਬਾਈਕਾਟ ਕੀਤਾ। ਜਿਵੇਂ ਹੀ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸ਼ੁਰੂ ਹੋਇਆ, ਹਾਊਸ 'ਚ ਵਿਰੋਧੀ ਧਿਰ ਦੇ ਨੇਤਾ ਵੀ. ਡੀ. ਸਤੀਸਨ ਨੇ ਕਿਹਾ ਕਿ ਨਿਯਮ 300 ਰਾਹੀਂ ਮੁੱਖ ਮੰਤਰੀ ਦਾ ਬਿਆਨ ਪੂਰੀ ਤਰ੍ਹਾਂ ਧੋਖਾਦੇਹੀ ਵਾਲਾ ਤੇ ਹਾਊਸ ਦੇ ਨਿਯਮਾਂ ਦੀ ਉਲੰਘਣਾ ਹੈ। ਇਸ ਲਈ ਅਸੀਂ ਇਸ 'ਚ ਹਿੱਸਾ ਨਹੀਂ ਲੈ ਸਕਦੇ। ਅਸੀਂ ਸੈਸ਼ਨ ਦਾ ਪੂਰੀ ਤਰ੍ਹਾਂ ਬਾਈਕਾਟ ਕਰਦੇ ਹਾਂ।

# ਵਿਸ਼ਾਲ ਜਨਸਭਾ 'ਚ ਆਰ.ਜੇ.ਡੀ. ਤੇ ਕਾਂਗਰਸ ਨੂੰ ਸੁਣਾਈਆਂ ਖ਼ਰੀਆਂ-ਖ਼ਰੀਆਂ: ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨੈਸ਼ਨਲ ਡੈਸਕ 2 ਨਵੰਬਰ। ਬਿਹਾਰ 'ਚ ਚੋਣਾਂ ਕਾਰਨ ਸਿਆਸੀ ਮਾਹੌਲ ਮਘਿਆ ਹੋਇਆ ਹੈ। ਇਸੇ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਬਿਹਾਰ ਪਹੁੰਚੇ ਹੋਏ ਹਨ, ਜਿੱਥੇ ਉਨ੍ਹਾਂ ਅੱਗ ਆਰਾ ਵਿਖੇ ਇਕ ਵਿਸ਼ਾਲ ਜਨਸਭਾ ਨੂੰ ਸੰਬੋਧਨ ਕੀਤਾ। ਪ੍ਰਧਾਨ ਮੰਤਰੀ ਨੇ ਸੰਬੋਧਨ ਕਰਦਿਆਂ ਮਹਾਂਗਠਜੋੜ, ਖਾਸ ਕਰਕੇ ਆਰ.ਜੇ.ਡੀ. ਅਤੇ ਕਾਂਗਰਸ 'ਤੇ ਤਿੱਖਾ ਹਮਲਾ ਕੀਤਾ ਹੈ। ਪ੍ਰਧਾਨ ਮੰਤਰੀ ਨੇ ਦੋਸ਼ ਲਾਇਆ ਕਿ ਆਰ.ਜੇ.ਡੀ. ਨੇ ਕਾਂਗਰਸ ਦੀ ਕਨਪਟੀ 'ਤੇ ਕੱਟਾ (ਪਿਸਤੌਲ) ਰੱਖ ਕੇ ਮੁੱਖ ਮੰਤਰੀ ਦਾ ਅਹੁਦਾ ਖੋਹ ਲਿਆ ਹੈ। ਪ੍ਰਧਾਨ ਮੰਤਰੀ ਮੋਦੀ ਨੇ ਮਹਾਂਗਠਜੋੜ ਦੇ ਅੰਦਰੂਨੀ ਖਿੱਚੋਤਾਣ (ਘਮਾਸਾਨ) ਨੂੰ ਉਜਾਗਰ ਕਰਦਿਆਂ ਕਿਹਾ ਕਿ ਆਰ.ਜੇ.ਡੀ. ਨੇ ਇਸ ਤਰ੍ਹਾਂ ਮੁੱਖ ਮੰਤਰੀ ਦਾ ਅਹੁਦਾ ਆਪਣੇ ਨਾਂ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਜ਼ਬਰਦਸਤੀ ਕਾਂਗਰਸ ਤੋਂ ਮੁੱਖ ਮੰਤਰੀ ਉਮੀਦਵਾਰ ਦੇ ਸਮਰਥਨ ਦਾ ਐਲਾਨ ਕਰਵਾਇਆ ਗਿਆ। ਪ੍ਰਧਾਨ ਮੰਤਰੀ ਨੇ ਐੱਨ.ਡੀ.ਏ. ਦੇ ਸੰਕਲਪ ਪੱਤਰ ਨੂੰ ਸਮਾਜਿਕ ਨਿਆਂ ਦੇ ਨਾਲ-ਨਾਲ ਬਿਹਾਰ ਦੇ ਹਰ ਪੱਖੀ ਵਿਕਾਸ ਦੀ ਗਾਰੰਟੀ ਦੱਸਿਆ ਹੈ। ਉਨ੍ਹਾਂ ਕਿਹਾ ਕਿ ਆਰਾ ਵਿੱਚ ਇਕੱਠਾ ਹੋਇਆ ਜਨ ਸੈਲਾਬ ਦੱਸ ਰਿਹਾ ਹੈ ਕਿ ਲੋਕ ਇੱਕ ਵਾਰ ਫਿਰ ਸੂਬੇ ਵਿੱਚ ਐੱਨ.ਡੀ.ਏ. ਸਰਕਾਰ ਬਣਾਉਣ ਦਾ ਮਨ ਬਣਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਐੱਨ.ਡੀ.ਏ. ਦਾ ਸੰਕਲਪ ਹੈ ਕਿ ਬਿਹਾਰ ਦਾ ਨੌਜਵਾਨ ਬਿਹਾਰ ਵਿੱਚ ਹੀ ਕੰਮ ਕਰੇਗਾ। ਆਉਣ ਵਾਲੇ ਸਾਲਾਂ ਵਿੱਚ 1 ਕਰੋੜ ਰੁਜ਼ਗਾਰ ਦੇਣ ਦਾ ਐਲਾਨ ਕੀਤਾ ਗਿਆ ਹੈ ਅਤੇ ਇਸ ਦਾ ਪਲਾਨ ਵੀ ਜਨਤਾ ਸਾਹਮਣੇ ਰੱਖਿਆ ਗਿਆ ਹੈ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਕੇਂਦਰ ਸਰਕਾਰ ਛੋਟੇ ਕਿਸਾਨਾਂ ਨੂੰ ਪੀ.ਐੱਮ. ਕਿਸਾਨ ਸਨਮਾਨ ਨਿਧੀ ਦੇ 6,000 ਰੁਪਏ ਦਿੰਦੀ ਹੈ, ਪਰ ਬਿਹਾਰ ਦੀ ਨਵੀਂ ਐੱਨ.ਡੀ.ਏ. ਸਰਕਾਰ ਆਪਣੀ ਤਰਫੋਂ 3000 ਰੁਪਏ ਹੋਰ ਵਧਾਉਣ ਵਾਲੀ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜੇਕਰ ਆਰ.ਜੇ.ਡੀ. ਨੇ ਬਿਹਾਰ ਵਿੱਚ ਜੰਗਲ ਰਾਜ ਅਤੇ ਤੁਸ਼ਟੀਕਰਨ ਦੀ ਰਾਜਨੀਤੀ ਕੀਤੀ ਹੈ, ਤਾਂ ਕਾਂਗਰਸ ਦੀ ਪਛਾਣ ਸਿੱਖਾਂ ਦੇ ਕਤਲੇਆਮ (ਕਤਲ-ਏ-ਆਮ) ਨਾਲ ਜੁੜੀ ਹੋਈ ਹੈ। ਉਨ੍ਹਾਂ ਕਿਹਾ ਕਿ ਆਰ.ਜੇ.ਡੀ.-ਕਾਂਗਰਸ ਬਿਹਾਰ ਦੀ ਪਛਾਣ ਖਤਮ ਕਰਨ 'ਤੇ ਤੁਲੀ ਹੋਈ ਹੈ ਅਤੇ ਉਹ ਘੁਸਪੈਠੀਆਂ ਦੇ ਸਮਰਥਨ ਵਿੱਚ ਯਾਤਰਾਵਾਂ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਆਰ.ਜੇ.ਡੀ. ਦੇ ਲੋਕਾਂ ਨੇ ਪ੍ਰਯਾਗਰਾਜ ਮਹਾਕੁੰਭ ਨੂੰ 'ਫਾਲਤੂ' ਕਿਹਾ ਸੀ, ਅਤੇ ਕਾਂਗਰਸ ਦੇ ਨਾਮਦਾਰ ਨੇ ਛੱਠ ਮਹਾਪਰਵ ਨੂੰ 'ਡਰਾਮਾ' ਦੱਸਿਆ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਬਿਹਾਰ ਅਜਿਹੇ ਲੋਕਾਂ ਨੂੰ ਕਦੇ ਮਾਫ਼ ਨਹੀਂ ਕਰੇਗਾ ਜਿਹੜੇ ਉਨ੍ਹਾਂ ਦੀ ਆਸਥਾ ਦਾ ਅਪਮਾਨ ਕਰਦੇ ਹਨ। ਪ੍ਰਧਾਨ ਮੰਤਰੀ ਨੇ ਕਾਂਗਰਸ 'ਤੇ ਬਾਬਾ ਸਾਹਿਬ ਅੰਬੇਡਕਰ, ਸਾਬਕਾ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਅਤੇ ਸੀਤਾਰਾਮ ਕੇਸਰੀ ਦਾ ਅਪਮਾਨ ਕਰਨ ਦਾ ਵੀ ਦੋਸ਼ ਲਾਇਆ। ਮੋਦੀ ਨੇ ਜ਼ੋਰ ਦੇ ਕੇ ਕਿਹਾ ਕਿ ਬਿਹਾਰ ਦੇ ਲੋਕ ਇਸ ਵਾਰ ਐੱਨ.ਡੀ.ਏ. ਨੂੰ ਰਿਕਾਰਡ ਸੀਟਾਂ ਦੇਣ ਜਾ ਰਹੇ ਹਨ, ਅਤੇ 'ਜੰਗਲ ਰਾਜ' ਵਾਲੇ ਇਸ ਵਾਰ ਸਭ ਤੋਂ ਕਰਾਰੀ ਹਾਰ ਦਾ ਰਿਕਾਰਡ ਬਣਾਉਣ ਵਾਲੇ ਹਨ। ਉਨ੍ਹਾਂ ਕਿਹਾ ਕਿ ਬਿਹਾਰ ਦੀ ਪੁਰਾਣੀ ਪੀੜ੍ਹੀ ਦੇ ਨਾਲ ਨਵੀਂ ਪੀੜ੍ਹੀ ਨੇ ਵੀ ਦੁਬਾਰਾ ਐੱਨ.ਡੀ.ਏ. ਸਰਕਾਰ ਬਣਾਉਣ ਦਾ ਫੈਸਲਾ ਕਰ ਲਿਆ ਹੈ। ਪ੍ਰਧਾਨ ਮੰਤਰੀ ਨੇ ਇਹ ਵੀ ਭਰੋਸਾ ਦਿੱਤਾ ਕਿ ਕਿਸੇ ਵੀ ਗਰੀਬ ਮਾਂ ਦਾ ਬੱਚਾ ਭੁੱਖਾ ਨਹੀਂ ਸੌਵੇਗਾ ਅਤੇ ਸਰਕਾਰ ਨੇ ਸਥਾਨਕ ਲੋਕਾਂ ਦੀ ਪਸੰਦ ਦਾ ਧਿਆਨ ਰੱਖਦੇ ਹੋਏ ਉਨ੍ਹਾਂ ਨੂੰ ਅਰਵਾ ਚੌਲ ਦੀ ਬਜਾਏ ਉਸਨਾ ਚੌਲ ਦੇਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਬਿਹਾਰ ਜਲਦੀ ਹੀ ਪੂਰਬੀ ਭਾਰਤ ਦਾ ਟੈੱਕ, ਟੈਕਸਟਾਈਲ ਅਤੇ ਟੂਰਿਜ਼ਮ ਦਾ ਵੱਡਾ ਕੇਂਦਰ ਬਣੇਗਾ।



# ਬਿਹਾਰ 'ਚ ਰਾਹੁਲ ਗਾਂਧੀ ਦਾ ਦੇਸੀ ਅੰਦਾਜ਼ !

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 2 ਨਵੰਬਰ। ਬਿਹਾਰ ਵਿਧਾਨ ਸਭਾ ਚੋਣਾਂ (ਬਿਹਾਰ ਚੋਣ 2025) ਲਈ ਥੋੜ੍ਹਾ ਸਮਾਂ ਬਾਕੀ ਹੈ, ਇਸ ਲਈ ਸਾਰੀਆਂ ਰਾਜਨੀਤਿਕ ਪਾਰਟੀਆਂ ਵੋਟਰਾਂ ਨੂੰ ਲੁਭਾਉਣ ਵਿੱਚ ਸਰਗਰਮ ਹਨ। ਸਾਰੀਆਂ ਪਾਰਟੀਆਂ ਦੇ ਸੀਨੀਅਰ ਨੇਤਾ ਇਸ ਸਮੇਂ ਚੋਣ ਪ੍ਰਚਾਰ ਵਿੱਚ ਰੁੱਝੇ ਹੋਏ ਹਨ। ਇਸ ਸੰਦਰਭ ਵਿੱਚ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਕਾਂਗਰਸ ਸੰਸਦ ਮੈਂਬਰ ਰਾਹੁਲ ਗਾਂਧੀ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਨ ਲਈ ਬੇਗੂਸਰਾਏ ਜ਼ਿਲ੍ਹੇ ਵਿੱਚ ਪਹੁੰਚੇ। ਇਸ ਦੌਰਾਨ, ਉਨ੍ਹਾਂ ਨੇ ਇੱਕ ਵਿਲੱਖਣ ਅੰਦਾਜ਼ (ਬੇਗੂਸਰਾਏ ਵਿੱਚ ਰਾਹੁਲ ਗਾਂਧੀ ਮੱਛੀਆਂ ਫੜਦੇ ਹੋਏ) ਦਿਖਾਇਆ। ਦਰਅਸਲ, ਰਾਹੁਲ ਗਾਂਧੀ ਨੇ ਬੇਗੂਸਰਾਏ ਵਿੱਚ ਇੱਕ ਤਲਾਅ ਵਿੱਚ ਛਾਲ ਮਾਰ ਦਿੱਤੀ ਅਤੇ ਰਵਾਇਤੀ ਮੱਛੀਆਂ ਫੜਨ ਦੀ ਰਸਮ ਵਿੱਚ ਹਿੱਸਾ



ਲਿਆ। ਵੀਆਈਪੀ ਮੁਖੀ ਅਤੇ ਮਹਾਂਗਠਜੋੜ ਦੇ ਉਪ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਮੁਕੇਸ਼ ਸਾਹਨੀ, ਕਾਂਗਰਸ ਨੇਤਾ ਕਨ੍ਹਈਆ ਕੁਮਾਰ ਅਤੇ ਹੋਰ ਵੀ ਮੌਜੂਦ ਸਨ। ਇਸ ਦੀ ਇੱਕ ਵੀਡੀਓ ਹੁਣ ਸਾਹਮਣੇ ਆਈ ਹੈ। ਇਸ ਤੋਂ ਪਹਿਲਾਂ ਐਤਵਾਰ ਨੂੰ ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦੇ ਹੋਏ ਦੋਸ਼ ਲਗਾਇਆ ਕਿ ਉਹ ਨਾ ਸਿਰਫ਼ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਡਰਦੇ ਹਨ, ਸਗੋਂ ਵੱਡੇ ਕਾਰੋਬਾਰੀ ਘਰਾਣਿਆਂ ਦੇ ਰਿਮੋਟ ਕੰਟਰੋਲ ਹੇਠ ਵੀ ਕੰਮ ਕਰਦੇ ਹਨ। ਬਿਹਾਰ ਦੇ ਬੇਗੂਸਰਾਏ ਜ਼ਿਲ੍ਹੇ ਵਿੱਚ ਇੱਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਗਾਂਧੀ ਨੇ ਕਿਹਾ, ਵੱਡੀ ਛਾਤੀ ਹੋਣਾ ਤਾਕਤ ਦੀ ਨਿਸ਼ਾਨੀ ਨਹੀਂ ਹੈ। ਮਹਾਤਮਾ ਗਾਂਧੀ ਨੂੰ ਦੇਖੋ; ਉਹ ਕਮਜ਼ੋਰ ਸਨ, ਫਿਰ ਵੀ ਉਨ੍ਹਾਂ ਨੇ ਉਸ ਸਮੇਂ ਦੀ ਮਹਾਂਸ਼ਕਤੀ, ਅੰਗਰੇਜ਼ਾਂ ਨੂੰ ਢਾਹ ਦਿੱਤਾ। ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਸਾਧਦੇ ਹੋਏ ਉਨ੍ਹਾਂ ਕਿਹਾ, ਦੂਜੇ ਪਾਸੇ, ਸਾਡੇ ਕੋਲ ਨਰਿੰਦਰ ਮੋਦੀ ਹਨ, ਜੋ 56 ਇੰਚ ਦੀ ਛਾਤੀ ਹੋਣ ਦਾ ਮਾਣ ਕਰਦੇ ਹਨ ਪਰ ਜਦੋਂ ਉਨ੍ਹਾਂ ਨੂੰ 'ਆਪ੍ਰੇਸ਼ਨ ਸਿੰਦੂਰ' ਦੌਰਾਨ ਟਰੰਪ ਦਾ ਫ਼ੋਨ ਆਇਆ, ਤਾਂ ਉਨ੍ਹਾਂ ਨੂੰ ਘਬਰਾਹਟ ਦਾ ਦੌਰਾ ਪਿਆ ਅਤੇ ਪਾਕਿਸਤਾਨ ਨਾਲ ਫੌਜੀ ਟਕਰਾਅ ਦੋ ਦਿਨਾਂ ਵਿੱਚ ਖਤਮ ਹੋ ਗਿਆ। ਉਹ ਨਾ ਸਿਰਫ਼ ਟਰੰਪ ਤੋਂ ਡਰਦੇ ਹਨ, ਸਗੋਂ ਅਡਾਨੀ ਅਤੇ ਅੰਬਾਨੀ ਦੇ ਰਿਮੋਟ ਕੰਟਰੋਲ ਹੇਠ ਵੀ ਕੰਮ ਕਰਦੇ ਹਨ।

## ਕੰਨੜ ਨੂੰ ਨਜ਼ਰਅੰਦਾਜ਼ ਕਰ ਕੇ ਹਿੰਦੀ ਠੋਸ ਰਹੀ ਕੇਂਦਰ ਸਰਕਾਰ : ਸਿੱਧਰਮਈਆ

ਬੈਂਗਲੁਰੂ 2 ਨਵੰਬਰ। ਕਰਨਾਟਕ ਦੇ ਮੁੱਖ ਮੰਤਰੀ ਸਿੱਧਰਮਈਆ ਨੇ ਕੇਂਦਰ ਸਰਕਾਰ 'ਤੇ ਕੰਨੜ ਭਾਸ਼ਾ ਨੂੰ ਨਜ਼ਰਅੰਦਾਜ਼ ਕਰਨ ਤੇ ਹਿੰਦੀ ਠੋਸਣ ਦਾ ਦੋਸ਼ ਲਾਇਆ ਹੈ। ਸ਼ਨੀਵਾਰ ਰਾਜਧਾਨੀ 'ਚ ਰਾਜ ਸਥਾਪਨਾ ਦਿਵਸ ਮਨਾਉਣ ਲਈ ਆਯੋਜਿਤ ਇਕ ਸਮਾਗਮ 'ਚ



ਉਨ੍ਹਾਂ ਸੂਬੇ ਦੇ ਲੋਕਾਂ ਨੂੰ ਕੰਨੜ ਵਿਰੋਧੀ ਤਾਕਤਾਂ ਦਾ ਵਿਰੋਧ ਕਰਨ ਦਾ ਸੱਦਾ ਦਿੱਤਾ ਤੇ ਕਿਹਾ ਕਿ ਕੇਂਦਰ ਸਰਕਾਰ ਕਰਨਾਟਕ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਰਨਾਟਕ ਕੇਂਦਰ ਸਰਕਾਰ ਦੇ ਮਾਲੀਏ 'ਚ 4.5 ਲੱਖ ਕਰੋੜ ਰੁਪਏ ਦਾ ਯੋਗਦਾਨ ਪਾਉਂਦਾ ਹੈ ਪਰ ਉਸ ਨੂੰ ਉਸ ਦਾ ਢੁੱਕਵਾਂ ਹਿੱਸਾ ਨਹੀਂ ਦਿੱਤਾ ਜਾਂਦਾ। ਮਾਮੂਲੀ ਜਿਹੀ ਰਕਮ ਦਿੱਤੀ ਜਾਂਦੀ ਹੈ। ਕੰਨੜ ਭਾਸ਼ਾ ਨਾਲ ਕੀਤੀ ਜਾ ਰਹੀ ਬੇਇਨਸਾਫ਼ੀ ਦਾ ਹਵਾਲਾ ਦਿੰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਹਿੰਦੀ ਠੋਸਣ ਦੀਆਂ ਲਗਾਤਾਰ ਕੋਸ਼ਿਸ਼ਾਂ ਹੋ ਰਹੀਆਂ ਹਨ। ਹਿੰਦੀ ਤੇ ਸੰਸਕ੍ਰਿਤ ਦੇ ਵਿਕਾਸ ਲਈ ਗ੍ਰਾਂਟਾਂ ਦਿੱਤੀਆਂ ਜਾਂਦੀਆਂ ਹਨ ਜਦੋਂ ਕਿ ਦੇਸ਼ ਦੀਆਂ ਹੋਰ ਭਾਸ਼ਾਵਾਂ ਨੂੰ ਨਜ਼ਰਅੰਦਾਜ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਕਰਨਾਟਕ ਨੂੰ ਇਸ ਦੇ ਵਿਕਾਸ ਲਈ ਜ਼ਰੂਰੀ ਫੰਡਾਂ ਤੋਂ ਵਾਂਝਾ ਕੀਤਾ ਜਾ ਰਿਹਾ ਹੈ।

# ਇਸਰੋ ਨੇ ਲਾਂਚ ਕੀਤਾ ਸਭ ਤੋਂ ਭਾਰੀ ਸੈਟੇਲਾਈਟ, ਨੇਵੀ ਦੀ ਤਾਕਤ ਵਧੇਗੀ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਸ਼ਰੀਹਰੀਕੋਟਾ 2 ਨਵੰਬਰ। ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦਾ 4,000 ਕਿਲੋਗ੍ਰਾਮ ਤੋਂ ਵੱਧ ਭਾਰ ਵਾਲਾ ਸੰਚਾਰ ਸੈਟੇਲਾਈਟ ਸੀ. ਐੱਮ. ਐੱਸ.-03 ਐਤਵਾਰ ਯਾਨੀ ਅੱਜ ਸ਼ਾਮ 5.26 ਵਜੇ ਇਸ ਪੁਲਾੜ ਕੇਂਦਰ ਤੋਂ ਲਾਂਚ ਕਰ ਦਿੱਤਾ ਗਿਆ। ਪੁਲਾੜ ਏਜੰਸੀ ਨੇ ਦੱਸਿਆ ਕਿ ਲੱਗਭਗ 4,410 ਕਿਲੋਗ੍ਰਾਮ ਭਾਰ ਵਾਲਾ ਇਹ ਸੈਟੇਲਾਈਟ ਭਾਰਤ ਦੀ ਧਰਤੀ ਤੋਂ ਜੀਓਸਿੰਕ੍ਰੋਨਸ ਟਰਾਂਸਫਰ ਆਰਬਿਟ (ਜੀ. ਟੀ. ਓ.) 'ਚ ਲਾਂਚ ਕੀਤਾ ਜਾਣ ਵਾਲਾ ਸਭ ਤੋਂ ਭਾਰਾ ਸੈਟੇਲਾਈਟ ਹੈ। ਸੀ. ਐੱਮ. ਐੱਸ.-03 (ਜੀਸੈੱਟ-7 ਆਰ.) ਸੈਟੇਲਾਈਟ ਦੇ ਨਾਲ ਨੇਵੀ ਨੂੰ ਰੀਅਲ ਟਾਈਮ ਕਮਿਊਨੀਕੇਸ਼ਨ, ਨਿਗਰਾਨੀ ਤੇ ਰਣਨੀਤਿਕ ਕੰਟਰੋਲ 'ਚ ਕ੍ਰਾਂਤੀਕਾਰੀ ਤਬਦੀਲੀ ਦਾ ਲਾਭ ਮਿਲੇਗਾ ਅਤੇ ਉਸ ਦੀ ਤਾਕਤ ਵਧੇਗੀ। ਇਹ ਸੈਟੇਲਾਈਟ ਐੱਲ. ਵੀ. ਐੱਮ. 3-ਐੱਮ. 5 ਰਾਕੇਟ ਰਾਹੀਂ ਲਾਂਚ ਕੀਤਾ ਜਾਵੇਗਾ, ਜਿਸ ਨੂੰ ਇਸ ਦੀ ਭਾਰ



ਚੁੱਕਣ ਦੀ ਵੱਡੀ ਸਮਰੱਥਾ ਕਾਰਨ 'ਬਾਹੂਬਲੀ' ਨਾਂ ਦਿੱਤਾ ਗਿਆ ਹੈ। ਇਸਰੋ ਨੇ ਦੱਸਿਆ ਕਿ 4,000 ਕਿਲੋਗ੍ਰਾਮ ਤਕ ਭਾਰੀ ਪੇਲੋਡ ਲਿਜਾਣ ਦੀ ਸਮਰੱਥਾ ਕਾਰਨ 'ਬਾਹੂਬਲੀ' ਨਾਂ ਨਾਲ ਜਾਣਿਆ ਜਾਣ ਵਾਲਾ 43.5 ਮੀਟਰ ਲੰਮਾ ਇਹ ਵਾਹਨ 2 ਨਵੰਬਰ ਨੂੰ ਸ਼ਾਮ 5.26 ਵਜੇ 'ਤੇ ਲਾਂਚ ਹੋਇਆ। ਐੱਲ. ਵੀ. ਐੱਮ.-3 ਨੂੰ ਇਸਰੋ ਦੇ ਵਿਗਿਆਨੀ ਜੀਓਸਿੰਕ੍ਰੋਨਸ ਸੈਟੇਲਾਈਟ ਲਾਂਚ ਵਹੀਕਲ (ਜੀ. ਐੱਸ. ਐੱਲ. ਵੀ.) ਐੱਮ. ਕੇ. 3 ਵੀ ਕਹਿੰਦੇ ਹਨ। ਇਸਰੋ ਨੇ ਕਿਹਾ ਹੈ ਕਿ ਐੱਲ. ਵੀ. ਐੱਮ. 3-ਐੱਮ. 5 ਪੰਜਵੀਂ ਮੁਹਿੰਮ ਉਡਾਣ ਹੈ। ਐਤਵਾਰ ਦੇ ਮਿਸ਼ਨ ਦਾ ਮਨੋਰਥ ਇਹ ਹੈ ਕਿ ਮਲਟੀ ਬੈਂਡ ਸੰਚਾਰ ਉਪਗ੍ਰਹਿ ਸੀ. ਐੱਮ. ਐੱਸ.-03 ਭਾਰਤੀ ਇਲਾਕੇ ਸਮੇਤ ਇਕ ਵਿਸਤ੍ਰਿਤ ਸਮੁੰਦਰੀ ਖੇਤਰ 'ਚ ਸੇਵਾਵਾਂ ਮੁਹੱਈਆ ਕਰਵਾਏਗਾ। ਐੱਲ. ਵੀ. ਐੱਮ.-3 ਰਾਕੇਟ ਨੇ ਇਸ ਤੋਂ ਪਹਿਲਾਂ ਚੰਦਰਯਾਨ-3 ਦੀ ਸਫਲ ਲਾਂਚਿੰਗ ਕੀਤੀ ਸੀ, ਜਿਸ ਦੇ ਰਾਹੀਂ ਭਾਰਤ 2023 'ਚ ਚੰਨ ਦੇ ਦੱਖਣੀ ਧਰੁਵ ਦੇ ਨੇੜੇ ਸਫਲ ਢੰਗ ਨਾਲ ਉਤਰਨ ਵਾਲਾ ਪਹਿਲਾ ਦੇਸ਼ ਬਣ ਗਿਆ।

# ਸਾਈਬਰ ਸੈੱਲ ਦਾ ਇਕ ਹੋਰ ਵੱਡਾ ਕਦਮ, ਠੱਗਾਂ ਤੋਂ 25 ਲੋਕਾਂ ਦੇ ਪੈਸੇ ਕਰਵਾਏ ਵਾਪਸ

ਚੰਡੀਗੜ੍ਹ 2 ਨਵੰਬਰ। ਐੱਸ. ਐੱਸ. ਪੀ. ਬਟਾਲਾ ਸੁਹੈਲ ਕਾਸਿਮ ਮੀਰ ਐੱਸ. ਐੱਸ. ਪੀ. ਬਟਾਲਾ ਦੀ ਅਗਵਾਈ ਹੇਠ ਬਟਾਲਾ ਪੁਲਸ ਵੱਲੋਂ ਇਕ ਮੁਹਿੰਮ ਆਰੰਭ ਕੀਤੀ ਗਈ ਸੀ, ਜਿਸ ਤਹਿਤ ਲੋਕਾਂ ਦੇ ਚੋਰੀ ਜਾਂ ਗੁਆਚੇ ਹੋਏ ਮੋਬਾਈਲ ਲੱਭ ਕੇ ਪੁਲਸ ਨੇ ਉਨ੍ਹਾਂ ਦੇ ਹਵਾਲੇ ਕੀਤੇ ਸਨ ਅਤੇ ਲੋਕਾਂ ਵੱਲੋਂ ਪੁਲਸ ਦੇ ਇਸ ਕੰਮ ਦੀ ਭਰਪੂਰ ਸ਼ਲਾਘਾ ਵੀ ਕੀਤੀ ਗਈ ਸੀ। ਹੁਣ ਬਟਾਲਾ ਪੁਲਸ ਦੇ ਸਾਈਬਰ ਸੈੱਲ ਨੇ ਇਕ ਕਦਮ ਅਗਾਂਹ ਪੁੱਟਿਆ ਗਿਆ ਹੈ, ਜਿਸਦੇ ਚਲਦਿਆਂ ਹੁਣ ਲੋਕਾਂ ਦੇ ਉਹ ਵੀ ਪੈਸੇ ਵਾਪਸ ਹੋਣਗੇ, ਜੋ ਸਾਈਬਰ ਠੱਗਾਂ ਵੱਲੋਂ ਵੱਖ-ਵੱਖ ਤਰੀਕਿਆਂ ਨਾਲ ਲੋਕਾਂ ਕੋਲੋਂ ਠੱਗੇ ਲਏ ਜਾਂਦੇ ਹਨ। ਇਸ ਸਬੰਧੀ ਪ੍ਰੈੱਸ ਕਾਨਫਰੰਸ ਦੌਰਾਨ ਡੀ. ਐੱਸ. ਪੀ. ਰਾਜੇਸ਼ ਕੱਕੜ ਨੇ ਦੱਸਿਆ ਕਿ ਐੱਸ. ਐੱਸ. ਪੀ. ਸੁਹੈਲ ਕਾਸਿਮ ਮੀਰ ਅਤੇ ਐੱਸ. ਪੀ. ਇਨਵੈਸਟੀਗੇਸ਼ਨ ਗੁਰਪ੍ਰਤਾਪ ਸਿੰਘ ਸਹੋਤਾ ਦੇ ਨਿਰਦੇਸ਼ਾਂ 'ਤੇ ਐੱਸ. ਐੱਚ. ਓ. ਸਾਈਬਰ ਸੈੱਲ ਦੀ ਅਗਵਾਈ ਹੇਠ 'ਮੋਬਾਈਲ ਬੈਕ ਟੂ ਯੂਅਰ ਹੈਂਡ' ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਸੀ ਅਤੇ ਹੁਣ ਦੂਜਾ ਪ੍ਰੋਗਰਾਮ 'ਮਨੀ ਬੈਕ ਟੂ ਵਿਕਟਮ ਅਕਾਊਂਟ' ਸ਼ੁਰੂ ਕੀਤਾ ਗਿਆ ਹੈ, ਜਿਸ ਤਹਿਤ ਸਾਈਬਰ ਠੱਗਾਂ ਨੂੰ ਲੋਕ ਆਪਣੇ ਖਾਤੇ ਸਬੰਧੀ ਜਾਣਕਾਰੀ ਦੇ ਕੇ ਜਾਂ ਓ. ਟੀ. ਪੀ. ਦੇ ਦਿੰਦੇ ਸਨ, ਜਿਸ ਨਾਲ ਉਨ੍ਹਾਂ ਨਾਲ ਆਨਲਾਈਨ ਠੱਗੀ ਹੋ ਜਾਂਦੀ ਹੈ ਤਾਂ ਉਸ ਤਹਿਤ ਸਾਈਬਰ ਸੈੱਲ ਦੇ ਅਧਿਕਾਰੀਆਂ ਵਲੋਂ ਬੜੀ ਮਿਹਨਤ ਨਾਲ 25 ਅਜਿਹੇ ਲੋਕਾਂ ਦੇ 19 ਲੱਖ ਤੋਂ ਵੱਧ ਪੈਸੇ ਵਾਪਸ ਉਨ੍ਹਾਂ ਦੇ ਖਾਤੇ ਵਿਚ ਕੀਤੇ ਗਏ ਹਨ, ਜੋ ਵੱਖ ਵੱਖ ਢੰਗਾਂ ਨਾਲ ਸਾਈਬਰ ਠੱਗਾਂ ਦੀ ਠੱਗੀ ਦੇ ਸ਼ਿਕਾਰ ਹੋਏ ਸਨ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਕੋਈ ਤੁਹਾਡੇ ਕੋਲੋਂ ਤੁਹਾਡੇ ਖਾਤੇ ਦੀ ਜਾਣਕਾਰੀ ਮੰਗਦਾ ਹੈ ਜਾਂ ਓ.ਟੀ.ਪੀ ਮੰਗਦਾ ਹੈ ਤਾਂ ਉਸ ਨਾਲ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਸਾਂਝੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਅਜਿਹੀ ਮੁਹਿੰਮ ਭਵਿੱਖ ਵਿਚ ਵੀ ਜਾਰੀ ਰਹੇਗੀ। ਡੀ. ਐੱਸ. ਪੀ. ਕੱਕੜ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਤੁਹਾਨੂੰ ਕੋਈ ਸੀ. ਬੀ. ਆਈ, ਪੁਲਸ ਜਾਂ ਹੋਰ ਅਧਿਕਾਰੀ ਦੱਸਦਿਆਂ ਡਰਾਵਾ ਦੇ ਕੇ ਪੈਸਿਆਂ ਦੀ ਮੰਗ ਕਰਦਾ ਹੈ ਤਾਂ ਉਸ ਦੀ ਹੈਲਪਾਈਨ ਨੰਬਰ 1930 'ਤੇ ਕੰਪਲੇਂਟ ਕਰੋ ਜਾਂ ਸਿੱਧੇ ਤੌਰ 'ਤੇ ਥਾਣਾ ਸਾਈਬ ਸੈੱਲ ਬਟਾਲਾ ਵਿਖੇ ਆ ਕੇ ਸ਼ਿਕਾਇਤ ਦਰਜ ਕਰਵਾਓ। ਇਸ ਤੋਂ ਇਲਾਵਾ ਜੇਕਰ ਕੋਈ ਕੋਰੀਅਰ ਰਾਹੀਂ ਜਾਂ ਲਿੰਕ ਡਾਊਨਲੋਡ ਕਰਨ ਦੇ ਨਾਂ 'ਤੇ ਪੈਸਿਆਂ ਦੀ ਮੰਗ ਕਰਦਾ ਹੈ ਤਾਂ ਉਸ ਨੂੰ ਪੈਸੇ ਨਾ ਟਰਾਂਸਫਰ ਕੀਤੇ ਜਾਣ। ਬਟਾਲਾ ਪੁਲਸ ਦੀ ਸਥਾਨਕ ਲੋਕਾਂ ਵਲੋਂ ਵੀ ਪ੍ਰਸ਼ੰਸਾ ਕੀਤੀ ਗਈ ਹੈ ਅਤੇ ਕਿਹਾ ਗਿਆ ਹੈ ਕਿ ਸਾਨੂੰ ਉਮੀਦ ਨਹੀਂ ਸੀ ਕਿ ਸਾਡੇ ਪੈਸੇ ਵਾਪਸ ਮੁੜਨਗੇ, ਪਰ ਬਟਾਲਾ ਪੁਲਸ ਸਮੇਤ ਐੱਸ.ਐੱਸ.ਪੀ ਬਟਾਲਾ ਦੀ ਉਹ ਜ਼ੋਰਦਾਰ ਸ਼ਲਾਘਾ ਕਰਦੇ ਹਨ, ਜਿੰਨ੍ਹਾਂ ਨੇ ਸਾਡੇ ਪੈਸੇ ਵਾਪਸ ਕਰਵਾ ਕੇ ਵਧੀਆ ਕੰਮ ਕੀਤਾ ਹੈ।

# ਮਾਨ ਸਰਕਾਰ ਦੀ 'ਜ਼ੀਰੋ ਬਿੱਲ' ਗਾਰੰਟੀ ਨੇ ਪੰਜਾਬ ਕੀਤਾ ਰੌਸ਼ਨ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ 2 ਨਵੰਬਰ। ਪੰਜਾਬ ਅੱਜ ਪ੍ਰਸ਼ਾਸਨ ਦੇ ਇੱਕ ਅਜਿਹੇ ਮਾਡਲ ਦਾ ਗਵਾਹ ਬਣ ਰਿਹਾ ਹੈ, ਜਿਸ ਨੇ ਆਮ ਆਦਮੀ ਦੇ ਜੀਵਨ ਤੋਂ ਇੱਕ ਵੱਡੇ ਵਿੱਤੀ ਬੋਝ ਨੂੰ ਹਮੇਸ਼ਾ ਲਈ ਖ਼ਤਮ ਕਰ ਦਿੱਤਾ ਹੈ। ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਲਾਗੂ ਕੀਤੀ ਗਈ 'ਜ਼ੀਰੋ ਬਿਜਲੀ ਬਿੱਲ' ਦੀ ਗਾਰੰਟੀ ਸਿਰਫ਼ ਇੱਕ ਚੋਣ ਵਾਅਦਾ ਨਹੀਂ, ਸਗੋਂ ਇੱਕ ਕ੍ਰਾਂਤੀਕਾਰੀ ਕਦਮ ਸਾਬਿਤ ਹੋਈ ਹੈ। ਇਹ ਉਹ ਗਾਰੰਟੀ ਹੈ ਜਿਸ ਨੇ ਸੂਬੇ ਦੇ ਲੱਖਾਂ ਪਰਿਵਾਰਾਂ ਦੇ ਘਰਾਂ ਨੂੰ ਸਹੀ ਅਰਥਾਂ ਵਿੱਚ ਰੌਸ਼ਨ ਕੀਤਾ ਹੈ। ਪਿਛਲੀਆਂ ਸਰਕਾਰਾਂ ਦੇ ਖੋਖਲੇ ਵਾਅਦਿਆਂ ਅਤੇ ਮਹਿੰਗੀ ਬਿਜਲੀ ਦੇ ਦੌਰ ਨੂੰ ਪਿੱਛੇ ਛੱਡਦੇ ਹੋਏ, ਮੌਜੂਦਾ ਸਰਕਾਰ ਨੇ ਇਹ ਸਾਬਿਤ ਕਰ ਦਿੱਤਾ ਹੈ ਕਿ ਜੇ ਨੀਤੀ ਅਤੇ ਨੀਅਤ ਸਾਫ਼ ਹੋਵੇ, ਤਾਂ ਜਨਤਾ ਨੂੰ ਸਿੱਧੀ ਰਾਹਤ ਪਹੁੰਚਾਉਣਾ ਅਸੰਭਵ ਨਹੀਂ ਹੈ। ਇਸ ਯੋਜਨਾ ਦੀ ਸਫਲਤਾ ਦਾ ਸਭ ਤੋਂ ਵੱਡਾ ਸਬੂਤ ਇਹ ਹੈ ਕਿ ਅੱਜ ਪੰਜਾਬ ਦੇ 90 ਪ੍ਰਤੀਸ਼ਤ ਪਰਿਵਾਰ 'ਜ਼ੀਰੋ ਬਿਜਲੀ ਬਿੱਲ' ਦਾ ਲਾਭ ਉਠਾ ਰਹੇ ਹਨ। ਇਹ ਕੋਈ ਛੋਟਾ ਅੰਕੜਾ ਨਹੀਂ, ਸਗੋਂ ਸੂਬੇ ਦੀ ਇੱਕ ਵਿਸ਼ਾਲ ਆਬਾਦੀ ਨੂੰ ਮਿਲੀ ਸਿੱਧੀ ਰਾਹਤ ਹੈ। ਇਕੱਲੇ ਅਗਸਤ-ਸਤੰਬਰ 2025 ਦੇ ਇੱਕ ਬਿਲਿੰਗ ਚੱਕਰ ਵਿੱਚ ਹੀ 73,87,460 ਪਰਿਵਾਰਾਂ ਦੇ ਬਿਜਲੀ ਬਿੱਲ ਜ਼ੀਰੋ ਆਏ। ਇਹ ਅਦੁੱਤੀ ਪ੍ਰਾਪਤੀ ਦਰਸਾਉਂਦੀ ਹੈ ਕਿ ਸਰਕਾਰ ਦੀ ਇਹ ਭਲਾਈ ਯੋਜਨਾ ਸਮਾਜ ਦੇ ਹਰ ਵਰਗ ਤੱਕ ਪਹੁੰਚ ਰਹੀ ਹੈ, ਜਿਸ ਨਾਲ ਲੋਕਾਂ ਨੂੰ ਹਰ ਮਹੀਨੇ 1500 ਰੁਪਏ ਤੋਂ 2000 ਰੁਪਏ ਤੱਕ ਦੀ ਸਿੱਧੀ ਬੱਚਤ ਹੋ ਰਹੀ ਹੈ, ਜਿਸ ਦੀ ਵਰਤੋਂ ਉਹ ਆਪਣੇ ਬੱਚਿਆਂ ਦੀ ਸਿੱਖਿਆ ਅਤੇ ਪਰਿਵਾਰ ਦੀਆਂ ਹੋਰ ਜ਼ਰੂਰਤਾਂ 'ਤੇ ਕਰ ਰਹੇ ਹਨ। ਅੰਕੜੇ ਇਸ ਇਤਿਹਾਸਕ ਸਫਲਤਾ ਦੀ ਕਹਾਣੀ ਖ਼ੁਦ ਬਿਆਨ ਕਰਦੇ ਹਨ। ਜਦੋਂ ਤੋਂ ਇਹ ਯੋਜਨਾ ਜੁਲਾਈ 2022 ਵਿੱਚ ਲਾਗੂ ਹੋਈ ਹੈ, ਉਦੋਂ ਤੋਂ ਲੈ ਕੇ 31 ਅਕਤੂਬਰ 2025 ਤੱਕ, ਪੰਜਾਬ ਸਰਕਾਰ ਨੇ ਕੁੱਲ 11,39,43,344 (ਭਾਵ ਲਗਭਗ 11.40 ਕਰੋੜ) 'ਜ਼ੀਰੋ ਬਿਜਲੀ ਬਿੱਲ' ਜਾਰੀ ਕੀਤੇ ਹਨ। ਇਸ ਦੇ ਨਾਲ ਹੀ, ਕੁੱਲ 13,46,32,343 (13.46 ਕਰੋੜ ਤੋਂ ਵੱਧ) ਖਪਤਕਾਰਾਂ ਨੇ ਸਬਸਿਡੀ ਵਾਲੀ ਬਿਜਲੀ ਦਾ ਲਾਭ ਉਠਾਇਆ ਹੈ। ਇਹ ਵਿਸ਼ਾਲ ਗਿਣਤੀ ਪਿਛਲੀਆਂ ਸਰਕਾਰਾਂ ਦੀਆਂ ਅਸਫਲਤਾਵਾਂ 'ਤੇ ਇੱਕ ਕਰਾਰਾ ਵਾਰ ਹੈ, ਜੋ ਦਹਾਕਿਆਂ ਤੱਕ ਜਨਤਾ ਨੂੰ ਅਜਿਹੀ ਬੁਨਿਆਦੀ ਰਾਹਤ ਦੇਣ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀਆਂ। ਅੱਜ ਜਦੋਂ 90 ਫੀਸਦੀ ਪੰਜਾਬੀਆਂ ਦੇ ਬਿੱਲ ਜ਼ੀਰੋ ਆ ਰਹੇ ਹਨ, ਤਾਂ ਇਹ ਸਵਾਲ ਉੱਠਣਾ ਲਾਜ਼ਮੀ ਹੈ ਕਿ ਪਿਛਲੀਆਂ ਸਰਕਾਰਾਂ ਅਜਿਹਾ ਕਿਉਂ ਨਹੀਂ ਕਰ ਸਕੀਆਂ? ਸੱਚ ਤਾਂ ਇਹ ਹੈ ਕਿ ਉਨ੍ਹਾਂ ਵਿੱਚ ਨਾ ਤਾਂ ਰਾਜਨੀਤਿਕ ਇੱਛਾ ਸ਼ਕਤੀ ਸੀ ਅਤੇ ਨਾ ਹੀ ਜਨਤਾ-ਸਮਰਥਕ ਨੀਤੀਆਂ ਬਣਾਉਣ ਦਾ ਵਿਜ਼ਨ। ਉਨ੍ਹਾਂ ਲਈ ਜਨਤਾ ਸਿਰਫ਼ ਇੱਕ 'ਵੋਟ ਬੈਂਕ' ਸੀ, ਜਿਸ ਨੂੰ ਚੋਣਾਂ ਦੇ ਸਮੇਂ ਲਾਲੀਪੌਪ ਫੜਾ ਦਿੱਤਾ ਜਾਂਦਾ ਸੀ। ਪੰਜਾਬ ਦੇ ਖਜ਼ਾਨੇ ਨੂੰ ਲੁੱਟਣ ਅਤੇ ਆਪਣੇ ਨਿੱਜੀ ਹਿੱਤਾਂ ਨੂੰ ਪੂਰਾ ਕਰਨ ਵਿੱਚ ਲੱਗੀਆਂ ਰਹੀਆਂ ਪਿਛਲੀਆਂ ਸਰਕਾਰਾਂ ਨੇ ਕਦੇ ਵੀ ਆਮ ਆਦਮੀ ਦੇ ਬਿਜਲੀ ਬਿੱਲ ਦੇ ਬੋਝ ਨੂੰ ਘੱਟ ਕਰਨ ਦੀ ਗੰਭੀਰਤਾ ਨਾਲ ਕੋਸ਼ਿਸ਼ ਨਹੀਂ ਕੀਤੀ। ਉਨ੍ਹਾਂ ਦੀ ਤਰਜੀਹ ਪੰਜਾਬ ਨਹੀਂ, ਸਗੋਂ ਆਪਣੇ ਰਾਜਨੀਤਿਕ ਆਕਾਵਾਂ ਨੂੰ ਖੁਸ਼ ਕਰਨਾ ਸੀ। ਮੌਜੂਦਾ ਸਰਕਾਰ ਦਾ ਇਹ ਕਦਮ 'ਰੌਸ਼ਨ ਪੰਜਾਬ' ਮਿਸ਼ਨ ਦਾ ਇੱਕ ਮਹੱਤਵਪੂਰਨ ਥੰਮ?ਹ ਹੈ। ਇਹ ਮਿਸ਼ਨ ਸਿਰਫ਼ ਘਰਾਂ ਨੂੰ ਰੌਸ਼ਨ ਕਰਨ ਤੱਕ ਸੀਮਤ ਨਹੀਂ ਹੈ, ਸਗੋਂ ਇਹ ਪੰਜਾਬ ਦੀ ਰੀੜ੍ਹ ਦੀ ਹੱਡੀ, ਭਾਵ 'ਅੰਨਦਾਤਾ' ਨੂੰ ਵੀ ਮਜ਼ਬੂਤ ਕਰ ਰਿਹਾ ਹੈ। ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਪੰਜਾਬ ਦੇ 13.50 ਲੱਖ (ਸਾਢੇ ਤੇਰਾਂ ਲੱਖ) ਕਿਸਾਨਾਂ ਨੂੰ ਖੇਤੀ ਲਈ ਮੁਫ਼ਤ ਬਿਜਲੀ ਮਿਲਦੀ ਰਹੇ। ਇਹ ਕਦਮ ਕਿਸਾਨਾਂ ਦੀ ਇਨਪੁਟ ਲਾਗਤ ਨੂੰ ਘੱਟ ਕਰਦਾ ਹੈ, ਉਨ੍ਹਾਂ ਦੀ ਆਮਦਨ ਵਧਾਉਣ ਵਿੱਚ ਮਦਦ ਕਰਦਾ ਹੈ ਅਤੇ ਪੰਜਾਬ ਦੇ ਖੇਤੀਬਾੜੀ ਖੇਤਰ ਨੂੰ ਮਜ਼ਬੂਤ ਬਣਾ ਕੇ ਦੇਸ਼ ਦੀ ਖੁਰਾਕ ਸੁਰੱਖਿਆ ਯਕੀਨੀ ਬਣਾਉਂਦਾ ਹੈ। ਇਹ ਪਿਛਲੀਆਂ ਸਰਕਾਰਾਂ ਦੇ ਕਿਸਾਨ-ਵਿਰੋਧੀ ਰਵੱਈਏ ਦੇ ਬਿਲਕੁਲ ਉਲਟ ਹੈ। ਇਹ ਕੋਈ ਇੱਕ ਵਾਰ ਦੀ ਰਾਹਤ ਨਹੀਂ ਹੈ, ਸਗੋਂ ਸਰਕਾਰ ਦੀ ਇੱਕ ਮਜ਼ਬੂਤ ਨੀਤੀ ਦਾ ਨਤੀਜਾ ਹੈ, ਜੋ ਹਰ ਸਾਲ ਲਗਾਤਾਰ ਲੋਕਾਂ ਤੱਕ ਪਹੁੰਚ ਰਹੀ ਹੈ। ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ: ਵਿੱਤੀ ਸਾਲ 2023-24 ਵਿੱਚ, ਕੁੱਲ 3,59,59,088 (ਲਗਭਗ



3.60 ਕਰੋੜ) 'ਜ਼ੀਰੋ ਬਿੱਲ' ਜਾਰੀ ਕੀਤੇ ਗਏ। ਵਿੱਤੀ ਸਾਲ 2024-25 ਵਿੱਚ ਵੀ ਇਹ ਸਿਲਸਿਲਾ ਜਾਰੀ ਰਿਹਾ ਅਤੇ 3,45,77,832 (ਲਗਭਗ 3.46 ਕਰੋੜ) 'ਜ਼ੀਰੋ ਬਿੱਲ' ਦਿੱਤੇ ਗਏ। ਇਹ ਨਿਰੰਤਰਤਾ ਸਾਬਿਤ ਕਰਦੀ ਹੈ ਕਿ ਸਰਕਾਰ ਕੋਲ ਨਾ ਸਿਰਫ਼ ਵਿਜ਼ਨ ਹੈ, ਸਗੋਂ ਉਸ ਨੂੰ ਜ਼ਮੀਨ 'ਤੇ ਉਤਾਰਨ ਲਈ ਇੱਕ ਮਜ਼ਬੂਤ ਵਿੱਤੀ ਪ੍ਰਬੰਧਨ ਵੀ ਹੈ। ਇਹ ਯੋਜਨਾ ਸਿਰਫ਼ 'ਮੁਫ਼ਤ' ਨਹੀਂ ਹੈ, ਸਗੋਂ ਇੱਕ 'ਸਮਾਰਟ' ਅਤੇ ਸੋਚੀ-ਸਮਝੀ ਨੀਤੀ ਹੈ। 600 ਯੂਨਿਟ ਤੱਕ ਦੀ ਖਪਤ 'ਤੇ ਬਿੱਲ ਸਿਫ਼ਰ ਆਉਂਦਾ ਹੈ, ਜਿਸ ਦਾ ਮਤਲਬ ਹੈ ਕਿ ਖਪਤਕਾਰਾਂ ਨੂੰ ਨਾ ਸਿਰਫ਼ ਬਿਜਲੀ ਦੀ ਕੀਮਤ, ਸਗੋਂ ਫਿਕਸਡ ਚਾਰਜ, ਮੀਟਰ ਰੈਂਟ ਜਾਂ ਕਿਸੇ ਵੀ ਹੋਰ ਟੈਕਸ ਦਾ ਭੁਗਤਾਨ ਵੀ ਨਹੀਂ ਕਰਨਾ ਪੈਂਦਾ। ਇਸ ਤੋਂ ਇਲਾਵਾ, ਸਮਾਜ ਦੇ ਕਮਜ਼ੋਰ ਵਰਗਾਂ ਲਈ ਇੱਕ ਸੇਫਟੀ ਨੈੱਟ ਵੀ ਹੈ – ਜੇ ਉਨ੍ਹਾਂ ਦੀ ਖਪਤ 600 ਯੂਨਿਟ ਤੋਂ ਵੱਧ ਹੁੰਦੀ ਹੈ, ਤਾਂ ਉਨ੍ਹਾਂ ਨੂੰ ਸਿਰਫ਼ ਵਾਧੂ ਯੂਨਿਟ ਦਾ ਹੀ ਭੁਗਤਾਨ ਕਰਨਾ ਪੈਂਦਾ ਹੈ। ਇਹ ਦਿਖਾਉਂਦਾ ਹੈ ਕਿ ਸਰਕਾਰ ਨੇ ਹਰ ਪਹਿਲੂ ਦਾ ਧਿਆਨ ਰੱਖਿਆ ਹੈ। ਇਹ ਅੰਕੜੇ – 11.40 ਕਰੋੜ 'ਜ਼ੀਰੋ ਬਿੱਲ', 90 ਫੀਸਦੀ ਘਰਾਂ ਨੂੰ ਰਾਹਤ, 73.87 ਲੱਖ ਪਰਿਵਾਰ ਅਤੇ 13.50 ਲੱਖ ਕਿਸਾਨ – ਇਹ ਸਪੱਸ਼ਟ ਕਰਦੇ ਹਨ ਕਿ ਪੰਜਾਬ ਵਿੱਚ ਪ੍ਰਸ਼ਾਸਨ ਦਾ ਇੱਕ ਨਵਾਂ ਯੁੱਗ ਸ਼ੁਰੂ ਹੋ ਚੁੱਕਾ ਹੈ। ਇਹ 'ਪੰਜਾਬ ਮਾਡਲ' ਹੈ, ਜੋ ਖੋਖਲੇ ਵਾਅਦਿਆਂ 'ਤੇ ਨਹੀਂ, ਸਗੋਂ ਠੋਸ 'ਗਾਰੰਟੀ' 'ਤੇ ਆਧਾਰਿਤ ਹੈ। ਭਗਵੰਤ ਮਾਨ ਸਰਕਾਰ ਨੇ ਪੰਜਾਬ ਨੂੰ ਪਿਛਲੀਆਂ ਸਰਕਾਰਾਂ ਦੇ ਹਨੇਰੇ ਕੁਸ਼ਾਸਨ ਤੋਂ ਕੱਢ ਕੇ 'ਰੌਸ਼ਨ ਪੰਜਾਬ' ਦੀ ਰਾਹ 'ਤੇ ਪਾ ਦਿੱਤਾ ਹੈ, ਜਿੱਥੇ ਹਰ ਆਮ ਨਾਗਰਿਕ ਖ਼ੁਦ ਨੂੰ ਸਸ਼ਕਤ ਅਤੇ ਸਨਮਾਨਿਤ ਮਹਿਸੂਸ ਕਰ ਰਿਹਾ ਹੈ।

# ਜਲੰਧਰ ਦਿਹਾਤੀ ਪੁਲਸ ਨੇ 4030 ਲੀਟਰ ਜਹਿਰੀਲੀ ਸਰਾਬ ਕੀਤੀ ਜਬਤ

ਨਕੋਦਰ 2 ਨਵੰਬਰ। ਮਹਿਤਪੁਰ ਪੁਲਸ ਸਟੇਸਨ ਦੇ ਅਧਿਕਾਰ ਖੇਤਰ ਅਧੀਨ ਜਲੰਧਰ ਦਿਹਾਤੀ ਪੁਲਸ ਨੇ ਮਹਿਤਪੁਰ ਦੀ ਹਵੇਲੀ ਟਾਵਰ ਕਾਲੋਨੀ ਵਿੱਚ ਇਕ ਅਸਥਾਈ ਗੈਰ-ਕਾਨੂੰਨੀ ਉਤਪਾਦਨ ਯੂਨਿਟ ਤੋਂ 4030 ਲੀਟਰ ਜਹਿਰੀਲੀ ਰਸਾਇਣਕ-ਅਧਾਰਤ ਸਰਾਬ ਬਰਾਮਦ ਕੀਤੀ ਹੈ। ਇਹ ਕਾਰਵਾਈ ਐੱਸ. ਪੀ. ਇਨਵੈਸਟੀਗੇਸਨ ਜਸਰੂਪ ਕੌਰ ਬਾਠ ਦੇ ਨਿਰਦੇਸਾਂ ‘ਤੇ ਸੁਰੂ ਕੀਤੀ ਗਈ ਸਮਾਜ ਵਿਰੋਧੀ ਅਨਸਰਾਂ ਅਤੇ ਨਸੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਚੱਲ ਰਹੀ ਮੁਹਿੰਮ ਤਹਿਤ ਕੀਤੀ ਗਈ ਸੀ। ਇਸ ਕਾਰਵਾਈ ਦੀ ਅਗਵਾਈ ਡੀ. ਐੱਸ. ਪੀ. ਸਾਹਕੋਟ ਓਂਕਾਰ ਸਿੰਘ ਬਰਾੜ, ਇੰਸਪੈਕਟਰ ਸੁਖਦੇਵ ਸਿੰਘ, ਐੱਸ. ਐੱਚ. ਓ. ਮਹਿਤਪੁਰ ਅਤੇ ਉਨ੍ਹਾਂ ਦੀ ਟੀਮ ਨੇ ਕੀਤੀ ਹੈ। ਮੀਡੀਆ ਨਾਲ ਗੱਲ ਕਰਦੇ ਹੋਏ ਸੀਨੀਅਰ ਪੁਲਸ, ਕਪਤਾਨ ਹਰਕਮਲ ਪ੍ਰੀਤ ਸਿੰਘ ਖੱਖ ਨੇ ਕਿਹਾ ਕਿ ਮਹਿਤਪੁਰ ਵਿੱਚ ਇਕ ਹਫਤੇ ਚੱਲੇ ਆਪ੍ਰੇਸਨ ਦੌਰਾਨ ਪੁਲਸ ਨੇ ਬਦਨਾਮ ਤਸਕਰਾਂ ਨਿਰਮਲ ਸਿੰਘ ਉਰਫ ਨਿੰਮਾ, ਜਸਪਾਲ ਸਿੰਘ ਉਰਫ ਪਾਲੀ ਅਤੇ ਜਸਵਿੰਦਰ ਕੌਰ ਦੀਆਂ ਗਤੀਵਿਧੀਆਂ ‘ਤੇ ਨਜਰ ਰੱਖ ਰਹੀ ਸੀ। ਪਹਿਲਾਂ ਕੀਤੀ ਗਈ ਇਕ ਛਾਪੇਮਾਰੀ ਵਿੱਚ, ਉਨ੍ਹਾਂ ਦੇ ਕਬਜੇ ਵਿੱਚੋਂ 68 ਕਿਲੋਗ੍ਰਾਮ ਕੁਚਲੀ ਭੁੱਕੀ ਅਤੇ 150 ਲੀਟਰ ਰਸਾਇਣਕ ਸਰਾਬ ਬਰਾਮਦ ਕੀਤੀ ਗਈ ਸੀ। ਖੁਫੀਆ ਜਾਣਕਾਰੀ ਦੇ ਆਧਾਰ ‘ਤੇ ਹਵੇਲੀ ਟਾਵਰ ਕਾਲੋਨੀ, ਮਹਿਤਪੁਰ ਵਿਖੇ ਝਿਲਮਨ ਸਿੰਘ ਉਰਫ ਨਿੰਮਾ ਨਾਲ ਸਬੰਧਤ ਅਹਾਤੇ ‘ਤੇ ਛਾਪਾ ਮਾਰਿਆ ਗਿਆ। ਪੁਲਸ ਨੇ ਸਰਾਬ ਦੇ ਉਤਪਾਦਨ ਲਈ ਵਰਤੇ ਜਾਣ ਵਾਲੇ ਜਹਿਰੀਲੇ ਰਸਾਇਣਾਂ ਦੇ ਲੁਕਵੇਂ ਭੰਡਾਰਨ ਨਾਲ




ਸਬੰਧਤ ਇਕ ਵੱਡੇ ਪੱਧਰ ‘ਤੇ ਕਾਰਵਾਈ ਦਾ ਪਰਦਾਫਾਸ ਕੀਤਾ। ਫਰਸ ਦੇ ਹੇਠਾਂ ਲੁਕੇ ਹੋਏ ਦੋ 1000 ਲੀਟਰ ਪਲਾਸਟਿਕ ਟੈਂਕ ਮਿਲੇ, ਜਿਨ੍ਹਾਂ ਦਾ ਪਤਾ ਇਕ ਭੂਮੀਗਤ ਪੰਪ ਸਿਸਟਮ ਨਾਲ ਬਿਜਲੀ ਦੀਆਂ ਤਾਰਾਂ ਦੀ ਪਾਲਣਾ ਕਰਕੇ ਲਗਾਇਆ ਗਿਆ। ਵਾਧੂ ਬਰਾਮਦਗੀਆਂ ਵਿਚ 30 ਰਸਾਇਣਾਂ ਨਾਲ ਭਰੇ ਪਲਾਸਟਿਕ ਬੈਗ, ਦੋ 200 ਲੀਟਰ ਪਲਾਸਟਿਕ ਡਰੱਮ, ਇੱਕ 500-ਲੀਟਰ ਪਲਾਸਟਿਕ ਟੈਂਕ, ਬਾਲਟੀਆਂ, ਪਲਾਸਟਿਕ ਦੇ ਲਿਫਾਫੇ ਅਤੇ ਹੋਰ ਪੈਕਿੰਗ ਸਮੱਗਰੀ ਸਾਮਲ ਹੈ। ਕੁੱਲ੍ਹ ਜਬਤ ਕੀਤੀ ਗਈ 4030 ਲੀਟਰ ਜਹਿਰੀਲੀ ਸਰਾਬ ਅਤੇ ਰਸਾਇਣ ਸਨ, ਜੋ ਕਿ ਖੇਤਰ ਵਿੱਚ ਗੈਰ-ਕਾਨੂੰਨੀ ਸਰਾਬ ਦੇ ਵਪਾਰ ਨੂੰ ਇੱਕ ਵੱਡਾ ਝਟਕਾ ਹੈ। ਜਾਂਚ ਤੋਂ ਪਤਾ ਲੱਗਾ ਹੈ ਕਿ ਝਿਲਮਨ ਸਿੰਘ ਉਰਫ ਨਿੰਮਾ ਦੀ ਅਗਵਾਈ ਵਾਲੇ ਤਸਕਰ ਨੈੱਟਵਰਕ ਨੇ ਸਾਥੀਆਂ ਜਸਪਾਲ ਸਿੰਘ ਉਰਫ ਪਾਲੀ ਅਤੇ ਗੁਰਦੀਪ ਸਿੰਘ ਉਰਫ ਦੀਪਾ ਦੀ ਮਦਦ ਨਾਲ ਰਸਾਇਣਾਂ ਨਾਲ ਭਰੀ ਸਰਾਬ ਦਾ ਸਰਗਰਮੀ ਨਾਲ ਉਤਪਾਦਨ ਅਤੇ ਵੰਡ ਕੀਤੀ। ਰਸਾਇਣਾਂ ਨੂੰ ਇਕ ਸਪਲਾਈ ਚੇਨ ਰਾਹੀਂ ਪ੍ਰਾਪਤ ਕੀਤਾ ਜਾਂਦਾ ਸੀ ਅਤੇ ਖੇਤਰ ਦੇ ਹੋਰ ਤਸਕਰਾਂ ਨੂੰ ਪ੍ਰਚੂਨ ਕੀਤਾ ਜਾਂਦਾ ਸੀ। ਮੁਲਜਮਾਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਸੱਕੀਆਂ ਨੂੰ ਫੜਨ ਲਈ ਛਾਪੇ ਮਾਰੇ ਜਾ ਰਹੇ ਹਨ, ਜੋ ਆਪਣੇ ਪਰਿਵਾਰਾਂ ਨਾਲ ਇਲਾਕੇ ਤੋਂ ਭੱਜ ਗਏ ਸਨ। ਉਨ੍ਹਾਂ ਦੀ ਗ੍ਰਿਫਤਾਰੀ ਨੂੰ ਯਕੀਨੀ ਬਣਾਉਣ ਲਈ ਵਿਸੇਸ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਐੱਸ. ਐੱਸ. ਪੀ. ਖੱਖ ਨੇ ਭਰੋਸਾ ਦਿਵਾਇਆ ਕਿ ਜਲੰਧਰ ਦਿਹਾਤੀ ਪੁਲਸ ਗੈਰ-ਕਾਨੂੰਨੀ ਸਰਾਬ ਉਤਪਾਦਨ ਨੂੰ ਖਤਮ ਕਰਨ ਲਈ ਵਚਨਬੱਧ ਹੈ ਅਤੇ ਇਸ ਵਿੱਚ ਸਾਮਲ ਲੋਕਾਂ ਵਿਰੁੱਧ ਸਖਤ ਕਾਰਵਾਈ ਕਰੇਗੀ। ਇਸ ਕਾਰਵਾਈ ਨਾਲ ਜੁੜੇ ਰਸਾਇਣਕ ਸਪਲਾਇਰਾਂ ਅਤੇ ਫੈਕਟਰੀ ਸੰਚਾਲਕਾਂ ਨੂੰ ਵੀ ਕਾਨੂੰਨੀ ਕਾਰਵਾਈ ਦਾ ਨਿਸਾਨਾ ਬਣਾਇਆ ਜਾਵੇਗਾ। ਖੱਖ ਨੇ ਕਿਹਾ ਕਿ ਜਲੰਧਰ ਦਿਹਾਤੀ ਵਿੱਚ ਸਮਾਜ ਵਿਰੋਧੀ ਅਨਸਰਾਂ ਨੂੰ ਵਧਣ-ਫੁੱਲਣ ਦੀ ਇਜਾਜਤ ਨਹੀਂ ਦਿੱਤੀ ਜਾਵੇਗੀ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸਾਮਲ ਸਾਰੇ ਲੋਕਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

## ਖੂਨ ਹੋਇਆ ਪਾਣੀ ! ਪਰਿਵਾਰ ਨੇ ਚੜ੍ਹਦੀ ਜਵਾਨੀ ‘ਚ ਧੀ ਨੂੰ ਦਿੱਤੀ ਦਰਦਨਾਕ ਮੌਤ

ਲਹਿਰਾਗਾਗਾ 2 ਨਵੰਬਰ। ਪਿੰਡ ਰਾਮਪੁਰਾ ਜਵਾਹਰਵਾਲਾ ਵਿਖੇ ਪਰਿਵਾਰ ’ਚ ਕਿਸੇ ਗੱਲ ਨੂੰ ਲੈ ਕੇ ਹੋਈ ਲੜਾਈ ’ਚ ਚਾਚੇ ਵੱਲੋਂ ਆਪਣੀ ਹੀ ਭਤੀਜੀ ਦਾ ਕਤਲ ਕਰ ਦਿੱਤਾ ਗਿਆ। ਮ੍ਰਿਤਕ ਲੜਕੀ ਦੀ ਪਛਾਣ ਕੁੰਤੀ ਦੇਵੀ (21 ਸਾਲ) ਵਜੋਂ ਹੋਈ ਹੈ। ਪੁਲਸ ਨੇ ਮ੍ਰਿਤਕ ਲੜਕੀ ਦੀ ਮਾਂ



ਮੌਸਮਾ ਪਤਨੀ ਬੱਲੀ ਸਿੰਘ ਦੇ ਬਿਆਨਾਂ ’ਤੇ ਮ੍ਰਿਤਕ ਦੇ ਦਾਦਾ ਸਰਬਣ ਸਿੰਘ, ਦਾਦੀ ਮੁਰਲੀ, ਚਾਚੇ ਰਾਮਫਲ ਸਿੰਘ ਅਤੇ ਕਸਮੀਰ ਸਿੰਘ ਖਿਲਾਫ ਕਤਲ ਦਾ ਮੁਕੱਦਮਾ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਲੜਕੀ ਦੀ ਮਾਂ ਮੌਸਮਾ ਨੇ ਪੁਲਸ ਕੋਲ ਬਿਆਨ ਦਰਜ ਕਰਵਾਇਆ ਹੈ ਕਿ ਉਹ ਰਾਤ ਸਮੇਂ ਆਪਣੇ ਪੁੱਤਰ ਸਨੀਲ ਕੁਮਾਰ ਅਤੇ ਲੜਕੀ ਕੁੰਤੀ ਦੇਵੀ ਨਾਲ ਘਰ ’ਚ ਮੌਜੂਦ ਸੀ ਤਾਂ ਉਕਤ ਵਿਅਕਤੀਆਂ ਨੇ ਉਨ੍ਹਾਂ ਦੇ ਕਰ ਦਾਖਲ ਹੋ ਕੇ ਉਨ੍ਹਾਂ ਉੱਪਰ ਇੱਟਾਂ-ਰੋੜੇ ਮਾਰਨੇ ਸੁਰੂ ਕਰ ਦਿੱਤੇ। ਸਹੁਰੇ ਸਰਵਨ ਸਿੰਘ ਅਤੇ ਚਾਚੇ ਕਸਮੀਰ ਸਿੰਘ ਹੋਰਾਂ ਨੇ ਲੜਕੀ ਕੁੰਤੀ ਦੀ ਛਾਤੀ ਉੱਪਰ ਇੱਟਾਂ ਮਾਰੀਆਂ। ਉਸ ਨੇ ਆਪਣੀ ਲੜਕੀ ਨੂੰ ਛੁਡਵਾਉਣ ਦੀ ਕੋਸ?ਿਸ ਕੀਤੀ। ਰੌਲਾ ਪਾਉਣ ਮਗਰੋਂ ਉਕਤ ਵਿਅਕਤੀ ਘਟਨਾ ਸਥਾਨ ਤੋਂ ਫਰਾਰ ਹੋ ਗਏ। ਗੰਭੀਰ ਹਾਲਤ ’ਚ ਕੁੰਤੀ ਨੂੰ ਸਿਵਲ ਹਸਪਤਾਲ ਲਹਿਰਾਗਾਗਾ ਵਿਖੇ ਇਲਾਜ ਲਈ ਲਿਆਉਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

## ਜੋਧਪੁਰ ‘ਚ 50 ਹਜਾਰ ਦੇ ਇਨਾਮੀ ਲਾਦੇਨ ਸਮੇਤ 2 ਅਪਰਾਧੀ ਗ੍ਰਿਫਤਾਰ

ਜੈਪੁਰ 2 ਨਵੰਬਰ। ਜੋਧਪੁਰ ਪੁਲਸ ਦੀ ਇੱਕ ਵਿਸੇਸ ਟੀਮ ਨੇ 50 ਹਜਾਰ ਰੁਪਏ ਦੇ ਇਨਾਮੀ ਲਾਦੇਨ ਸਮੇਤ 2 ਬਦਨਾਮ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਹੈ। ਜੋਧਪੁਰ ਦੇ ਇੰਸਪੈਕਟਰ ਜਨਰਲ ਆਫ ਪੁਲਸ ਵਿਕਾਸ ਕੁਮਾਰ ਨੇ ਕਿਹਾ ਕਿ ਗ੍ਰਿਫਤਾਰ ਕੀਤੇ ਗਏ ਅਪਰਾਧੀਆਂ ਵਿਚ ਸ਼ਾਮਲ ਹਨੂੰਮਾਨ ਉਰਫ ਲਾਦੇਨ ਦੇ ਸਿਰ ‘ਤੇ 50,000 ਰੁਪਏ ਦਾ ਇਨਾਮ ਹੈ ਅਤੇ ਉਹ ਡਕੈਤੀ, ਕਤਲ ਦੀ ਕੋਸ?ਿਸ, ਅਗਵਾ ਅਤੇ ਪੇਪਰ ਲੀਕ ਦੇ 17 ਮਾਮਲਿਆਂ ਵਿੱਚ ਦੋਸੀ ਹੈ, ਜਦੋਂ ਕਿ ਬਲਦੇਵ ਉਸਦੇ ਸਿਰ ‘ਤੇ 15,000 ਰੁਪਏ ਦਾ ਇਨਾਮ ਹੈ। ਉਨ੍ਹਾਂ ਕਿਹਾ ਕਿ ਲਾਦੇਨ ਜੋਧਪੁਰ ਵਿੱਚ ‘007 ਗੈਂਗ’ ਦਾ ਮੁਖੀ ਹੈ ਅਤੇ ਉਸਨੂੰ ਹਾਲ ਹੀ ਵਿੱਚ ‘ਪੇਪਰ ਲੀਕ’



ਮਾਮਲੇ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਕੁਮਾਰ ਨੇ ਕਿਹਾ ਕਿ ਉਹ 2016 ਵਿੱਚ ਅਪਰਾਧਿਕ ਗਤੀਵਿਧੀਆਂ ਵਿੱਚ ਸਾਮਲ ਸੀ ਅਤੇ ਕਈ ਵਾਰ ਜੇਲ੍ਹ ਜਾ ਚੁੱਕਾ ਹੈ। ਉਸਨੇ ਕਿਹਾ ਕਿ ਜਮਾਨਤ ‘ਤੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ, ਉਹ ਪੁਲਸ ਤੋਂ ਬਚਣ ਲਈ ਮਹਾਰਾਸਟਰ, ਮੱਧ ਪ੍ਰਦੇਸ ਅਤੇ ਰਾਜਸਥਾਨ ਵਿੱਚ ਕਈ ਥਾਵਾਂ ‘ਤੇ ਰਿਹਾ ਅਤੇ ਆਪਣੇ ਗੁੰਡਿਆਂ ਰਾਹੀਂ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇ ਰਿਹਾ ਸੀ। ਕੁਮਾਰ ਨੇ ਕਿਹਾ ਕਿ ਪੁਲਸ ਟੀਮ ਨੂੰ ਸੂਚਨਾ ਮਿਲੀ ਸੀ ਕਿ ਉਹ ਜੋਧਪੁਰ ਵਿੱਚ ਆਪਣੇ ਵਿਰੋਧੀ ਗਿਰੋਹ ਦੇ ਇੱਕ ਮੈਂਬਰ ਨੂੰ ਮਾਰਨ ਦੀ ਯੋਜਨਾ ਬਣਾ ਰਿਹਾ ਹੈ। ਟੀਮ ਨੇ ਐਤਵਾਰ ਨੂੰ ਉਸਦੇ ਸਾਥੀ ਬਲਦੇਵ ਨੂੰ ਗ੍ਰਿਫਤਾਰ ਕੀਤਾ ਜੋ ਇੱਕ ਵਿਰੋਧੀ ਗਿਰੋਹ ਦੇ ਮੈਂਬਰ ਦੀ ਜਾਸੂਸੀ ਕਰ ਰਿਹਾ ਸੀ। ਇਸ ਜਾਣਕਾਰੀ ਦੇ ਆਧਾਰ ‘ਤੇ ਲਾਦੇਨ ਨੂੰ ਜੋਧਪੁਰ ਦੀ ਇੱਕ ਜਗ੍ਹਾ ਤੋਂ ਫੜਿਆ ਗਿਆ ਸੀ।

## ਗ੍ਰੀਸ ਦੀ ਕੁੜੀ ਨੂੰ ਹੋਇਆ ਭਾਰਤੀ ਨੌਜਵਾਨ ਨਾਲ ਪਿਆਰ, ਮਹਾਕੁੰਭ ‘ਚ ਕਰਵਾਇਆ ਵਿਆਹ

ਪ੍ਰਯਾਗਰਾਜ 2 ਨਵੰਬਰ। ਪ੍ਰਯਾਗਰਾਜ ‘ਚ 144 ਸਾਲ ਬਾਅਦ ਲੱਗੇ ਮਹਾਕੁੰਭ ਨੂੰ ਸਾਰੇ ਲੋਕ ਯਾਦਗਾਰ ਬਣਾਉਣਾ ਚਾਹੁੰਦੇ ਹਨ। ਗ੍ਰੀਸ ਦੀ ਇਕ ਕੁੜੀ ਨੇ ਵੀ ਕੁਝ ਅਜਿਹਾ ਹੀ ਕੀਤਾ ਹੈ। ਇਸ ਕੁੜੀ ਨੇ ਇੱਥੇ ਇਕ ਭਾਰਤੀ ਨੌਜਵਾਨ ਨਾਲ ਵਿਆਹ ਕਰਵਾਇਆ ਹੈ। ਕੁੜੀ ਦਾ ਨਾਂ ਪੇਨੇਲੋਪ ਅਤੇ ਪੁਰਸ਼ ਦਾ ਨਾਂ ਸਿਧਾਰਥ ਹੈ। ਸਿਧਾਰਥ ਹਿਮਾਚਲ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਐਤਵਾਰ ਨੂੰ ਇਹ ਦੋਵੇਂ ਮਹਾਕੁੰਭ ‘ਚ ਇਕ-ਦੂਜੇ ਦੇ ਹੋ ਗਏ। ਵਿਆਹ ਤੋਂ ਬਾਅਦ ਇਸ ਜੋੜੇ ਨੇ ਕਿਹਾ ਕਿ ਉਨ੍ਹਾਂ ਨੇ ਮਹਾਕੁੰਭ ‘ਚ ਇਸ ਲਈ ਵਿਆਹ ਕਰਵਾਇਆ, ਕਿਉਂਕਿ ਉਹ ਦੈਵੀ ਅਤੇ ਅਧਿਆਤਮਿਕ ਢੰਗ ਨਾਲ ਵਿਆਹੁਤਾ ਜੀਵਨ ਸ਼ੁਰੂ ਕਰਨਾ ਚਾਹੁੰਦੇ ਸਨ। ਵਿਆਹ ਮੌਕੇ ਹੋਣ ਵਾਲੀ ਪਾਰਟੀ ਅਤੇ ਪੀਣ-ਪਿਲਾਉਣ ਦਾ ਕਲਚਰ ਉਨ੍ਹਾਂ ਨੂੰ ਪਸੰਦ ਨਹੀਂ ਹੈ। ਗ੍ਰੀਸ ਦੀ ਕੁੜੀ ਅਤੇ ਭਾਰਤੀ ਨੌਜਵਾਨ ਦੇ ਵਿਆਹ ‘ਚ ਜੂਨਾ ਅਖਾੜੇ ਦੇ ਮਹਾਮੰਡਲੇਸ਼ਵਰ ਸਵਾਮੀ ਯਤੀਂਦ੍ਰਾਨੰਦ ਗਿਰੀ ਨੇ ਕੰਨਿਆਦਾਨ ਦੀ ਰਸਮ



ਨਿਭਾਈ। ਇਸ ਦੌਰਾਨ ਲਾੜੀ ਦੀ ਮਾਂ ਅਤੇ ਉਸ ਦੇ ਹੋਰ ਰਿਸ਼ਤੇਦਾਰ ਵੀ ਇੱਥੇ ਮੌਜੂਦ ਸਨ। ਸਵਾਮੀ ਯਤੀਂਦ੍ਰਾਨੰਦ ਗਿਰੀ ਨੇ ਦੱਸਿਆ ਕਿ ਗ੍ਰੀਸ ਦੀ ਕੁੜੀ ਨੇ ਕੁਝ ਸਾਲ ਪਹਿਲੇ ਸਨਾਤਨ ਧਰਮ ਅਪਣਾ ਲਿਆ ਸੀ। ਉਹ ਭਗਵਾਨ ਸ਼ੰਕਰ ਦੀ ਭਗਤ ਹੈ। ਉਨ੍ਹਾਂ ਦੱਸਿਆ ਕਿ ਸਿਧਾਰਥ ਵੀ ਸਾਡਾ ਭਗਤ ਹੈ। ਉਹ ਯੋਗ ਦੇ ਪ੍ਰਚਾਰ ਅਤੇ ਸਨਾਤਨ ਦੀ ਸੇਵਾ ਲਈ ਕਈ ਦੇਸ਼ਾਂ ‘ਚ ਜਾ ਚੁੱਕਿਆ ਹੈ। ਅੱਜ ਪਰੰਪਰਾਵਾਂ ਦੀ ਪਾਲਣਾ ਕਰਦੇ ਹੋਏ ਇਨ੍ਹਾਂ ਦੋਵਾਂ ਨੂੰ ਅਗਨੀ ਦੇ ਫੇਰੇ ਕਰਵਾ ਕੇ ਵਿਆਹ ਦੀ ਰਸਮ ਪੂਰੀ ਕੀਤੀ ਗਈ। ਭਾਰਤ ‘ਚ ਵਿਆਹ ਕਰਵਾ ਕੇ ਪੇਨੇਲੋਪ ਵੀ ਬਹੁਤ ਖੁਸ਼ ਨਜ਼ਰ ਆਈ। ਇਸ ਜੋੜੇ ਨੇ ਤੈਅ ਕੀਤਾ ਹੈ ਕਿ ਉਹ ਮਹਾਕੁੰਭ ਦੇ ਅੰਤ ਤੱਕ ਇੱਥੇ ਰੁਕਣਗੇ ਅਤੇ 2 ਫਰਵਰੀ ਨੂੰ ਸੰਗਮ ‘ਤੇ ਇਸ਼ਨਾਨ ਕਰਨਗੇ। ਪੇਨੇਲੋਪ ਨੇ ਕਿਹਾ ਕਿ ਮੈਂ ਇਸ ਨੂੰ ਮਿਸ ਨਹੀਂ ਕਰਨਾ ਚਾਹਾਂਗੀ। ਅਸੀਂ ਮਹਾਕੁੰਭ ਦੀ ਸ਼ੁਰੂਆਤ ਤੋਂ ਹੀ ਇੱਥੇ ਹਾਂ ਅਤੇ ਅਸੀਂ ਉਦੋਂ ਤੱਕ ਇੱਥੇ ਰਹਾਂਗੇ, ਜਦੋਂ ਤੱਕ ਇਹ ਪੂਰਨ ਨਹੀਂ ਹੋ ਜਾਂਦਾ। ਉਨ੍ਹਾਂ ਕਿਹਾ ਕਿ ਮੇਰੀ ਮਾਂ ਵੀ ਇਸ ਇਸ਼ਨਾਨ ਦਾ ਹਿੱਸਾ ਬਣੇਗੀ।

## ਕੁੱਲ ਖਪਤ ਦਾ 16 ਫੀਸਦੀ ਇਕੱਲੇ ਖਾਵੇਗਾ ਦੇਸ਼, ਬਣ ਰਿਹੈ ਦੁਨੀਆ ਦਾ ਸਭ ਤੋਂ ਵੱਡਾ ਬਾਜਾਰ

ਨਵੀਂ ਦਿੱਲੀ 2 ਨਵੰਬਰ। ਦੁਨੀਆ ਦੀ ਕੁੱਲ ਖਪਤ ‘ਚ ਭਾਰਤ ਦਾ ਹਿੱਸਾ 2050 ਤੱਕ ਵਧ ਕੇ 16 ਫੀਸਦੀ ਹੋ ਸਕਦਾ ਹੈ, ਜੋ ਕਿ 2023 ਵਿਚ 9 ਫੀਸਦੀ ਸੀ। ਇਹ ਜਾਣਕਾਰੀ ਇਕ ਰਿਪੋਰਟ ‘ਚ ਦਿੱਤੀ ਗਈ ਹੈ। ਮੈਕਿੰਸੀ ਗਲੋਬਲ ਇੰਸਟੀਚਿਊਟ ਦੀ ਰਿਪੋਰਟ ‘ਚ ਕਿਹਾ ਗਿਆ ਹੈ ਕਿ 2050 ਤੱਕ ਸਿਰਫ ਉੱਤਰੀ ਅਮਰੀਕਾ ਹੀ 17 ਫੀਸਦੀ ਹਿੱਸੇਦਾਰੀ ਨਾਲ ਭਾਰਤ ਤੋਂ ਅੱਗੇ ਹੋਵੇਗਾ। ਇਹ ਅਨੁਮਾਨ ਖਰੀਦ ਸਕਤੀ ਸਮਾਨਤਾ ਦੇ ਆਧਾਰ ‘ਤੇ ਲਗਾਇਆ ਗਿਆ ਹੈ, ਜੋ ਦੇਸਾਂ ਵਿਚਕਾਰ ਕੀਮਤ ਦੇ ਅੰਤਰ ਨੂੰ ਬਰਾਬਰ



ਕਰਦਾ ਹੈ। ਦੁਨੀਆ ਦੀ ਕੁੱਲ ਖਪਤ ਵਿਚ ਭਾਰਤ ਦੀ ਹਿੱਸੇਦਾਰੀ ਵਧਣ ਦਾ ਕਾਰਨ ਇਸ ਦੀ ਵੱਧ ਨੌਜਵਾਨ ਆਬਾਦੀ ਹੈ। ਰਿਸਰਚ ਨੇ ਦੱਸਿਆ ਹੈ ਕਿ ਜਨਸੰਖਿਆ ਤਬਦੀਲੀ ਦੇ ਕਾਰਨ ਪਹਿਲੀ-ਵੇਵ ਵਾਲੇ ਖੇਤਰਾਂ ਵਿਚ ਜਣਨ ਦਰਾਂ ਵਿਚ ਗਿਰਾਵਟ ਆਈ ਹੈ, ਜਿਸ ਦੇ ਨਤੀਜੇ ਵਜੋਂ ਆਬਾਦੀ ‘ਚ ਵਾਧਾ ਹੋ ਰਿਹਾ ਹੈ। 2050 ਤੱਕ ਦੁਨੀਆ ਦੀ ਆਬਾਦੀ ਦਾ ਸਿਰਫ 26 ਫੀਸਦੀ ਇਨ੍ਹਾਂ ਖੇਤਰਾਂ ਵਿਚ ਰਹੇਗਾ, ਜੋ ਕਿ 1997 ਵਿਚ 42 ਫੀਸਦੀ ਸੀ। ਇਸ ਵਿਚ ਅੱਗੇ ਕਿਹਾ ਗਿਆ ਕਿ ਬਾਅਦ ਵਿਚ ਲੇਟਰ-ਵੇਵ ਖੇਤਰ, ਹੈ ਕਿ ਜਨਸੰਖਿਆ ਤਬਦੀਲੀ ਦੇ ਕਾਰਨ ਪਹਿਲੀ-ਵੇਵ ਵਾਲੇ ਖੇਤਰਾਂ ਵਿਚ ਜਣਨ ਦਰਾਂ ਵਿਚ ਗਿਰਾਵਟ ਆਈ ਹੈ, ਜਿਸ ਦੇ ਨਤੀਜੇ ਵਜੋਂ ਆਬਾਦੀ ‘ਚ ਵਾਧਾ ਹੋ ਰਿਹਾ ਹੈ। 2050 ਤੱਕ ਦੁਨੀਆ ਦੀ ਆਬਾਦੀ ਦਾ ਸਿਰਫ ਜਿਸ ਵਿਚ ਭਾਰਤ, ਲਾਤੀਨੀ ਅਮਰੀਕਾ, ਪੱਛਮੀ ਏਸੀਆ ਅਤੇ ਅਫਰੀਕਾ ਸਾਮਲ ਹਨ। ਗਲੋਬਲ ਖਪਤ ਵਿਚ ਇਨ੍ਹਾਂ ਦੇਸਾਂ ਦੀ ਹਿੱਸੇਦਾਰੀ ਅੱਧੇ ਤੋਂ ਵੱਧ ਹੋਵੇਗੀ। ਇਸ ਦਾ ਕਾਰਨ ਨੌਜਵਾਨਾਂ ਦੀ ਆਬਾਦੀ ਅਤੇ ਆਮਦਨ ‘ਚ ਵਾਧਾ ਹੈ। ਰਿਪੋਰਟ ਵਿਚ ਅੱਗੇ ਕਿਹਾ ਗਿਆ ਹੈ ਕਿ 2023 ਵਿਚ ਵਿਸਵ ਦੀ ਆਬਾਦੀ ‘ਚ ਭਾਰਤ ਦਾ ਹਿੱਸਾ 23 ਫੀਸਦੀ ਸੀ, ਜੋ 2050 ਤੱਕ ਘੱਟ ਕੇ 17 ਫੀਸਦੀ ਰਹਿ ਜਾਵੇਗਾ।

## ਸ਼ਿਖਰ ਧਵਨ ਨੇ ਹੁਮਾ ਕੁਰੈਸ਼ੀ ਨਾਲ ਕਰਾਇਆ ਵਿਆਹ ! ਇਹ ਹੈ ਵਾਇਰਲ ਤਸਵੀਰਾਂ ਦਾ ਸੱਚ

ਨਵੀਂ ਦਿੱਲੀ 2 ਨਵੰਬਰ। ਸਾਬਕਾ ਭਾਰਤੀ ਕ੍ਰਿਕਟਰ ਸ?ਿਖਰ ਧਵਨ ਦੀਆਂ ਕੁਝ ਤਸਵੀਰਾਂ ਦਾ ਇੱਕ ਕੋਲਾਜ ਸੋਸਲ ਮੀਡੀਆ ‘ਤੇ ਵਾਇਰਲ ਹੋ ਰਿਹਾ ਹੈ, ਜਿਸ ਵਿੱਚ ਉਹ ਅਦਾਕਾਰਾ ਹੁਮਾ ਕੁਰੈਸ਼ੀ ਨਾਲ ਦਿਖਾਈ ਦੇ ਰਹੇ ਹਨ। ਇੱਕ ਫੋਟੋ ਵਿੱਚ ਦੋਵਾਂ ਨੂੰ ਲਾੜਾ-ਲਾੜੀ ਦੇ ਰੂਪ ਵਿੱਚ ਦੇਖਿਆ ਜਾ ਸਕਦਾ ਹੈ। ਕੁਝ ਯੂਜਰ ਇਨ੍ਹਾਂ ਤਸਵੀਰਾਂ ਨੂੰ ਅਸਲੀ ਸਮਝ ਕੇ ਸੇਅਰ ਕਰ ਰਹੇ ਹਨ। ਵਿਸਵਾਸ ਨਿਊਜ ਨੇ ਜਾਂਚ ਕੀਤੀ ਅਤੇ ਵਾਇਰਲ ਦਾਅਵੇ ਨੂੰ ਫਰਜੀ ਪਾਇਆ। ਦਰਅਸਲ ਸ?ਿਖਰ ਧਵਨ ਅਤੇ ਹੁਮਾ ਕੁਰੈਸੀ ਦੀਆਂ ਇਹ ਤਸਵੀਰਾਂ ਅਸਲੀ ਨਹੀਂ ਹਨ, ਸਗੋਂ ਆਰਟੀਫੀਸੀਅਲ ਇੰਟੈਲੀਜੈਂਸ () ਨਾਲ ਬਣਾਈਆਂ ਗਈਆਂ ਹਨ। ਫੇਸਬੁੱਕ ਯੂਜਰ ਨੇ (ਆਰਕਾਈਵ ਲਿੰਕ) ਵਾਇਰਲ ਤਸਵੀਰਾਂ ਸ਼ੇਅਰ ਕੀਤੀਆਂ ਅਤੇ ਲਿਖਿਆ, “ਪਹਿਲੀ ਪਤਨੀ ਤੋਂ ਤਲਾਕ ਤੋਂ ਬਾਅਦ ਮੁੜ ਵਿਆਹ ਦੇ ਬੰਧਨ ‘ਚ ਦਿਖਣਗੇ ਸ਼ਿਖਰ ਧਵਨ ਤੇ ਹੁਮਾ ਕੁਰੈਸ਼ੀ।“ ਅਸੀਂ ਪਹਿਲਾਂ ਵਾਇਰਲ ਤਸਵੀਰਾਂ ਨੂੰ ਨੇੜਿਓਂ ਦੇਖਿਆ। ਇਨ੍ਹਾਂ ਵਿੱਚ ਚਿਹਰੇ ਦੀ ਸਮੂਦਨੈੱਸ, ਇਕਸਾਰ ਰੌਸਨੀ, ਬੈਕਗ੍ਰਾਊਂਡ ਦਾ ਨਕਲੀ ਬਲੱਰ ਦਿਖਾਈ ਦਿੰਦਾ ਹੈ। ਨਾਲ ਹੀ ਹੁਮਾ ਕੁਰੈਸੀ ਦੇ ਚਿਹਰੇ ਦੀ ਬਣਤਰ ਸਹੀ ਨਹੀਂ ਹੈ, ਜਿਸ ਕਾਰਨ ਇਹ ਸੱਕ ਪੈਦਾ ਹੁੰਦਾ ਹੈ ਕਿ ਇਹ ਫੋਟੋਆਂ ਏ.ਆਈ. ਦੁਆਰਾ ਬਣਾਈਆਂ ਗਈਆਂ ਹਨ। ਅਸੀਂ ਪੁਸਟੀ ਕਰਨ ਲਈ ਇਮੇਜ ਡਿਟੈਕਸ਼ਨ ਟੂਲਸ ਦੀ ਵਰਤੋਂ ਕਰ ਕੇ ਵੱਖਰੇ ਤੌਰ ‘ਤੇ ਤਸਵੀਰਾਂ ਦੀ ਜਾਂਚ ਕੀਤੀ।

## ਸਹਾਰਨਪੁਰ ‘ਚ 1.23 ਕਰੋੜ ਰੁਪਏ ਦੀ ਸਮੈਕ ਸਮੇਤ ਦੋ ਤਸਕਰ ਗ੍ਰਿਫਤਾਰ

ਸਹਾਰਨਪੁਰ (ਯੂਪੀ) 2 ਨਵੰਬਰ। ਸਹਾਰਨਪੁਰ ਜ?ਿਲ੍ਹੇ ਦੀ ਨਨੌਤਾ ਪੁਲਸ ਅਤੇ ‘ਐਂਟੀ ਨਾਰਕੋਟਿਕਸ ਟਾਸਕ ਫੋਰਸ’ (ਏਐਂਟੀਐੱਫ) ਦੀ ਇੱਕ ਸਾਂਝੀ ਟੀਮ ਨੇ ਦੋ ਕਥਿਤ ਨਸਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਤੇ ਉਨ੍ਹਾਂ ਦੇ ਕਬਜੇ ‘ਚੋਂ 615 ਗ੍ਰਾਮ ਸਮੈਕ ਬਰਾਮਦ ਕੀਤਾ, ਜਿਸਦੀ ਅਨੁਮਾਨਿਤ ਕੀਮਤ 1 ਕਰੋੜ 23 ਲੱਖ ਰੁਪਏ ਦੱਸੀ ਗਈ ਹੈ। ਇੱਕ ਪੁਲਸ ਅਧਿਕਾਰੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਸੁਪਰਡੈਂਟ (ਦਿਹਾਤੀ) ਸਾਗਰ ਜੈਨ ਨੇ ਪੀਟੀਆਈ ਨੂੰ ਦੱਸਿਆ ਕਿ ਇੱਕ ਮੁਖਬਰ ਦੀ ਸੂਚਨਾ ‘ਤੇ, ਨਨੌਟਾ ਪੁਲਸ ਅਤੇ ਏਐਂਟੀਐੱਫ ਦੀ ਇੱਕ ਸਾਂਝੀ ਟੀਮ ਨੇ ਨਵਾਬ ਉਰਫ ਜੁਨੈਦ, ਵਾਸੀ ਮੁਹੱਲਾ ਕਿਲਾ, ਅੰਬੇਹਤਾ ਪੀਰ ਅਤੇ ਮੁਹੰਮਦ ਨਿਵਾਸੀ ਯਮੁਨਾ ਨਗਰ ਨੂੰ ਗ੍ਰਿਫਤਾਰ ਕੀਤਾ, ਜੋ ਇਸ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਲ ਸੀ। ਉਸਮਾਨ ਨੂੰ ਭੋਜਪੁਰਾ ਤਿਲਫਰਾ ਚੈੱਕਪੋਸਟ ਦੇ ਨੇੜੇ ਗ੍ਰਿਫਤਾਰ ਕੀਤਾ ਗਿਆ ਸੀ। ਜੈਨ ਨੇ ਦੱਸਿਆ ਕਿ ਮੁਲਜਮਾਂ ਦੇ ਕਬਜੇ ਵਿੱਚੋਂ 615 ਗ੍ਰਾਮ ਸਮੈਕ, ਦੋ ਮੋਬਾਈਲ ਫੋਨ, ਇੱਕ ਹੁੰਡਈ ਕਾਰ ਅਤੇ 1,730 ਰੁਪਏ ਦੀ ਨਕਦੀ ਬਰਾਮਦ ਕੀਤੀ ਗਈ ਹੈ। ਗ੍ਰਿਫਤਾਰ



ਕੀਤੇ ਗਏ ਮੁਲਜਮਾਂ ਖ?ਿਲਾਫ ਨਨੌਤਾ ਪੁਲਸ ਸਟੇਸਨ ਵਿੱਚ ਸਬੰਧਤ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਗ੍ਰਿਫਤਾਰ ਕੀਤੇ ਗਏ ਮੁਲਜਮਾਂ ਨੇ ਪੁਲਸ ਨੂੰ ਦੱਸਿਆ ਕਿ ਉਨ੍ਹਾਂ ਦੋਵਾਂ ਨੇ ਇਹ ਸਮੈਕ ਮੁਰਾਦਾਬਾਦ ਤੋਂ ਸਸਤੇ ਭਾਅ ‘ਤੇ ਖਰੀਦਿਆ ਸੀ ਅਤੇ ਇਸਨੂੰ ਵੱਧ ਕੀਮਤ ‘ਤੇ ਵੇਚ ਕੇ ਭਾਰੀ ਮੁਨਾਫਾ ਕਮਾਉਣਾ ਚਾਹੁੰਦੇ ਸਨ, ਪਰ ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਨੇ ਬਰਾਮਦ ਕੀਤੀ ਗਈ ਸਮੈਕ ਦੀ ਕੀਮਤ 1 ਕਰੋੜ 23 ਲੱਖ ਰੁਪਏ ਹੋਣ ਦਾ ਅਨੁਮਾਨ ਲਗਾਇਆ ਹੈ।

### ਲੁਧਿਆਣਾ ਦੇ ਹੌਜ਼ਰੀ ਕਾਰੋਬਾਰੀ ਨਾਲ 74.94 ਲੱਖ ਰੁਪਏ ਦੀ ਠੱਗੀ

ਲੁਧਿਆਣਾ 2 ਨਵੰਬਰ। ਥਾਣਾ ਜੋਧੇਵਾਲ ਦੀ ਪੁਲਸ ਨੇ ਧੋਖਾਧੜੀ ਕਰਨ ਦੇ ਦੋਸ਼ ਹੇਠ ਇਕ ਮੁਲਜ਼ਮ ਦੇ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਾਂਚ ਅਧਿਕਾਰੀ ਸਬ ਇੰਸਪੈਕਟਰ ਸੁਨੀਤਾ ਕੌਰ ਨੇ ਦੱਸਿਆ ਕਿ ਪੁਲਸ ਨੂੰ ਸ਼ਿਕਾਇਤਕਰਤਾ ਪ੍ਰਦੀਪ ਕੁਮਾਰ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਸ ਦੀ ਕੱਪੜੇ ਦੀ ਫੈਕਟਰੀ ਹੈ। ਉਸ ਨੇ ਸ਼ਿਕਾਇਤ ਵਿਚ ਦੱਸਿਆ ਹੈ ਕਿ ਉਸ ਦੀ ਕੱਪੜੇ ਦੀ ਫੈਕਟਰੀ ਤੋਂ ਦਿਨੇਸ਼ ਨਰੂਸਾ ਪੁੱਤਰ ਨਰਿੰਦਰ ਕੁਮਾਰ ਨਰੂਸਾ ਵਾਸੀ ਰਘੁਵੀਰ ਬਾਰਕ ਹੈਬੋਵਾਲ ਕਲਾਂ ਨੇ 74 ਲੱਖ 94 ਹਜ਼ਾਰ ਰੁਪਏ ਦਾ ਹੌਜ਼ਰੀ ਦਾ ਸਾਮਾਨ ਲੈ ਕੇ ਉਸ ਦੇ ਪੈਸੇ ਵਾਪਸ ਨਾ ਕਰਦਿਆਂ ਉਸ ਨਾਲ ਠੱਗੀ ਮਾਰੀ ਹੈ।

### ਔਰਤ ਦੇ ਗਰਭ ’ਚ ਪਲ ਰਹੇ ‘ਬੱਚੇ ਦੇ ਪੇਟ ’ਚ ਬੱਚਾ’, ਡਾਕਟਰ ਵੀ ਰਹਿ ਗਏ ਹੈਰਾਨ

ਬੁਲਢਾਣਾ (ਮਹਾਰਾਸ਼ਟਰ), 2 ਨਵੰਬਰ। ਮਹਾਰਾਸਟਰ ਦੇ ਬੁਲਢਾਣਾ ਜ?ਿਲੇ ਵਿਚ ਇਕ 32 ਸਾਲਾ ਗਰਭਵਤੀ ਔਰਤ ਦੇ ਗਰਭ ਵਿਚ ਪਲ ਰਹੇ ‘ਬੱਚੇ ਦੇ ਪੇਟ ’ਚ ਬੱਚਾ’ ਪਾਇਆ ਗਿਆ ਹੈ। ਇਹ ਇਕ ਬਹੁਤ ਹੀ ਦੁਰਲੱਭ ਸਥਿਤੀ ਹੈ ਜਿਸ ਵਿਚ ਇਕ ਦੁਰਲੱਭ ਭਰੂਣ ਦੂਜੇ ਭਰੂਣ ਦੇ ਅੰਦਰ ਸਥਿਤ ਹੁੰਦਾ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਇਸ ਦੁਰਲੱਭ ਸਥਿਤੀ ਦਾ ਪਤਾ ਲੱਗਾ ਜਦੋਂ 35 ਹਫਤਿਆਂ ਦੀ ਗਰਭਵਤੀ ਔਰਤ ਕੁਝ ਦਿਨ ਪਹਿਲਾਂ ਰੁਟੀਨ ਚੈੱਕ-ਅੱਪ ਲਈ ਬੁਲਢਾਣਾ ਜ?ਿਲਾ ਮਹਿਲਾ ਹਸਪਤਾਲ ਆਈ। ਹਸਪਤਾਲ ਵਿਚ ਔਰਤ ਦੇ ਅਲਟਰਾਸਾਊਂਡ ਦੌਰਾਨ ਡਾਕਟਰਾਂ ਨੂੰ ਇਸ ਸਥਿਤੀ ਬਾਰੇ ਪਤਾ ਲੱਗਾ। ਹਸਪਤਾਲ ਦੇ ਜਣੇਪਾ ਅਤੇ ਇਸਤਰੀ ਰੋਗ ਮਾਹਿਰ ਡਾ. ਪ੍ਰਸਾਦ ਅਗਰਵਾਲ ਨੇ ਦੱਸਿਆ ਕਿ ਇਹ ਇਕ ਦੁਰਲੱਭ ਮਾਮਲਾ ਹੁੰਦਾ ਹੈ ਅਤੇ ਇਹ ਸਥਿਤੀ 5 ਲੱਖ ਵਿਚੋਂ ਇਕ ਵਿਚ ਪਾਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ (ਪੂਰੀ ਦੁਨੀਆ ’ਚ) ਅਜਿਹੇ ਸਿਰਫ 200 ਮਾਮਲੇ ਹੀ ਸਾਹਮਣੇ ਆਏ ਹਨ। ਇਨ੍ਹਾਂ ਵਿਚੋਂ ਭਾਰਤ ਵਿਚ 10-15 ਮਾਮਲੇ ਪਾਏ ਗਏ ਹਨ।

## ਲੁਧਿਆਣਾ ਦੀ ਕੁੜੀ ਦੀ ਵਾਇਰਲ ਵੀਡੀਓ ਨੇ ਮਚਾਈ ਤਰਥੱਲੀ, ਜਿਸ ਨੇ ਵੀ ਦੇਖੀ ਉਡ ਗਏ ਹੋਸ਼

ਲੁਧਿਆਣਾ 2 ਨਵੰਬਰ। ਸੜਕਾਂ ’ਤੇ ਵਾਹਨ ਚਲਾਉਂਦੇ ਸਮੇਂ ਸਟੰਟਬਾਜ਼ੀ ’ਚ ਹੁਣ ਕੁੜੀਆਂ ਵੀ ਪਿੱਛੇ ਨਹੀਂ ਰਹੀਆਂ। ਇਸ ਤਰ੍ਹਾਂ ਦੀ ਇਕ ਲੜਕੀ ਦੀ ਵੀਡੀਓ ਕਾਫੀ ਵਾਇਰਲ ਹੋ ਰਹੀ ਹੈ। ਵੀਡੀਓ ਜਗਰਾਓਂ ਪੁਲ ਦੀ ਦੱਸੀ ਜਾ ਰਹੀ ਹੈ, ਜਿਥੇ ਸਕੂਟਰ ’ਤੇ ਸਵਾਰ ਇਕ ਲੜਕੀ ਕਦੇ ਆਪਣੇ ਹੱਥ ਛੱਡ ਦਿੰਦੀ ਹੈ ਅਤੇ ਕਦੇ ਸਕੂਟਰ ਚਲਾਉਂਦੇ ਸਮੇਂ ਹੀ ਖੜ੍ਹੀ ਹੋ ਜਾਂਦੀ ਹੈ। ਹਾਲਾਂਕਿ ਅਜੇ ਲੜਕੀ ਦੀ ਪਛਾਣ ਨਹੀਂ ਹੋ ਸਕੀ ਹੈ। ਅਧਿਕਾਰੀ ਇਸ ਦੀ ਪੁਸ਼ਟੀ ਕਰ ਰਹੇ ਹਨ। ਵਾਇਰਲ ਹੋਈ ਇਸ ਵੀਡੀਓ ਵਿਚ ਲੜਕੀ ਤਰ੍ਹਾਂ ਤਰ੍ਹਾਂ ਦੇ ਸਟੰਟ ਕਰ ਰਹੀ ਹੈ, ਜਿਸ ਨੂੰ ਦੇਖ ਕੇ ਹਰ ਕੋਈ ਹੈਰਾਨ ਹੈ। ਦੱਸ ਦੇਈਏ ਕਿ ਪਿਛਲੇ ਕੁਝ ਮਹੀਨਿਆਂ ਤੋਂ ਵਾਇਰਲ ਵੀਡੀਓ ਦੇ ਆਧਾਰ ’ਤੇ ਟ੍ਰੈਫਿਕ ਪੁਲਸ ਦੇ ਅਧਿਕਾਰੀ ਇਸ ਤਰ੍ਹਾਂ ਦੇ ਲਾਪ੍ਰਵਾਹ ਚਾਲਕਾਂ ਦੀ ਪਛਾਣ ਕਰਕੇ ਲਗਾਤਾਰ ਉਨ੍ਹਾਂ ਦੇ ਚਲਾਨ ਕਰ ਰਹੇ ਹਨ। ਇਥੇ ਹੀ ਬਸ ਨਹੀਂ ਕਈਆਂ ਦੇ ਤਾਂ ਵਾਹਨ ਵੀ ਜ਼ਬਤ ਕੀਤੇ ਗਏ ਹਨ ਪਰ ਬਾਵਜੂਦ ਇਸ ਦੇ ਲੋਕ ਸੁਧਰਣ ਲਈ ਤਿਆਰ ਨਹੀਂ ਹਨ ਅਤੇ ਸੜਕਾਂ ਨੂੰ ਖੇਡ ਦਾ ਮੈਦਾਨ ਸਮਝ ਕੇ ਸਟੰਟਬਾਜ਼ੀ ਕਰ ਰਹੇ ਹਨ। ਸਥਾਨਕ ਦੁੱਗਰੀ ਦੇ ਡਰੰਮਾਂ ਵਾਲਾ ਚੌਕ ’ਚ ਬੀਤੇ ਦਿਨੀਂ ਇਕ ਹਾਦਸਾ ਹੋ ਗਿਆ ਸੀ, ਜਿਸ ’ਚ ਇਕ ਲੜਕਾ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਲੋਕਾਂ ਦਾ ਦੋਸ਼ ਸੀ ਕਿ ਹਾਦਸਾ ਕਰਨ ਵਾਲੀ ਕਾਰ ਨੂੰ ਇਕ ਨਾਬਾਲਗ ਚਲਾ ਰਿਹਾ ਸੀ। ਇਸ ਤੋਂ ਬਾਅਦ ਲੋਕਾਂ ਦਾ ਵਿਰੋਧ ਦੇਖਦੇ ਹੋਏ ਟ੍ਰੈਫਿਕ ਪੁਲਸ ਨੇ ਉਥੇ ਅੰਡਰਏਜ ਚਾਲਕਾਂ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਪੁਲਸ ਵਲੋਂ ਇਸ ਤਰ੍ਹਾਂ ਦੇ 3 ਅੰਡਰਏਜ ਚਾਲਕਾਂ ਦੇ ਚਲਾਨ ਕੀਤੇ ਗਏ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਾਰਵਾਈ ਅੱਗੇ ਵੀ ਲਗਾਤਾਰ ਜਾਰੀ ਰਹੇਗੀ।

### ਟਰੱਕ ਡਰਾਈਵਰ 10 ਕਿਲੋ ਭੁੱਕੀ ਸਮੇਤ ਗ੍ਰਿਫ਼ਤਾਰੇ

ਅਬੋਹਰ 2 ਨਵੰਬਰ। ਖੁਈਆਂਸਰਵਰ ਥਾਣੇ ਦੀ ਪੁਲਸ ਨੇ ਇਕ ਟਰੱਕ ਡਰਾਈਵਰ ਨੂੰ ਭੁੱਕੀ ਸਮੇਤ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਅਨੁਸਾਰ, ਖੁਈਆਂ ਸਰਵਰ ਪੁਲਸ ਸਟੇਸ਼ਨ ਦੇ ਇੰਚਾਰਜ ਰਣਜੀਤ ਸਿੰਘ ਨੇ ਪੁਲਸ ਪਾਰਟੀ ਨਾਲ ਗੁਮਜਾਲ ਪਿੰਡ ਨੇੜੇ ਨਾਕਾਬੰਦੀ ਕੀਤੀ ਹੋਈ ਸੀ। ਸ਼ੱਕ ਦੇ ਆਧਾਰ ’ਤੇ ਰਾਜਸਥਾਨ ਤੋਂ ਆ ਰਹੇ ਇਕ ਟਰੱਕ ਨੂੰ ਰੋਕ ਕੇ ਤਲਾਸ਼ੀ ਲਈ ਗਈ ਤਾਂ ਉਸ ਵਿਚੋਂ 10 ਕਿਲੋ ਭੁੱਕੀ ਬਰਾਮਦ ਕੀਤੀ ਗਈ। ਗ੍ਰਿਫ਼ਤਾਰ ਕੀਤੇ ਗਏ ਡਰਾਈਵਰ ਦੀ ਪਛਾਣ ਵਿਦਿਆ ਸਾਗਰ ਵਾਸੀ ਗੁਰੂ ਕ੍ਰਿਪਾ ਕਲੋਨੀ, ਅਬੋਹਰ ਵਜੋਂ ਹੋਈ ਹੈ। ਖੂਈਆਂ ਸਰਵਰ ਥਾਣੇ ਨੇ ਡਰਾਈਵਰ ਖ਼ਿਲਾਫ਼ ਐਨਡੀਪੀਐਸ ਐਕਟ ਤਹਿਤ ਕੇਸ ਦਰਜ ਕਰ ਲਿਆ ਹੈ। ਡਰਾਈਵਰ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ ਜਿੱਥੇ ਮਾਣਯੋਗ ਜੁਡੀਸ਼ੀਅਲ ਮੈਜਿਸਟਰੇਟ ਚੇਤਨ ਸ਼ਰਮਾ ਨੇ ਉਸਨੂੰ ਪੁੱਛਗਿੱਛ ਲਈ ਪੁਲਸ ਰਿਮਾਂਡ ’ਤੇ ਭੇਜਣ ਦੇ ਹੁਕਮ ਦਿੱਤੇ।

## ਲੁਧਿਆਣਾ ਵਾਸੀਆਂ ਨੂੰ 7 ਦਿਨਾਂ ਤੱਕ ਝੱਲਣੀ ਪਵੇਗੀ ਪਰੇਸ਼ਾਨੀ

ਲੁਧਿਆਣਾ 2 ਨਵੰਬਰ। ਟਰੈਕ ਦੀ ਰਿਪੇਅਰ ਦੇ ਚੱਲਦਿਆਂ ਇਸ਼ਮੀਤ ਚੌਕ ਦੇ ਰੇਲਵੇ ਫਾਟਕ ਨੂੰ 7 ਦਿਨਾਂ ਲਈ ਬੰਦ ਕੀਤਾ ਜਾ ਰਿਹਾ ਹੈ। ਉਕਤ ਫਾਟਕ ਇਕ ਤੋਂ 7 ਫਰਵਰੀ ਤੱਕ ਬੰਦ ਰਹਿਣਗੇ। ਇਸ ਸਬੰਧੀ ਰੇਲਵੇ ਵਿਭਾਗ ਵਲੋਂ ਟ੍ਰੈਫਿਕ ਪੁਲਸ ਨੂੰ ਸੂਚਨਾ ਦੇ ਦਿੱਤੀ ਗਈ ਹੈ ਅਤੇ ਟ੍ਰੈਫਿਕ ਪੁਲਸ ਨੇ ਆਪਣੇ ਪੱਧਰ ‘ਤੇ ਇੰਤਜਾਮ ਕਰਨ ਅਤੇ ਲੋਕਾਂ ਨੂੰ ਜਾਗਰੂਕ ਕਰਨਾ ਸ਼ੁਰੂ ਕਰ ਦਿੱਤਾ ਹੈ। ਦੱਸਣਯੋਗ ਹੈ ਕਿ ਇਸ਼ਮੀਤ ਚੌਕ ਦੇ ਰੇਲਵੇ ਫਾਟਕ ਕਈ ਇਲਾਕਿਆਂ ਨੂੰ ਆਪਸ ‘ਚ ਜੋੜਦੇ ਹਨ। ਫਾਟਕ ਦੇ ਨੇੜੇ ਹੀ ਸ਼ਹਿਰ ਦੇ 2 ਵੱਡੇ ਸਕੂਲ ਵੀ ਹਨ। ਫਾਟਕ 7 ਦਿਨ ਲਈ ਬੰਦ ਹੋਣ ਦੇ ਕਾਰਨ ਲੋਕਾਂ ਨੂੰ ਕਾਫੀ ਪਰੇਸ਼ਾਨੀ ਪੇਸ਼ ਆਵੇਗੀ ਅਤੇ ਪੱਖੋਵਾਲ ਰੋਡ ਰੇਲ ਅੰਡਰਬ੍ਰਿੱਜ ਅਤੇ ਰੇਲ ਓਵਰ ਬ੍ਰਿਜ ‘ਤੇ ਵਾਹਨਾਂ ਦੀ ਆਵਾਜਾਈ ਵਧਾਉਣ ਦੇ ਆਸਾਰ ਹਨ।

## ਪਿਤਾ ਦੀ ਲਾਸ ਨੂੰ ਹਸਪਤਾਲ ਤੋਂ ਘਰ ਲਿਜਾ ਰਹੇ ਪੁੱਤ ਦੀ ਵੀ ਸੜਕ ਹਾਦਸੇ ‘ਚ ਮੌਤ

ਭਦਰਕ 2 ਨਵੰਬਰ। ਓਡੀਸਾ ਦੇ ਭਦਰਕ ਜ?ਿਲ੍ਹੇ ਵਿੱਚ ਸਨੀਵਾਰ ਨੂੰ ਇੱਕ ਐਂਬੂਲੈਂਸ ਦੇ ਡੰਪਰ ਨਾਲ ਟਕਰਾ ਜਾਣ ਕਾਰਨ ਇੱਕ 26 ਸਾਲਾ ਨੌਜਵਾਨ, ਉਸਦੇ ਰਿਸਤੇਦਾਰ ਅਤੇ ਐਂਬੂਲੈਂਸ ਡਰਾਈਵਰ ਦੀ ਮੌਤ ਹੋ ਗਈ। ਉਹ ਇਸੇ ਗੱਡੀ ਵਿੱਚ ਆਪਣੇ ਪਿਤਾ ਦੀ ਲਾਸ ਲੈ ਕੇ ਘਰ ਜਾ ਰਿਹਾ ਸੀ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਭਦਰਕ ਸਹਿਰ ਤੋਂ ਲਗਭਗ 16 ਕਿਲੋਮੀਟਰ ਦੂਰ ਮੈਥਾਪੁਰ ਨੇੜੇ ਰਾਸਟਰੀ ਰਾਜਮਾਰਗ 16 ‘ਤੇ ਵਾਪਰਿਆ। ਮ੍ਰਿਤਕਾਂ ਦੀ ਪਛਾਣ ਸੰਜੇ ਜੇਨਾ (26), ਸੁਧਾਂਸੂ ਜੇਨਾ (42) ਅਤੇ ਐਂਬੂਲੈਂਸ ਡਰਾਈਵਰ ਦਿਲੀਪ ਸਿੰਘ (43) ਵਜੋਂ ਹੋਈ ਹੈ। ਸੰਜੇ ਦੀ ਮਾਂ ਸਾਵਿਤਰੀ ਜੇਨਾ ਨੂੰ ਗੰਭੀਰ ਸੱਟਾਂ ਲੱਗੀਆਂ ਅਤੇ ਉਨ੍ਹਾਂ ਨੂੰ ਭੋਗਰਾਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਸੰਜੇ ਦੇ ਪਿਤਾ ਦਿਬਾਕਰ ਜੇਨਾ ਦੀ ਸੁੱਕਰਵਾਰ ਰਾਤ ਨੂੰ ਕਟਕ ਦੇ ਐੱਸ.ਸੀ.ਬੀ. ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਕਿਸੇ ਬਿਮਾਰੀ ਦੇ ਇਲਾਜ ਦੌਰਾਨ ਮੌਤ ਹੋ ਗਈ।

## ਸੂਟਕੇਸ ‘ਚੋਂ ਮਿਲੀ ਔਰਤ ਦੀ ਸੜੀ ਹੋਈ ਲਾਸ, ਇੱਕ ਰਿਸਤੇਦਾਰ ਸਮੇਤ 2 ਗ੍ਰਿਫਤਾਰ

ਨਵੀਂ ਦਿੱਲੀ 2 ਨਵੰਬਰ। ਪੂਰਬੀ ਦਿੱਲੀ ਵਿੱਚ ਇੱਕ ਸੂਟਕੇਸ ਵਿੱਚੋਂ 25 ਸਾਲਾ ਔਰਤ ਦੀ ਸੜੀ ਹੋਈ ਲਾਸ ਮਿਲੀ ਹੈ, ਜਿਸ ਤੋਂ ਬਾਅਦ ਪੁਲਸ ਨੇ ਔਰਤ ਦੇ ਇੱਕ ਰਿਸਤੇਦਾਰ ਅਤੇ ਉਸਦੇ ਸਾਥੀ ਨੂੰ ਉਸਦੀ ਹੱਤਿਆ ਦੇ ਦੋਸ ਵਿੱਚ ਗ੍ਰਿਫਤਾਰ ਕੀਤਾ ਹੈ। ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਔਰਤ ਦੀ ਸੜੀ ਹੋਈ ਲਾਸ ਸਨੀਵਾਰ ਅਤੇ ਐਤਵਾਰ ਦੀ ਦਰਮਿਆਨੀ ਰਾਤ ਨੂੰ ਅੰਬੇਡਕਰ ਚੌਕ ਅਤੇ ਕੇਰਲ ਪਬਲਿਕ ਸਕੂਲ ਦੇ ਵਿਚਕਾਰ ਸ?ਿਵਾਜੀ ਰੋਡ ਦੇ ਨੇੜੇ ਸੜਕ ਕਿਨਾਰੇ ਇੱਕ ਸੂਟਕੇਸ ਵਿੱਚ ਮਿਲੀ। ਡਿਪਟੀ ਕਮਿਸਨਰ ਆਫ ਪੁਲਸ (ਪੂਰਬ) ਅਭਿਸੇਕ ਧਾਨੀਆ ਨੇ ਕਿਹਾ ਕਿ ਘਟਨਾ ਦੇ ਸਬੰਧ ਵਿੱਚ ਪੁਲਸ ਨੇ ਟੈਕਸੀ ਡਰਾਈਵਰ ਅਮਿਤ ਤਿਵਾੜੀ (22) ਅਤੇ ਉਸਦੇ ਰਿਸਤੇਦਾਰ ਅਨੁਜ ਕੁਮਾਰ (20) ਨੂੰ ਗ੍ਰਿਫਤਾਰ ਕੀਤਾ ਹੈ, ਜੋ ਗਾਜੀਆਬਾਦ ਦੀ ਖੋਡਾ ਕਲੋਨੀ ਵਿੱਚ ਰਹਿੰਦਾ ਹੈ ਅਤੇ ਵੈਲਡਰ ਵਜੋਂ ਕੰਮ ਕਰਦਾ ਹੈ। ਪੁਲਸ ਅਨੁਸਾਰ ਪੀੜਤ ਔਰਤ ਦੀ ਪਛਾਣ ਸ?ਿਲਪਾ ਪਾਂਡੇ ਵਜੋਂ ਹੋਈ ਹੈ ਜੋ ਅਮਿਤ ‘ਤੇ ਆਪਣੇ ਪਰਿਵਾਰ ਨੂੰ ਛੱਡ ਕੇ ਹਮੇਸਾ ਲਈ ਆਪਣੇ ਨਾਲ ਰਹਿਣ ਲਈ ਦਬਾਅ ਪਾ ਰਹੀ ਸੀ। ਪੁਲਸ ਦਾ ਕਹਿਣਾ ਹੈ ਕਿ ਸ?ਿਲਪਾ ਨੇ ਕਥਿਤ ਤੌਰ ‘ਤੇ ਅਮਿਤ ਨੂੰ ਧਮਕੀ ਵੀ ਦਿੱਤੀ ਸੀ ਕਿ ਜੇਕਰ ਉਸਨੇ ਅਜਿਹਾ ਨਹੀਂ ਕੀਤਾ, ਤਾਂ ਉਹ ਉਸਨੂੰ ਅਤੇ ਉਸਦੇ ਪਰਿਵਾਰ ਨੂੰ ਝੂਠੇ ਮਾਮਲੇ ਵਿੱਚ ਫਸਾਏਗੀ। ਡਿਪਟੀ ਕਮਿਸਨਰ ਆਫ ਪੁਲਸ ਅਨੁਸਾਰ, ਇਹਨਾਂ ਮੰਗਾਂ ਨੂੰ ਸਵੀਕਾਰ ਕਰਨ ਵਿੱਚ ਅਸਮਰੱਥ, ਦੋਵਾਂ ਮੁਲਜਮਾਂ ਨੇ ਸ?ਿਲਪਾ ਨੂੰ ਮਾਰਨ ਦੀ ਸਾਜ?ਿਸ ਰਚੀ ਅਤੇ ਉਸਨੂੰ ਮਾਰਨ ਤੋਂ ਬਾਅਦ ਸਬੂਤਾਂ ਨੂੰ ਨਸਟ ਕਰਨ ਲਈ ਉਨ੍ਹਾਂ



ਨੇ ਉਸਦੀ ਲਾਸ ਨੂੰ ਇੱਕ ਸੂਟਕੇਸ ਵਿੱਚ ਬੰਦ ਕਰਕੇ ਇਸਨੂੰ ਇੱਕ ਸੁੰਨਸਾਨ ਇਲਾਕੇ ਵਿੱਚ ਸੁੱਟ ਦਿੱਤਾ ਅਤੇ ਫਿਰ ਸਾੜ ਦਿੱਤਾ। ਧਾਨੀਆ ਕਹਿੰਦਾ ਹੈ ਕਿ ਅਮਿਤ ਨੇ ਸਬੂਤ ਮਿਟਾਉਣ ਲਈ ਪੈਟਰੋਲ ਅਤੇ ਤੂੜੀ ਖਰੀਦੀ ਸੀ। ਦਿੱਲੀ ਵਿਧਾਨ ਸਭਾ ਚੋਣਾਂ ਦੇ ਮੱਦੇਨਜਰ ਸਖਤ ਸੁਰੱਖਿਆ ਪ੍ਰਬੰਧਾਂ ਕਾਰਨ ਮੁਲਜਮਾਂ ਨੇ ਲਾਸ ਵਾਲੇ ਸੂਟਕੇਸ ਨੂੰ ਇੱਕ ਸੁੰਨਸਾਨ ਇਲਾਕੇ ਵਿੱਚ ਰੱਖ ਦਿੱਤਾ ਅਤੇ ਪਰਾਲੀ ਦੀ ਮਦਦ ਨਾਲ ਇਸਨੂੰ ਅੱਗ ਲਗਾ ਦਿੱਤੀ। ਪੁਲਸ ਡਿਪਟੀ ਕਮਿਸਨਰ ਅਨੁਸਾਰ, ਪੁਲਸ ਨੂੰ ਸੜਕ ਕਿਨਾਰੇ ਇੱਕ ਸੜੀ ਹੋਈ ਲਾਸ ਪਈ ਹੋਣ ਬਾਰੇ ਇੱਕ ਫੋਨ ਆਇਆ, ਜਿਸ ਤੋਂ ਬਾਅਦ ਫੋਰੈਂਸਿਕ ਮਾਹਿਰਾਂ ਅਤੇ ਅਪਰਾਧ ਜਾਂਚ ਟੀਮ ਦੀ ਇੱਕ ਟੀਮ ਮੌਕੇ ‘ਤੇ ਪਹੁੰਚੀ। ਉਨ੍ਹਾਂ ਕਿਹਾ ਕਿ 20 ਤੋਂ 35 ਸਾਲ ਦੀ ਉਮਰ ਦੀ ਇੱਕ ਔਰਤ ਦੀ ਸੜੀ ਹੋਈ ਲਾਸ ਮੌਕੇ ‘ਤੇ ਮਿਲੀ ਅਤੇ ਉਸਨੂੰ ਐੱਲ.ਬੀ.ਐੱਸ. ਹਸਪਤਾਲ ਦੇ ਮੁਰਦਾਘਰ ਵਿੱਚ ਲਿਜਾਇਆ ਗਿਆ।

### ਸੰਘਣੀ ਧੁੰਦ ਕਾਰਨ 2 ਘਰਾਂ ’ਚ ਵਿਛ ਗਏ ਸੱਥਰ

ਸ੍ਰੀ ਮੁਕਤਸਰ ਸਾਹਿਬ 2 ਨਵੰਬਰ। ਪੰਜਾਬ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਤੋਂ ਇਕ ਬੇਹੱਦ ਦਰਦਨਾਕ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਸ਼ਨੀਵਾਰ ਨੂੰ ਪਈ ਸੰਘਣੀ ਧੁੰਦ ਕਾਰਨ ਜ਼ਿਲ੍ਹੇ ਦੇ ਪਿੰਡ ਹਰੀਕੇ ਕਲਾਂ ਦੇ ਕੋਲ ਇਕ ਭਿਆਨਕ ਹਾਦਸਾ ਵਾਪਰ ਗਿਆ, ਜਿਸ ਕਾਰਨ ਜੀਜੇ-ਸਾਲੇ ਦੀ ਮੌਕੇ ’ਤੇ ਹੀ ਦਰਦਨਾਕ ਮੌਤ ਹੋ ਗਈ। ਜਾਣਕਾਰੀ ਅਨੁਸਾਰ ਪਿੰਡ ਮਰਾੜ ਕਲਾਂ ਵਾਸੀ ਤਰਸੇਮ ਕੁਮਾਰ ਆਪਣੇ ਜੀਜੇ ਵਿਜੈ ਕੁਮਾਰ ਨੂੰ ਉਸ ਦੇ ਪਿੰਡ ਹਰੀਕੇ ਕਲਾਂ ਛੱਡਣ ਜਾ ਰਿਹਾ ਸੀ। ਪਿੰਡ ਹਰੀਕੇ ਕਲਾਂ ਲਿੰਕ ਰੋਡ ’ਤੇ ਸੰਘਣੀ ਧੁੰਦ ਕਾਰਨ ਕੁਝ ਵੀ ਨਜ਼ਰ ਨਹੀਂ ਆ ਰਿਹਾ ਸੀ। ਇਸ ਦੌਰਾਨ ਕਾਰ ਅਚਾਨਕ ਬੇਕਾਬੂ ਹੋ ਕੇ ਇਕ ਰੁੱਖ ਨਾਲ ਜਾ ਟਕਰਾਈ ਤੇ ਖੇਤਾਂ ’ਚ ਉਤਰ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਦੇ ਪਰਖੱਚੇ ਹੀ ਉੱਡ ਗਏ ਤੇ ਦੋਵੇਂ ਕਾਰ ਸਵਾਰਾਂ ਦੀ ਮੌਕੇ ’ਤੇ ਹੀ ਮੌਤ ਹੋ ਗਈ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਪੁਲਸ ਟੀਮ ਮੌਕੇ ’ਤੇ ਪਹੁੰਚ ਗਈ ਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਅੰਮ੍ਰਿਤਸਰ 'ਚ ਤਸਕਰੀ ਦੇ ਵੱਡੇ ਮਾਡਿਊਲ ਦਾ ਪਰਦਾਫਾਸ਼, 5 ਕਿਲੋ ਹੈਰੋਇਨ ਸਮੇਤ ਡਰੱਗ ਸਰਗਨਾ ਕਾਬੂ

**ਕੌਮੀ ਪੱਤ੍ਰਿਕਾ**

ਚੰਡੀਗੜ੍ਹ/ਅੰਮ੍ਰਿਤਸਰ 2 ਨਵੰਬਰ। ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਇਕ ਡਰੱਗ ਸਰਗਨਾ ਨੂੰ 5.025 ਕਿਲੋ ਹੈਰੋਇਨ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰ ਦੇ ਨਸ਼ਾ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਰਾਜਪਾਲ ਸਿੰਘ (25) ਵਜੋਂ ਹੋਈ ਹੈ, ਜੋ ਕਿ ਛੇਹਰਟਾ, ਅੰਮ੍ਰਿਤਸਰ ਵਿਚ ਮਜੀਦ ਬਿਲਡਿੰਗ ਦਾ ਰਹਿਣ ਵਾਲਾ ਹੈ। ਮੁਲਜ਼ਮ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਸ ਵਿਰੁੱਧ ਐਨਡੀਪੀਐਸ ਐਕਟ ਅਤੇ ਆਰਮਜ਼ ਐਕਟ ਦੀਆਂ ਧਾਰਾਵਾਂ ਤਹਿਤ ਮਾਮਲੇ ਦਰਜ ਹਨ। ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤਾ ਗਿਆ ਮੁਲਜ਼ਮ, ਪਾਕਿਸਤਾਨੀ ਹੈਂਡਲਰ ਵੱਲੋਂ ਸੰਚਾਲਿਤ ਇਕ ਸਰਹੱਦ ਪਾਰ ਦਾ ਨੈੱਟਵਰਕ ਚਲਾ ਰਿਹਾ ਸੀ ਅਤੇ ਡੇਰਾ ਬਾਬਾ ਨਾਨਕ ਸੈਕਟਰ ਦੀ ਵਰਤੋਂ ਕਰਕੇ ਸਰਹੱਦ ਪਾਰੋਂ ਡਰੋਨ ਰਾਹੀਂ ਸੁੱਟੀਆਂ ਗਈਆਂ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਪ੍ਰਾਪਤ ਕਰਦਾ ਸੀ। ਇਸ ਮਾਮਲੇ ਵਿਚ ਅਗਲੇ ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ ਤਾਂ ਜੋ ਪੂਰੇ ਗਠਜੋੜ ਦਾ




ਪਰਦਾਫਾਸ਼ ਕੀਤਾ ਜਾ ਸਕੇ। ਇਸ ਕਾਰਵਾਈ ਸੰਬੰਧੀ ਵੇਰਵੇ ਸਾਂਝੇ ਕਰਦੇ ਹੋਏ ਪੁਲਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਅਗਸਤ 2025 ਵਿਚ ਇਕ ਨਸ਼ਾ ਤਸਕਰ ਲੱਕੀ ਨੂੰ 3 ਕਿਲੋਗ੍ਰਾਮ ਹੈਰੋਇਨ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ, ਉਸੇ ਮਾਮਲੇ ਦੇ ਅਗਲੇ- ਪਿਛਲੇ ਸਬੰਧਾਂ ਦੀ ਜਾਂਚ ਦੌਰਾਨ, ਪੁਲਸ ਟੀਮਾਂ ਨੇ ਰਾਜਪਾਲ ਸਿੰਘ ਦੀ ਸ਼ਮੂਲੀਅਤ ਪਾਈ , ਜਿਸ ਕਾਰਨ ਉਸਨੂੰ ਐਫਆਈਆਰ ਵਿਚ ਨਾਮਜ਼ਦ ਕੀਤਾ ਗਿਆ ਸੀ। ਇਸ ਤੋਂ ਬਾਅਦ, 19 ਅਕਤੂਬਰ ਨੂੰ ਪੁਲਸ ਟੀਮਾਂ ਨੇ ਰਾਜਪਾਲ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਸਦੇ ਖੁਲਾਸੇ ਅਤੇ ਸ਼ਨਾਖ਼ਤ ਤੋਂ ਬਾਅਦ 5.025 ਕਿਲੋਗ੍ਰਾਮ ਹੋਰ ਹੈਰੋਇਨ ਬਰਾਮਦ ਕੀਤੀ। ਸੀ.ਪੀ. ਨੇ ਕਿਹਾ ਕਿ ਦੋਸ਼ੀ ਰਾਜਪਾਲ ਨਸ਼ੀਲੇ ਪਦਾਰਥਾਂ ਦੀ ਖੇਪ ਨੂੰ ਛੁਪਾਉਣ ਲਈ ਕੱਪੜਿਆਂ ਨਾਲ ਭਰੇ ਬੈਗਾਂ ਦੀ ਵਰਤੋਂ ਕਰ ਰਿਹਾ ਸੀ ਅਤੇ ਉਨ੍ਹਾਂ ਬੈਗਾਂ ਨੂੰ ਸੁਰੱਖਿਅਤ ਢੰਗ ਨਾਲ ਟਿਕਾਣੇ 'ਤੇ ਭੇਜਣ ਲਈ ਬੱਸਾਂ ਰਾਹੀਂ ਜਲੰਧਰ ਅਤੇ ਲੁਧਿਆਣਾ ਸਮੇਤ ਵੱਖ-ਵੱਖ ਬੱਸ ਅੱਡਿਆਂ ▾ਤੇ ਪਹੁੰਚਾਇਆ ਜਾਂਦਾ ਸੀ। ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਆਸ ਹੈ। ਇਸ ਸਬੰਧ ਵਿਚ ਅੰਮ੍ਰਿਤਸਰ ਦੇ ਥਾਣਾ ਛੇਹਰਟਾ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21-ਬੀ, 21-ਸੀ, 27-ਏ ਅਤੇ 29 ਤਹਿਤ ਐਫਆਈਆਰ ਨੰਬਰ 151 ਮਿਤੀ 07-08-2025 ਪਹਿਲਾਂ ਹੀ ਕੇਸ ਦਰਜ ਕੀਤਾ ਜਾ ਚੁੱਕਾ ਹੈ।

## ਘਰੋਂ ਨਿਕਲਿਆ ਜਵਾਨ ਪੁੱਤ ਨਾ ਮੁੜਿਆ ਵਾਪਸ, ਸਵੇਰੇ ਹਾਲ ਦੇਖ ਮਾਪਿਆਂ ਦੀਆਂ ਨਿਕਲੀਆਂ ਚੀਕਾਂ

ਨੈਸ਼ਨਲ ਡੈਸਕ 2 ਨਵੰਬਰ। ਉੱਤਰ ਪ੍ਰਦੇਸ਼ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ, ਜਿੱਥੇ ਵੀਰਵਾਰ ਸਵੇਰੇ ਗੋਰਖਪੁਰ ਦੇ ਪਿਪਰਾਈਚ ਇਲਾਕੇ ਦੇ ਇੱਕ ਪਿੰਡ ਵਿੱਚ 22 ਸਾਲਾ ਨੌਜਵਾਨ ਦੀ ਲਾਸ਼ ਪਾਣੀ ਦੀ ਟੈਂਕੀ ਤੋਂ ਲਟਕਦੀ ਮਿਲੀ। ਮ੍ਰਿਤਕ ਦੀ ਪਛਾਣ ਵਿਕਾਸ ਉਰਫ਼ ਅਭਿਸ਼ੇਕ ਭਾਰਤੀ ਵਜੋਂ ਹੋਈ ਹੈ, ਜੋ ਸਮਸਪੁਰ ਮੁਦੀਲਾ ਗ੍ਰਾਮ ਸਭਾ ਦੇ ਪੁਰ ਮੁਦੀਲਾ ਪਿੰਡ ਦਾ ਰਹਿਣ ਵਾਲਾ ਸੀ। ਪਰਿਵਾਰ ਦੇ ਅਨੁਸਾਰ ਵਿਕਾਸ ਬੁੱਧਵਾਰ ਸ਼ਾਮ ਤੋਂ ਲਾਪਤਾ ਸੀ ਅਤੇ ਉਸ ਨੇ ਆਖਰੀ ਵਾਰ ਉਸ ਦਿਨ ਰਾਤ 9 ਵਜੇ ਦੇ ਕਰੀਬ ਆਪਣੇ ਪਿਤਾ ਨਾਲ ਫ਼ੋਨ 'ਤੇ ਗੱਲ ਕੀਤੀ ਸੀ, ਜਿਸ ਵਿਚ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਉਹ ਘਰ ਵਾਪਸ ਆ ਰਿਹਾ ਹੈ। ਪੁਲਸ ਨੇ ਕਿਹਾ ਕਿ ਪਿੰਡ ਵਾਸੀਆਂ ਨੇ ਵੀਰਵਾਰ ਸਵੇਰੇ ਪਿੰਡ ਦੀ ਪਾਣੀ ਦੀ ਟੈਂਕੀ ਤੋਂ ਉਸ ਦੀ ਲਾਸ਼ ਲਟਕਦੀ ਦੇਖੀ ਅਤੇ ਤੁਰੰਤ ਪੁਲਸ ਨੂੰ ਸੂਚਿਤ ਕੀਤਾ। ਪਿਪਰਾਈਚ ਪੁਲਸ ਸਟੇਸ਼ਨ ਦੇ ਅਧਿਕਾਰੀ ਮੌਕੇ 'ਤੇ ਪਹੁੰਚੇ ਤੇ ਲਾਸ਼ ਨੂੰ ਹੇਠਾਂ ਉਤਾਰ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਵਿਕਾਸ ਇੱਕ ਸੀ.ਜੇ. ਦੀ ਦੁਕਾਨ 'ਤੇ ਮਜ਼ਦੂਰ ਵਜੋਂ ਕੰਮ ਕਰਦਾ ਸੀ, ਜਦੋਂ ਕਿ ਉਸ ਦਾ ਪਿਤਾ ਇੱਕ ਮਿਸਤਰੀ ਹੈ। ਉਹ ਦੋ ਭਰਾਵਾਂ ਅਤੇ ਇੱਕ ਭੈਣ ਵਿੱਚੋਂ ਸਭ ਤੋਂ ਛੋਟਾ ਸੀ। ਪਰਿਵਾਰ ਨੇ ਦੋਸ਼ ਲਗਾਇਆ ਹੈ ਕਿ ਵਿਕਾਸ ਦੀ ਹੱਤਿਆ ਕੀਤੀ ਗਈ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਵਿਕਾਸ ਦਾ ਕਿਸੇ ਹੋਰ ਭਾਈਚਾਰੇ ਦੀ ਇੱਕ ਕੁੜੀ ਨਾਲ ਪ੍ਰੇਮ ਸਬੰਧ ਸੀ, ਜਿਸ ਕਾਰਨ ਪਰਿਵਾਰ ਵਿੱਚ ਤਣਾਅ ਸੀ। ਪਿਪਰਾਈਚ ਪੁਲਸ ਸਟੇਸ਼ਨ ਦੇ ਇੰਚਾਰਜ ਅਤੁਲ ਕੁਮਾਰ ਸ਼੍ਰੀਵਾਸਤਵ ਨੇ ਦੱਸਿਆ ਕਿ ਪੋਸਟਮਾਰਟਮ ਰਿਪੋਰਟ ਆਉਣ ਤੋਂ ਬਾਅਦ ਮੌਤ ਦਾ ਕਾਰਨ ਸਪੱਸ਼ਟ ਹੋ ਜਾਵੇਗਾ।

## ਰੂਪਨਗਰ ਵਿਖੇ ਪਟਾਕਿਆਂ ਕਾਰਨ ਅੱਧੀ ਦਰਜਨ ਤੋਂ ਵੱਧ ਵਿਅਕਤੀ ਹੋਏ ਜ਼ਖ਼ਮੀ

ਰੂਪਨਗਰ 2 ਨਵੰਬਰ। ਦੀਵਾਲੀ ਮੌਕੇ ਪਟਾਕਿਆਂ ਦੇ ਕਾਰਨ ਅੱਧੀ ਦਰਜਨ ਤੋਂ ਵੱਧ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਲਿਆਂਦਾ ਗਿਆ। ਸਿਵਲ ਹਸਪਤਾਲ ਰੂਪਨਗਰ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ 21 ਅਕਤੂਬਰ ਨੂੰ ਦੀਵਾਲੀ ਤਿਉਹਾਰ ਦੌਰਾਨ ਪਟਾਕਿਆਂ ਕਾਰਨ ਕਈ ਵਿਅਕਤੀ ਜ਼ਖ਼ਮੀ ਹੋ ਗਏ ਜਿਨ੍ਹਾਂ 'ਚ ਗੁਰਿੰਦਰ ਸਿੰਘ (38) ਪੁੱਤਰ ਜਸਪਾਲ ਸਿੰਘ ਨਿਵਾਸੀ ਗੁਰਦਾਸਪੁਰ, ਜਗਪਾਲ ਸਿੰਘ ਨਿਵਾਸੀ ਠੌਣਾ, ਸੰਜੀਵ ਕੁਮਾਰ (27) ਪੁੱਤਰ ਅਮਰਪਾਲ ਨਿਵਾਸੀ ਰੂਪਨਗਰ, ਸੰਜੀਵ ਕੁਮਾਰ (38) ਪੁੱਤਰ ਅਨੋਖੇ ਲਾਲ ਅਤੇ ਬਿਕਰਮ ਸਿੰਘ (34) ਪੁੱਤਰ ਗੁਰਦੇਵ ਸਿੰਘ, ਗੁਰਸ਼ਾਂਤ ਸਿੰਘ (13) ਪੁੱਤਰ ਸਰਬਜੀਤ ਸਿੰਘ ਨਿਵਾਸੀ ਝੱਲੀਆਂ ਕਲਾਂ ਆਦਿ ਦੇ ਨਾਮ ਸ਼ਾਮਲ ਹਨ। ਜ਼ਖ਼ਮੀਆਂ ਨੂੰ ਇਲਾਜ ਮਗਰੋਂ ਘਰ ਭੇਜ ਦਿੱਤਾ ਗਿਆ। ਇਹ ਪਤਾ ਚੱਲਿਆ ਹੈ ਕਿ ਉਕਤ ਵਿਅਕਤੀਆਂ ਤੋਂ ਇਲਾਵਾ ਹੋਰ ਵਿਅਕਤੀ ਵੀ ਪਟਾਕਿਆਂ ਦੇ ਕਾਰਨ ਜ਼ਖ਼ਮੀ ਹੋਏ ਹਨ। ਜ਼ਿਕਰਯੋਗ ਹੈ ਕਿ 20 ਅਕਤੂਬਰ ਨੂੰ ਪਟਾਕਿਆਂ ਦੇ ਕਾਰਨ ਦੋ ਦਰਜਨ ਤੋਂ ਵੱਧ ਵਿਅਕਤੀ ਜ਼ਖ਼ਮੀ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਅਤੇ 21 ਅਕਤੂਬਰ ਵਾਲੇ ਦਿਨ ਅੱਧੀ ਦਰਜਨ ਤੋਂ ਵੱਧ ਵਿਅਕਤੀ ਜ਼ਖ਼ਮੀ ਹੋਏ ਹਨ। ਦੂਜੇ ਪਾਸੇ ਸਿਵਲ ਹਸਪਤਾਲ 'ਚ ਇਲਾਜ ਲਈ ਪਹੁੰਚੇ ਬਿਕਰਮ ਸਿੰਘ ਤੇ ਹੋਰਾਂ ਨੇ ਰੋਸ ਜ਼ਾਹਿਰ ਕਰਦੇ ਦੱਸਿਆ ਕਿ ਉਹ ਰਾਤ ਨੂੰ ਪਟਾਕਿਆਂ ਦੇ ਕਾਰਨ ਜ਼ਖ਼ਮੀ ਹੋਣ ਮਗਰੋਂ ਸਿਵਲ ਹਸਪਤਾਲ 'ਚ ਇਲਾਜ ਲਈ ਪਹੁੰਚੇ ਪਰ ਉਨ੍ਹਾਂ ਨੂੰ ਕਾਫੀ ਦੇਰ ਇਲਾਜ ਨਹੀ ਮਿਲਿਆ। ਉਨ੍ਹਾਂ ਦੱਸਿਆ ਕਿ ਪਟਾਕਿਆਂ ਦੇ ਕਾਰਨ ਹੋਰ ਵੀ ਜ਼ਖ਼ਮੀ ਵਿਅਕਤੀ ਦਰਦ ਕਾਰਨ ਕੁਰਲਾ ਰਹੇ ਸਨ ਪਰ ਇਲਾਜ ਨਾ ਮਿਲਣ ਕਾਰਨ ਉਨ੍ਹਾਂ ਨੂੰ ਭਾਰੀ ਪ੍ਰੇਸ਼ਾਨੀ ਹੋਈ। ਉਨ੍ਹਾਂ ਮੰਗ ਕੀਤੀ ਕਿ ਜ਼ਿਲ੍ਹੇ ਦੇ ਸਰਕਾਰੀ ਹਸਪਤਾਲ 'ਚ ਸਿਹਤ ਸੁਵਿਧਾਵਾਂ ਨੂੰ ਚੁਸਤ ਦਰੁਸਤ ਅਤੇ ਯਕੀਨੀ ਬਣਾਇਆ ਜਾਵੇ।

### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR -2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.


### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.


### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.


### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.


### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.


### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.


### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.


### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.


### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.


### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose


### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.


### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.


### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.


### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

ਮਿੰਨੀ ਕਹਾਣੀ

## ਭਾਰ



ਭਾਵੇਂ ਕਮਲੇਸ਼ ਦਾ ਵਿਆਹ ਹੋਏ ਨੂੰ ਦੋ ਸਾਲ ਹੋ ਗਏ ਸਨ ਪਰ ਉਸ ਦੇ ਹਾਲੇ ਕੋਈ ਬੱਚਾ ਨਹੀਂ ਹੋਇਆ ਸੀ। ਉਸ ਦਾ ਪਤੀ ਵੀ ਬੱਚੇ ਲਈ ਬਹੁਤਾ ਉਤਸੁਕ ਨਹੀਂ ਸੀ ਜਾਪਦਾ। ਇਸੇ ਲਈ ਉਸ ਨੇ ਬੱਚੇ ਲਈ ਹਾਲੇ ਕਿਸੇ ਲੇਡੀ ਡਾਕਟਰ ਤੋਂ ਸਲਾਹ ਨਹੀਂ ਸੀ ਲਈ। ਦੂਜੇ ਪਾਸੇ ਉਸ ਦੀ ਜਠਾਣੀ ਪਰਮਜੀਤ ਦੇ ਲਗਾਤਾਰ ਚਾਰ ਕੁੜੀਆਂ ਨੇ ਜਨਮ ਲੈ ਲਿਆ ਸੀ। ਕਮਲੇਸ਼ ਨੂੰ ਵਿਆਹੀ ਆਈ ਨੂੰ ਹਾਲੇ ਦਸ ਦਿਨ ਹੀ ਹੋਏ ਸਨ ਜਦੋਂ ਪਰਮਜੀਤ ਨੇ ਚੌਥੀ ਕੁੜੀ ਨੂੰ ਜਨਮ ਦਿੱਤਾ ਸੀ। ਕਮਲੇਸ਼ ਨੂੰ ਚੰਗੀ ਤਰ੍ਹਾਂ ਯਾਦ ਸੀ, ਚੌਥੀ ਕੁੜੀ ਦੇ ਜਨਮ ਲੈਣ ’ਤੇ ਪਰਮਜੀਤ ਨੇ ਰੋ-ਰੋ ਆਪਣਾ ਬੁਰਾ ਹਾਲ ਕਰ ਲਿਆ ਸੀ ਕਿਉਂ ਕਿ ਉਸ ਦਾ ਸਹੁਰਾ ਪਰਿਵਾਰ ਕੁੜੀਆਂ ਦੇ ਜਨਮ ਲਈ ਉਸ ਨੂੰ ਹੀ ਦੋਸ਼ੀ ਸਮਝਦਾ ਸੀ। ਭਾਵੇਂ ਕਮਲੇਸ਼ ਨੇ ਉਸ ਨੂੰ ਇਹ ਸਮਝਾਉਣ ਦੀ ਬੜੀ ਕੋਸ਼ਿਸ਼ ਕੀਤੀ ਸੀ ਕਿ ਔਰਤ ਕੁੜੀ ਦੇ ਜਨਮ ਲਈ ਕਿਸੇ ਤਰ੍ਹਾਂ ਵੀ ਜ਼ਿੰਮੇਵਾਰ ਨਹੀਂ ਹੈ ਫਿਰ ਵੀ ਉਸ ਨੂੰ ਆਪਣੇ ਆਪ ਨੂੰ ਸੰਭਾਲਣ ਵਿਚ ਕਾਫ਼ੀ ਸਮਾਂ ਲੱਗ ਗਿਆ ਸੀ।

ਅੱਜ ਫਿਰ ਪਰਮਜੀਤ ਨੇ ਪੰਜਵੀਂ ਕੁੜੀ ਨੂੰ ਜਨਮ ਦਿੱਤਾ ਸੀ। ਸਾਰਾ ਸਹੁਰਾ ਪਰਿਵਾਰ ਫਿਰ ਕੁੜੀ ਹੋਣ ’ਤੇ ਉਦਾਸੀ ਦੇ ਸਮੁੰਦਰ ਵਿਚ ਡੁੱਬ ਗਿਆ। ਇਹ ਵੇਖ ਕੇ ਪਰਮਜੀਤ ਦਾ ਸਰੀਰ ਬਿਲਕੁਲ ਠੰਢਾ ਪੈ ਗਿਆ। ਕਮਲੇਸ਼ ਨੇ ਹਿੰਮਤ ਕਰ ਕੇ ਆਪਣੇ ਪਤੀ ਨੂੰ ਲਾਗਲੇ ਪਿੰਡ ਤੋਂ ਡਾਕਟਰ ਲਿਆਉਣ ਲਈ ਕਿਹਾ। ਡਾਕਟਰ ਨੇ ਆ ਕੇ ਪਰਮਜੀਤ ਦਾ ਚੈੱਕਅੱਪ ਕੀਤਾ। ਉਸ ਦਾ ਬਲੱਡ ਪ੍ਰੈਸ਼ਰ ਕਾਫ਼ੀ ਘੱਟ ਸੀ। ਡਾਕਟਰ ਨੇ ਪਰਮਜੀਤ ਦੇ ਇਕ ਟੀਕਾ ਲਾਇਆ ਅਤੇ ਗੋਲੀਆਂ ਖਾਣ ਨੂੰ ਦਿੱਤੀਆਂ। ਇਕ ਘੰਟੇ ਪਿੱਛੋਂ ਉਸ ਦੀ ਸਿਹਤ ਕੁਝ ਠੀਕ ਹੋ ਗਈ। ‘ਕਮਲੇਸ਼ ਮੈਂ ਤਾਂ ਐਤਕੀਂ ਰੱਬ ਅੱਗੇ ਵੀ ਬੜੀਆਂ ਅਰਦਾਸਾਂ ਕੀਤੀਆਂ ਕਿ ਉਹ ਮੈਨੂੰ ਪੁੱਤ ਦੀ ਦਾਤ ਬਖ਼ਸ਼ ਦੇਵੇ ਤੇ ਮੇਰੇ ਮੱਥੇ ’ਤੇ ਜਿਹੜਾ ਕੁੜੀਆਂ ਜੰਮਣ ਦਾ ਕਲੰਕ ਲੱਗਾ ਆ, ਉਹ ਮਿਟ ਜਾਵੇ ਪਰ ਉਸ ਨੇ ਵੀ ਮੇਰੀ ਅਰਦਾਸ ਨਹੀਂ ਸੁਣੀ।’ ਇੰਨਾ ਕਹਿ ਕੇ ਪਰਮਜੀਤ ਨੇ ਅੱਖਾਂ ਭਰ ਲਈਆਂ। ਕਮਲੇਸ਼ ਨੇ ਉਸ ਦੀਆਂ ਅੱਖਾਂ ਤੌਲੀਏ ਨਾਲ ਸਾਫ਼ ਕੀਤੀਆਂ ਅਤੇ ਆਖਿਆ, ‘ਦੀਦੀ, ਤੂੰ ਇਹ ਕੁੜੀ ਮੇਰੀ ਝੋਲੀ ਪਾ ਦੇ।’ ਮੇਰੇ ਕਿਹੜਾ ਹਾਲੇ ਕੋਈ ਬੱਚਾ ਹੋਇਆ। ਮੈਂ ਇਸ ਨੂੰ ਮਾਂ ਬਣਕੇ ਪਾਲਾਂਗੀ, ਪੜ੍ਹਾਵਾਂਗੀ, ਉੱਚੇ ਅਹੁਦੇ ’ਤੇ ਲੁਆਵਾਂਗੀ ਤੇ ਉਨ੍ਹਾਂ ਦੇ ਮੂੰਹ ਬੰਦ ਕਰਾਂਗੀ ਜੋ ਕੁੜੀਆਂ ਨੂੰ ਭਾਰ ਸਮਝਦੇ ਆ।’

• **ਮਹਿੰਦਰ ਸਿੰਘ ਮਾਨ,** 99158-03554



## ਬਾਬਾ ਬੁੱਧ ਸਿੰਘ ਢਾਹਾਂ ਦੇ ਨਾਂ ਗੁਰਭਜਨ ਗਿੱਲ ਵੱਲੋਂ ਲਿਖੀ ਇਕ ਲੰਮੀ ਕਵਿਤਾ



98726-31199

### ਇਹ ਤਾਂ ਜੋਤ ਨਿਰੰਤਰ ਕੋਈ

ਦਰਦ ਪਰੁੱਚੀ ਧਰਤੀ ਉੱਤੇ ,  
ਜਿੱਥੇ ਬਹੁਤੇ ਲੋਕੀਂ ਸੁੱਤੇ ,  
ਚਾਰ ਚੁਫੇਰੇ ਅੰਨ੍ਹੀ ਬੋਲੀ ,  
ਨ੍ਹੇਰੀ ਵੀ ਤੇਜ਼ ਵਗੇ ।  
ਫਿਰ ਵੀ ਵੇਖੋ ,  
ਇਸ ਝੱਖੜ ਵਿਚ ਸੁਰਖ਼ ਚਿਰਾਗ਼ ਜਗੇ ।

ਗੁਰੂ ਨਾਨਕ ਦੇ ਸਿੱਖ ਦੀ ਬੁੱਧ ਨੇ,  
ਰੱਕੜਾਂ ਦੇ ਵਿਚ ਡੇਰਾ ਲਾਇਆ ।  
ਕੱਲਰਾਂ ਦੀ ਚਮਕਾਰ ਡਰਾਵੇ ,  
ਪਰ ਲੋਕਾਂ ਤੋਂ ਸ਼ਕਤੀ ਲੈ ਕੇ ,  
ਰੜੇ ਮੈਦਾਨ ’ਚ ਕੰਵਲ ਉਗਾਇਆ।

‘ਢਾਹਾਂ’ ਵਾਲੇ ਅਰਥ ਬਦਲ ਕੇ,  
ਕੀਤੀ ਉਸ ਨੇ ਇੰਝ ਉਸਾਰੀ।  
ਦੁਆਬੇ ਦੀ ਧਰਤੀ ਅੰਦਰ,  
ਜੋੜੀ ਸਗਲ ਸ੍ਰਿਸ਼ਟੀ ਸਾਰੀ ।

ਬੱਬਰਾਂ ਦੀ ਮਿੱਟੀ ਦਾ ਜਾਇਆ।  
ਛੱਡ ਕੇ ਵੱਸਦਾ ਦੇਸ਼ ਕੈਨੇਡਾ ।  
ਮੁੜ ਆਪਣੇ ਵਤਨਾਂ ਵੱਲ ਧਾਇਆ।  
ਵੀਹਵੀਂ ਸਦੀ ਦੇ ਅੰਤ ਪਹਿਰ ਵਿਚ,  
ਉਸ ਨੇ ਗ਼ਦਰੀ ਬਾਬਿਆਂ ਵਾਲਾ  
ਵਰਕਾ ਪਲਟ, ਪਾਠ ਦੁਹਰਾਇਆ ।

ਉਸ ਨੇ ਚਾਹਿਆ।  
ਜੇ ਲੋਕਾਂ ਨੂੰ ਸਿਹਤ ਸਹੂਲਤ,  
ਸਿੱਖਿਆ ਦੇ ਸੰਸਾਰ ਦੀ ਸੋਝੀ,  
ਘਰ ਬੈਠੇ ਹਾਸਲ ਹੋ ਜਾਵੇ ।  
ਉਸ ਤੋਂ ਮਗਰੋਂ ਮੈਨੂੰ ਭਾਵੇਂ ,  
ਅਗਲਾ ਸਾਹ ਆਵੇ ਨਾ ਆਵੇ ।

ਉਸ ਨੇ ਹੋਕਾ ਦਿੱਤਾ ਲੋਕੋ,  
ਚੱਖਣਾ ਜਿਸ ਨੇ ਅਸਲੀ ਮੇਵਾ,  
ਕਰੋ ਸਮਰਪਿਤ ਜ਼ਿੰਦਗੀ ਏਥੇ,  
ਧਰਮ ਬਣਾਓ ਮਾਨਵ ਸੇਵਾ।

ਸਿਰਫ਼ ਵਿਖਾਵਾ ਨਿਰਾ ਕਪਟ ਹੈ,  
ਗੁਰੂ ਨਾਨਕ ਦੇ ਬੋਲ ਪੁਗਾਉ ।  
ਸੇਵਾ ਸਿਮਰਨ ਅਤੇ ਸ਼ਬਦ ਨੂੰ,  
ਘਰ-ਘਰ ਅੰਦਰ ਤੁਰਤ ਪੁਚਾਉ ।

ਗੁਰੂ ਨਾਨਕ ਦੇ ਸਿੱਖ ਨੇ ਕੀਤੀ,  
ਕੁੱਲ ਦੁਨੀਆ ਨੂੰ ਇੰਜ ਅਪੀਲ।  
ਨਾ ਧਿਰਿਆਂ ਦੀ ਧਿਰ ਬਣ ਜਾਓ,  
ਜਿਨ੍ਹਾਂ ਦਾ ਨਾ ਕੋਈ ਵਕੀਲ ।

ਕੁਲ ਆਲਮ ਨੇ ਸੁਣਿਆ ਸਾਰੇ ,  
ਬਾਬੇ ਨੇ ਜੋ ਲਾਇਆ ਨਾਅਰਾ ।  
ਪਰਤ ਕਿਹਾ, ਤੂੰ ਫ਼ਿਕਰ ਕਰੀਂ ਨਾ  
ਅਸੀਂ ਦਿਆਂਗੇ ਠੋਸ ਹੁੰਗਾਰਾ।

ਲੋਕ ਸ਼ਕਤੀਆਂ ਦੇ ਰੱਬ ਸੁਣਿਆ,  
ਇਸ ਦਰਗਾਹੇ ਇਹ ਜੈਕਾਰਾ,  
ਅੱਖ ਪਲਕਾਰੇ ਦੇ ਵਿਚ ਤੱਕਿਆ,  
ਸੁੱਕੇ ਰੁੱਖ ਨੂੰ ਪਿਆ ਫੁਟਾਰਾ।

ਦੁਆਬੇ ਦੀ ਬਾਤ ਜਦੋਂ ਇਹ,  
ਤੁਰ ਪਈ ਸੱਤ ਸਮੁੰਦਰੋਂ ਪਾਰ।  
ਕੁਲ ਆਲਮ ਨੇ ਇਕ ਸੁਰ ਹੋ ਕੇ,  
ਸਿਰਜ ਲਿਆ ਅਦਭੁੱਤ ਸੰਸਾਰ।

ਇਸ ਕਥਨ ਨੂੰ ਸੱਚ ਕਰ ਜਾਣਿਆਂ,  
ਘਰ ਬਾਹਰ ਤੇਰਾ ਭਰਵਾਸਾ ।  
ਨੇਕ ਕਮਾਈ ਕਰਨ ਵਾਲਿਆਂ ,  
ਭਰ ਦਿੱਤਾ ਮੂੰਹ ਤੀਕਣ ਕਾਸਾ ।

ਸੁਪਨੇ ਤੋਂ ਨਿਰਮਾਣ ਤੀਕਰਾਂ,  
ਜੋ ਵੀ ਰਾਹ ਵਿਚ ਰੋੜੇ ਆਏ।  
ਚੁਗ-ਚੁਗ ਲੋਕਾਂ ਆਪ ਹਟਾਏ ।  
ਤਾਂ ਜੋ ਸਾਂਝੇ ਸੁਪਨੇ ਨੂੰ,  
ਕੋਈ ਆਂਚ ਨਾ ਆਵੇ।

ਏਸ ਕਾਫ਼ਲੇ ਅੰਦਰ ਰਲ ਗਏ,  
ਦੀਨ, ਦੁਨੀ ਤੇ ਹਰਕਤ ਵਾਲੇ ।  
ਤਾਂ ਹੀ ਇਸ ਧਰਤੀ ’ਤੇ ਉੱਗੇ,  
ਸੁਪਨ ਸੁਨਹਿਰੀ ਬਰਕਤ ਵਾਲੇ ।

ਇਸ ਭਵਨ ਦੀ ਨੀਂਹ ਦੇ ਹੇਠਾਂ,  
ਬੈਠੇ ਨੇ ਜੋ ਲੋਕ ਅਸੀਲ ।  
ਉਨ੍ਹਾਂ ਵਿੱਚੋਂ ਇਕ ਸਿਦਕਣ ਵੀ ਹੈ,  
ਲੋਕੀਂ ਜਿਸ ਨੂੰ ਕਹਿਣ ਸੁਸ਼ੀਲ।

ਉਹ ਆਪਣੇ ਲਈ ਦੁਨੀਆ ਕੋਲੋਂ,  
ਸੁੱਖਾਂ ਪਰੁੱਚੀ ਥਾਂ ਨਹੀਂ ਮੰਗਦੀ।  
ਇੱਟਾਂ ਉੱਪਰ ਲਿਖਿਆ ਗੂੜ੍ਹਾ,  
ਲਿਸ਼ ਲਿਸ਼ਕੰਦੜਾ ਨਾਂ ਨਹੀਂ ਮੰਗਦੀ।  
ਇਹ ਤਾਂ ਕ੍ਰਿਪਾ ਬਿਰਖਾਂ ਦੀ ਹੈ,  
ਆਪਣੇ ਮੂੰਹੋਂ ਛਾਂ ਨਹੀਂ ਮੰਗਦੀ।

ਇਹ ਤਾਂ ਜੋਤ ਨਿਰੰਤਰ ਕੋਈ,  
ਤੂਫ਼ਾਨਾਂ ਤੋਂ ਬਚ ਕੇ ਆਈ।  
ਕਰਮ ਭੂਮ ਬਣ ਗਈ ਕਲੇਰਾਂ,  
ਹੋਰ ਕਿਸੇ ਥਾਂ ਜੰਮੀਂ ਜਾਈ।

ਜੰਗਲ ਦੇ ਵਿਚ ਮੰਗਲ ਇੱਥੇ ,  
ਨਾ ਧਿਰਿਆਂ ਦੀ ਜਿੱਥੇ ਥਾਂ ਹੈ।  
ਮੇਰੀ ਇਹ ਸ਼ਬਦਾਂ ਦੀ ਅੰਜੁਲੀ ,  
ਸਾਂਭੋ, ਇਹ ਸਭ ਉਸ ਦੇ ਨਾਂ ਹੈ ।



# ਪੰਜਾਬੀ ਭਾਸ਼ਾ ਨੂੰ ਸਮਰਪਿਤ ਸਨ ਤਾਰਾ ਸਿੰਘ ਅਨਜਾਣ



• **ਪ੍ਰਕਾਸ਼ ਸਿੰਘ ਗਿੱਲ**  
092126-32234

ਪੰਜਾਬੀ ਭਾਸ਼ਾ ਅਤੇ ਪੰਜਾਬੀਅਤ ਨੂੰ ਸਮਰਪਿਤ ਤਾਰਾ ਸਿੰਘ ਅਨਜਾਣ ਨੇ ਆਪਣਾ ਸਾਰਾ ਜੀਵਨ ਮਾਂ ਬੋਲੀ ਨੂੰ ਸਮਰਪਿਤ ਕੀਤਾ ਹੋਇਆ ਸੀ। ਜੀਵਨ ਦੇ ਅਖੀਰਲੇ ਸੁਆਸਾਂ ਤਕ ਪੰਜਾਬੀ ਭਾਸ਼ਾ ਦੀ ਚੜ੍ਹਦੀ ਕਲਾ ਵਾਸਤੇ ਖ਼ੈਰ ਮੰਗਣ ਵਾਲੇ ਅਨਜਾਣ ਰਾਜਧਾਨੀ ਦਿੱਲੀ ਵਿਚ ਪੰਜਾਬੀ ਦਾ ਇਹੋ ਜਿਹਾ ਬੂਟਾ ਲਾ ਗਏ ਜਿਸ ਦੀ ਛਾਂ ਸਦੀਆਂ ਤਕ ਨਸਲਾਂ ਮਾਣਦੀਆਂ ਰਹਿਣਗੀਆਂ। ਭਾਵੇਂ ਕਿ ਉਨ੍ਹਾਂ ਦੇ ਨਾਂ ਨਾਲ ਜੁੜਿਆ ਸ਼ਬਦ ‘ਅਨਜਾਣ’ ਲੋਕਾਂ ਵਿਚ ਹੈਰਾਨੀ ਦਾ ਪ੍ਰਤੀਕ ਸੀ ਲੇਕਿਨ ਉਹ ਸਿੱਖ ਰਹੁ-ਰੀਤਾਂ ਤੇ ਪੰਜਾਬੀਅਤ ਤੋਂ ਚੰਗੀ ਤਰ੍ਹਾਂ ਜਾਣੂ ਸਨ। ਉਨ੍ਹਾਂ ਨੇ ਆਪਣਾ ਜੀਵਨ ਸਰਕਾਰੀ ਸਕੂਲ ’ਚ, ਪੰਜਾਬੀ ਭਾਸ਼ਾ ਦੇ ਅਧਿਆਪਕ ਵਜੋਂ ਆਰੰਭ ਕੀਤਾ।

ਅਨਜਾਣ ਨੇ ਪੜ੍ਹਾਉਣ ਦੇ ਨਾਲ-ਨਾਲ ਪੰਜਾਬੀ ਭਾਸ਼ਾ ਦੇ ਪ੍ਰਚਾਰ-ਪ੍ਰਸਾਰ ਨੂੰ ਆਪਣਾ ਮੁੱਢਲਾ ਫ਼ਰਜ਼ ਹੀ ਨਹੀ ਬਣਾਇਆ ਬਲਕਿ ਪੰਜਾਬੀ ਭਾਸ਼ਾ ਅਧਿਆਪਕ ਐਸੋਸੀਏਸ਼ਨ (ਰਜਿ.) ਵਰਗੀ ਸੰਸਥਾ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਬਣ ਕੇ ਸਰਕਾਰਾਂ ਨਾਲ ਮੱਥਾ ਲਾਉਂਦੇ ਹੋਏ ਪੰਜਾਬੀ ਬੋਲੀ ਦੇ ਵਿਤਕਰੇ ਵਿਰੁੱਧ ਸਮੇਂ-ਸਮੇਂ ’ਤੇ ਆਵਾਜ਼ ਵੀ ਉਠਾਈ। ਦਿੱਲੀ ਵਿਚ ਮਸ਼ਹੂਰ ਜੀ ਤਿਕੜੀ (ਤਾਰਾ ਸਿੰਘ ਅਨਜਾਣ, ਜਗਦੀਸ਼ ਕੌਸ਼ਲ, ਐੱਨਆਰ ਗੋਇਲ) ਵਿੱਚੋਂ ਅਨਜਾਣ ਜੀ ਇਕ ਸਨ। ਜਿਨ੍ਹਾਂ ਵਿਦਿਆਰਥੀਆਂ ਨੂੰ ਉਸ ਨੇ ਪੰਜਾਬੀ ਭਾਸ਼ਾ ਨਾਲ ਜੋੜਿਆ ਅੱਜ ਉਹੀ ਵਿਦਿਆਰਥੀ ਸਕੂਲਾਂ ਤੇ ਕਾਲਜਾਂ ਵਿਚ ਪੰਜਾਬੀ ਅਧਿਆਪਨ ਦੀ ਸੇਵਾ ਨਿਭਾਅ ਰਹੇ ਹਨ। ਆਪ ਨਾਮਧਾਰੀ ਸੰਪ੍ਰਦਾਇ ਨਾਲ ਸਬੰਧਤ ਸਨ। ਨਾਮਧਾਰੀ ਲਹਿਰ ਦੇ ਬਾਨੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਬਾਰੇ ਸਕੂਲੀ ਪਾਠਕ੍ਰਮਾਂ ਰਾਹੀਂ ਵਿਦਿਆਰਥੀਆਂ ਨੂੰ ਨਾਮਧਾਰੀ ਜੀਵਨ ਜਾਚ ਬਾਰੇ ਵਿਸਤਾਰ ਸਹਿਤ ਜਾਣਕਾਰੀ ਮੁਹੱਈਆ ਕਰਾ ਸਕੇ। ਇਸ ਗੱਲ ਦਾ ਵੀ ਸਿਹਰਾ ਇਨ੍ਹਾਂ ਨੂੰ ਜਾਂਦਾ ਹੈ।

ਆਪ ਦੀ ਵਿਦਵਤਾ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਦਿੱਲੀ ਤੇ ਇਸ ਤੋਂ ਬਾਹਰ ਨਿੱਜੀ ਤੇ ਸਰਕਾਰੀ ਅਨੇਕਾਂ ਸੰਸਥਾਵਾਂ ਨਾਲ ਆਪ ਜੀਵਨ ਦੇ ਅਖੀਰਲੇ ਪਲ ਤਕ ਜੁੜੇ ਰਹੇ। ਇਸ ਤੋਂ ਇਲਾਵਾ ਉਸ ਨੇ ਪੰਜਾਬੀ, ਹਿੰਦੀ ਅਤੇ ਇੰਗਲਿਸ਼ ਭਾਸ਼ਾ ਦੀਆਂ ਅਨੇਕਾਂ ਪੁਸਤਕਾਂ ਨੂੰ ਸਾਹਿਤ ਜਗਤ ਦੀ ਝੋਲੀ ਵਿਚ ਪਾਇਆ। ਸੀਬੀਐੱਸਈ, ਐੱਨਸੀਈਆਰਟੀ, ਐੱਸਸੀਈਆਰਟੀ, ਨੈਸ਼ਨਲ ਓਪਨ ਸਕੂਲ, ਦਿੱਲੀ ਯੂਨੀਵਰਸਿਟੀ ਤੇ ਹੋਰ ਅਨੇਕਾਂ ਯੂਨੀਵਰਸਿਟੀਆਂ ਦੇ ਪਾਠਕ੍ਰਮ ਕਮੇਟੀਆਂ ਦੇ ਆਪ ਮੈਂਬਰ ਬਣੇ ਰਹੇ। ਨਾਮਧਾਰੀ ਦਰਬਾਰ ਵੱਲੋਂ ਕੱਢੇ ਜਾਂਦੇ ਹਫ਼ਤਾਵਾਰੀ ਅਖ਼ਬਾਰ ‘ਸਤਿਜੁਗ’ ਦੇ ਸੰਪਾਦਨ ਰਾਹੀਂ ਉਨ੍ਹਾਂ ਨੇ ਸੰਪ੍ਰਦਾਇ ਦੀਆਂ ਗਤੀਵਿਧੀਆਂ ਬਾਰੇ ਵੀ ਸਾਰਿਆਂ ਨੂੰ ਜਾਣੂ ਕਰਵਾਉਂਦੇ ਰਹੇ।

### ਪੰਜਾਬੀਅਤ ਨੂੰ ਪਿਆਰ

*ਤਾਰਾ ਸਿੰਘ ਅਨਜਾਣ ਦੇ ਪੰਜਾਬੀ ਅਤੇ ਪੰਜਾਬੀਅਤ ਪ੍ਰਤੀ ਪਿਆਰ ਨੂੰ ਵੇਖਦੇ ਹੋਏ ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਪੰਜਾਬੀ ਅਕਾਦਮੀ, ਐੱਨਡੀਐੱਮਸੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਸਾਹਿਤ ਸਭਾ ਅਤੇ ਵਿਦੇਸ਼ਾਂ ਦੀਆਂ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀ ਜੀਵਨ ਸਾਥਣ ਮਰਹੂਮ ਜਸਪਾਲ ਕੌਰ ਉਨ੍ਹਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਪੰਜਾਬੀ ਭਾਸ਼ਾ ਦੀ ਸੇਵਾ ਵਿਚ ਸਮਰਪਿਤ ਰਹੀ।*



**ਪੰਜਾਬੀਅਤ ਨੂੰ ਸਮਰਪਿਤ ਤਾਰਾ ਸਿੰਘ ਅਨਜਾਣ ਦਿੱਲੀ ਤੇ ਇਸ ਤੋਂ ਬਾਹਰ ਨਿੱਜੀ ਤੇ ਸਰਕਾਰੀ ਸੰਸਥਾਵਾਂ ਨਾਲ ਜੀਵਨ ਦੇ ਅਖੀਰਲੇ ਪਲ ਤਕ ਜੁੜੇ ਰਹੇ...**

ਪੰਜਾਬੀਅਤ ਪ੍ਰਤੀ ਆਪ ਦੇ ਪਿਆਰ ਨੂੰ ਵੇਖਦੇ ਹੋਏ ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਪੰਜਾਬੀ ਅਕਾਦਮੀ, ਐੱਨਡੀਐੱਮਸੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਬੀ ਸਾਹਿਤ ਸਭਾ ਅਤੇ ਵਿਦੇਸ਼ਾਂ ਦੀਆਂ ਸੰਸਥਾਵਾਂ ਵੱਲੋਂ ਸਨਮਾਨਿਤ ਵੀ ਕੀਤਾ ਗਿਆ। ਉਨ੍ਹਾਂ ਦੀ ਜੀਵਨ ਸਾਥਣ ਮਰਹੂਮ ਜਸਪਾਲ ਕੌਰ ਉਨ੍ਹਾਂ ਦੇ ਮੋਢੇ ਨਾਲ ਮੋਢਾ ਡਾਹ ਕੇ ਪੰਜਾਬੀ ਭਾਸ਼ਾ ਦੀ ਸੇਵਾ ਵਿਚ ਸਮਰਪਿਤ ਰਹੀ।

ਉਨ੍ਹਾਂ ਦੀ ਯਾਦ ਵਿਚ ਸਥਾਪਿਤ ਕੀਤੀ ਸੰਸਥਾ ‘ਸਰਦਾਰਨੀ ਜਸਪਾਲ ਕੌਰ ਟਰੱਸਟ’ ਮੌਜੂਦਾ ਸਮੇਂ ਵਿਚ ਪੰਜਾਬੀ ਭਾਸ਼ਾ ਰਾਹੀਂ ਸਿਵਿਲ ਸੇਵਾਵਾਂ ਰਾਹੀਂ ਆਈਏਐੱਸ ਬਣਨ ਵਾਲੇ ਉਮੀਦਵਾਰਾਂ ਨੂੰ ਸਨਮਾਨਿਤ ਕਰਨ ਦਾ ਕਾਰਜ ਕਰ ਰਹੀ ਹੈ।

ਤਾਰਾ ਸਿੰਘ ਅਨਜਾਣ ਦੀ ਘਾਟ ਪੰਜਾਬੀ ਜਗਤ ਨੂੰ ਹਮੇਸ਼ਾ ਰਹੇਗੀ। ਲੇਕਿਨ ਉਨ੍ਹਾਂ ਦੇ ਪਾਏ ਪੂਰਨਿਆਂ ’ਤੇ ਚੱਲਦੇ ਹੋਏ ਅੱਜ ਵੀ ਅਨੇਕਾਂ ਵਿਦਿਆਰਥੀ ਪੰਜਾਬੀ ਭਾਸ਼ਾ ਦੇ ਅਧਿਆਪਨ ਵਿਚ ਆਉਣਾ ਮਾਣ ਦੀ ਗੱਲ ਸਮਝਦੇ ਹਨ। •

ਕਵਿਤਾ

## ਸੁਪਨਾ



**ਡਾ. ਇੰਦਰਜੀਤ ਸਿੰਘ ਸੰਧੂ**  
95011-05656

ਸੁਪਨਿਆਂ ਦੇ ਸ਼ਹਿਰ ਦੀਆਂ ਤੰਗ ਸੜਕਾਂ ’ਤੇ  
ਵਗਦੀ ਸੰਘਣੀ ਇਕ ਭੀੜ ਨੂੰ ਚੀਰਦਾ  
ਮੈਂ ਤੇਜ਼ ਰਫ਼ਤਾਰ ਤੁਰਦਾ ਜਾ ਰਿਹਾ ਸੀ  
ਆਪਣੀ ਕੁੱਖ ਵਿਚ ਪਲਦੇ ਗੀਤ ਨੂੰ ਸਾਂਭਦਿਆਂ  
ਉਸ ਰਾਤ ਮੈਂ ਤੈਨੂੰ ਮਿਲਣ ਆ ਰਿਹਾ ਸੀ।

ਹਾਏ ਰੱਬਾ ਇਹ ਕੈਸਾ ਅਜੀਬ ਸ਼ਹਿਰ ਸੀ  
ਚਾਰ ਚੁਫੇਰੇ ਸਫ਼ੈਦ ਸੰਘਣੀ ਜਿਹੀ ਗਹਿਰ ਸੀ  
ਹਰ ਮੋੜ ’ਤੇ ਮੈਂ ਤੇਰਾ ਪਤਾ ਪੁੱਛਿਆ ਸੀ  
ਦੂਰ ਤਕ ਤੁਰਨ ਮਗਰੋਂ ਮੈਂ ਥੱਕਿਆ ਸੀ  
ਅਕਲਾਂ ਦਾ ਛਿੱਕਾ ਟੰਗ ਬਹਿ ਗਿਆ ਸੀ।

ਫਿਰ ਮੇਰੇ ਵਿਸ਼ਵਾਸ ਦੇ ਇਕ ਚੁਰਾਹੇ ਤੋਂ  
ਅਚਨਚੇਤ ਮੈਂ ਤੈਨੂੰ ਬੋਲਦੇ ਸੁਣਿਆ ਸੀ  
ਤੇਰਾ ਹਰ ਬੋਲ ਅੰਮ੍ਰਿਤ ਤੋਂ ਮਿੱਠਾ ਸੀ  
ਆਪਣਾ ਚਿਹਰਾ ਤੂੰ ਹੱਥਾਂ ’ਚ ਫੜਿਆ ਸੀ  
ਉਸੇ ਪਲ ਉੱਠ ਮੈਂ ਤੇਰੇ ਵੱਲ ਨੱਸਿਆ ਸੀ।

ਆਪਣੀ ਗਲਵਕੜੀ ’ਚ ਤੂੰ ਮੈਨੂੰ ਘੁੱਟਿਆ ਸੀ  
ਤੂੰ ਪਹਿਲਾਂ ਹੱਸਿਆ, ਫਿਰ ਬਹੁਤ ਰੋਇਆ ਸੀ  
ਫਿਰ ਕੁਝ ਪਲ ਤੂੰ ਖ਼ਾਮੋਸ਼ ਖੜ੍ਹਿਆ ਸੀ  
ਨਾ ਕੁਝ ਪੁੱਛਿਆ, ਨਾ ਕੁਝ ਦੱਸਿਆ ਸੀ  
ਮੇਰੀ ਛਾਤੀ ਨੂੰ ਕੋਸਾ ਜਿਹਾ ਤਾਪ ਚੜ੍ਹਿਆ ਸੀ।

ਮੇਰਾ ਹੱਥ ਫੜ ਕੇ ਤੂੰ ਤੁਰਦਾ ਜਾ ਰਿਹਾ ਸੀ  
ਮੇਰਾ ਇਕ ਗੀਤ ਤੂੰ ਅੱਜ ਗਾ ਰਿਹਾ ਸੀ  
ਜੋ ਤੇਰੇ ਸਿਰ ਤੋਂ ਕਦੇ ਮੈਂ ਵਾਰਿਆ ਸੀ  
ਫਿਰ ਹਨੇਰਾ ਚਾਨਣ ਵੱਲ ਵੱਧ ਰਿਹਾ ਸੀ  
ਸਮਾਂ ਜਿਵੇਂ ਹਰ ਪਲ ਨੂੰ ਖਾ ਰਿਹਾ ਸੀ।

ਮੇਰਾ ਹੱਥ ਛੱਡ ਤੂੰ ਥਰਥਰਾ ਰਿਹਾ ਸੀ  
ਮੈਨੂੰ ਮੁੜ ਜਾਣ ਲਈ ਤੂੰ ਕਹਿ ਰਿਹਾ ਸੀ  
ਮੈਥੋਂ ਮੇਰੇ ਜਿਉਣ ਦਾ ਵਾਅਦਾ ਲੈ ਰਿਹਾ ਸੀ  
ਵਿਦਾ ਹੋਣ ਲੱਗਿਆਂ ਤੂੰ ਕੁਝ ਤੱਕ ਰਿਹਾ ਸੀ  
ਮੈਂ ਬਹੁਤ ਰੋ ਰਿਹਾ ਸੀ, ਤਰਲੇ ਪਾ ਰਿਹਾ ਸੀ।

ਅੱਜ ਪਹਿਲੀ ਵਾਰ ਮੈਂ ਤੈਨੂੰ ਮਿਲ ਕੇ ਆ ਰਿਹਾ ਸੀ  
ਸ਼ਬਦਾਂ ’ਤੇ ਬੈਠ ਸਫ਼ਿਆਂ ਦੇ ਦਰਿਆ ਲੰਘ ਰਿਹਾ ਸੀ  
ਬੀਤੇ ਸਮੇਂ ਦੇ ਹਰ ਇਕ ਪਲ ਨੂੰ ਮੈਂ ਸਮੇਟ ਰਿਹਾ ਸੀ  
ਤੇਰੇ ਵਾਅਦੇ ਦਾ ਮੁੱਲ ਰੱਖਣ ਲਈ ਮੁੜ ਰਿਹਾ ਸੀ  
ਅਣਜਨਮੇ ਗੀਤ ਨੂੰ ਮੈਂ ਜਨਮ ਦੇਣ ਜਾ ਰਿਹਾ ਸੀ।

ਮਿੰਨੀ ਕਹਾਣੀ

## ਆਜ਼ਾਦੀ



• **ਨਵਨੀਤ ਸਿੰਘ**  
96468-65500

ਸ਼ਾਮ ਨੂੰ ਘਰ ਆਇਆਂ ਤਾਂ ਬੇਬੇ ਬਾਪੂ ਨੂੰ ਹਾਲ ਪੁੱਛ ਬੱਚਿਆਂ ਕੋਲ ਚਲਾ ਗਿਆ। ਕਮਰੇ ’ਚ ਦਾਖ਼ਲ ਹੁੰਦਿਆਂ ਮੇਰੀ ਧੀ ਮੇਰੇ ਵੱਲ ਵੇਖ ਅੱਜ ਉਦਾਸ ਨਜ਼ਰ ਆਈ। ਅੱਜ ਉਸ ਨੇ ਮੇਰੇ ਤੋਂ ਕੋਈ ਚਾਕਲੇਟ, ਕੁਰਕਰੇ ਨਹੀਂ ਮੰਗੇ ਖਾਣ ਨੂੰ। ਲੜਕੇ ਨੇ ਆਉਂਦਿਆਂ ਹੀ ਜੇਬਾਂ ਫਰੋਲਣੀਆਂ ਸ਼ੁਰੂ ਕਰ ਦਿੱਤੀਆਂ, ਪਾਪਾ ਚੀਜ਼ੀ ਦਿਉ। ਮੈਂ ਬੱਚਿਆਂ ਨੂੰ ਆਪਣੇ ਗਲ਼ ਨਾਲ ਲਾਇਆ। ਦੋ-ਚਾਰ ਦਿਨ ਏਦਾਂ ਹੀ ਹੁੰਦਾ ਰਿਹਾ। ਧੀ ਦੇ ਚਿਹਰੇ ਦੀ ਉਦਾਸੀ ਨੇ ਮੈਨੂੰ ਵੀ ਉਦਾਸ ਕਰ ਦਿੱਤਾ। ਆਖ਼ਰ ਗੱਲ ਕੀ ਏ, ਮਾਂ ਦਾ ਸਾਇਆ ਨਹੀਂ ਸਿਰ ’ਤੇ ਸ਼ਾਇਦ ਇਸ ਲਈ ਉਦਾਸ ਹੋਣੀ ਪਰ ਪਹਿਲਾਂ ਏਹ ਕਦੇ ਨਹੀਂ ਹੋਇਆ ਸੀ।

ਰਾਤ ਨੂੰ ਉਹ ਸੌਂ ਗਈ, ਮੇਰੀ ਗੋਦੀ ’ਚ ਸਿਰ ਰੱਖ। ਮੇਰੀ ਵੀ ਅੱਖ ਲੱਗ ਗਈ। ਸੁੱਤੀ ਪਈ ਨੇ ਮੇਰੀ ਉਂਗਲ ਨੂੰ ਉਸ ਨੇ ਏਦਾਂ ਘੁੱਟ ਕੇ ਫੜਿਆ ਸੀ ਜਿਵੇਂ ਮੈਨੂੰ ਕਹਿੰਦੀ ਹੋਵੇ ‘ਪਾਪਾ ਮੈਨੂੰ ਛੱਡ ਕੇ ਨਾ ਜਾਣਾ’। ਸਵੇਰ ਹੋਈ ਤਾਂ ਉਸ ਦੀਆਂ ਗੁੱਤਾਂ ’ਤੇ ਰਿਬਨ ਬੰਨ੍ਹਦੇ ਬੰਨ੍ਹਦੇ ਪਿਆਰ ਨਾਲ ਪੁੱਛਿਆ, ‘ਰਾਣੋ, ਮੇਰੀ ਧੀ ਉਦਾਸ ਕਿਉਂ ਰਹਿੰਦੀ। ਕੀ ਹੋਇਆ, ਕਿਸੇ ਨੇ ਕੁੱਝ ਕਿਹਾ? ਸਕੂਲ ਟੀਚਰ, ਗਲੀ ਗੁਆਂਢ, ਪੈਸੇ ਕਰਕੇ ਜਾਂ ਹੋਰ ਪਰੇਸ਼ਾਨੀ ਤਾਂ ਦੱਸ ਧੀ ਮੇਰੀ’। ‘ਨਹੀਂ ਨਹੀਂ ਪਾਪਾ ਏਦਾਂ ਦੀ ਕੋਈ ਗੱਲ ਨਹੀਂ। ਕੁੱਝ ਦਿਨ ਪਹਿਲਾਂ ਸਕੂਲ ਤੋਂ ਘਰ ਆ ਰਹੀ ਸੀ, ਨੇੜਲੇ ਪੈਲਸ ਦੇ ਬਾਹਰ ਇਕ ਵਹੁਟੀ ਨਾ ਉੱਚੀ-ਉੱਚੀ ਰੋ ਰਹੀ ਸੀ, ਕਦੇ ਉਹਦੇ ਪਾਪਾ ਉਸ ਦੇ ਅੱਥਰੂ ਪੂੰਝਦੇ, ਕਦੇ ਆਪਣੇ। ਮੈਂ ਇਕ ਅੰਟੀ ਨੂੰ ਪੁੱਛਿਆ, ‘ਅੰਟੀ ਆ ਅੰਕਲ ਤੇ ਵਹੁਟੀ ਕਿਉਂ ਰੋ ਰਹੇ। ਅੰਟੀ ਕਹਿੰਦੇ, ‘ਧੀਏ ਇਹ ਦੁਨੀਆ ਦਾ ਦਸਤੂਰ ਆ, ਸਾਰੀ ਉਮਰ ਮਾਤਾ ਪਿਤਾ ਆਪਣੀ ਧੀ ਨੂੰ ਜਾਨ ਨਾਲੋਂ ਵੱਧ ਪਿਆਰ ਕਰਦੇ ਨੇ ਤੇ ਆਹ ਵਿਆਹ ਵੇਲੇ ਧੀ ਦੀ ‘ਡੋਲੀ’ ਤੋਰਨ ਵੇਲੇ ਬਾਪ ਏਵੇਂ ਰੋਂਦਾ ਜਿਵੇਂ ਰੱਬ ਰੋਂਦਾ ਹੋਵੇ।

ਬਸ ਬਾਪੂ ਇਹੋ ਗੱਲ ਮੇਰੇ ਦਿਮਾਗ਼ ’ਚ ਹੈ ਤੁਸੀਂ ਵੀ ਮੈਨੂੰ ਤੋਰ ਦੇਣਾ। ਬਾਪੂ ਮੈਂ ਤੈਨੂੰ ਛੱਡ ਕਿਤੇ ਨਹੀਂ ਜਾਣਾ। ਮੇਰੀ 8 ਸਾਲ ਦੀ ਧੀ ਉੱਚੀ-ਉੱਚੀ ਰੋਈ ਜਾਵੇ ਨਾਲ ਕਮਲੀ ਮੈਨੂੰ ਰੁਆਈ ਜਾਵੇ। ਉਸ ਨੂੰ ਚੁੱਪ ਕਰਵਾਉਣ ਲਈ ਮੈਂ ਉਸਦਾ ਮੱਥਾ ਚੁੰਮਿਆ ਤੇ ਖ਼ੁਦ ਨੂੰ ਹੌਸਲਾ ਦਿੱਤਾ। ਚੰਗਾ ਨਾ ਜਾਵੀਂ। ਉਹ ਕਮਲੀ ਮੇਰੀਆਂ ਬਾਹਵਾਂ ’ਚੋਂ ਨਿਕਲ ਏਦਾਂ ਵਿਹੜੇ ’ਚ ਝੂਮਣ ਲੱਗੀ ਜਿਵੇਂ ਕਿਸੇ ਚਿੜੀ ਨੂੰ ਪਿੰਜਰੇ ਵਿੱਚੋਂ ਆਜ਼ਾਦੀ ਮਿਲ ਗਈ ਹੋਵੇ। •

**ਸੁੱਤੀ ਪਈ ਨੇ ਮੇਰੀ ਉਂਗਲ ਨੂੰ ਉਸ ਨੇ ਏਦਾਂ ਘੁੱਟ ਕੇ ਫੜਿਆ ਸੀ ਜਿਵੇਂ ਮੈਨੂੰ ਕਹਿੰਦੀ ਹੋਵੇ ‘ਪਾਪਾ ਮੈਨੂੰ ਛੱਡ ਕੇ ਨਾ ਜਾਣਾ’...**

ਗ਼ਜ਼ਲਾਂ



**ਜਸਪ੍ਰੀਤ ਕੌਰ ਫ਼ਲਕ**  
88724-72838

ਆਪਣਾ ਜੀਵਨ ਰੰਗ ਲਿਆ ਹੈ,  
ਪਿਆਰ ਦੇ ਸੁੱਚੇ ਰੰਗਾਂ ਨਾਲ  
ਵੱਖਰਾ ਅੰਬਰ ਸਿਰਜ ਦਿਆਂ ਮੈਂ,  
ਸੋਚ ਅਦਾਵਾਂ ਸੰਗਾਂ ਨਾਲ।

ਮੇਰੇ ਸ਼ਬਦਾਂ ਨੇ ਮੇਰਾ,ਇਕ  
ਵੱਖਰਾ ਰੂਪ ਬਣਾ ਦਿੱਤਾ ਹੈ।  
ਦੋਵੇਂ ਬਾਹਵਾਂ ਭਰ ਲਈਆਂ ਨੇ,  
ਮੈਂ ਗ਼ਜ਼ਲਾਂ ਦੀਆਂ ਵੰਗਾਂ ਨਾਲ।

ਸੋਚ ਦੀ ਸ਼ਕਤੀ ਹਰ ਮਸਲੇ ਦਾ  
ਹਲ ਰੱਖਦੀ ਹੈ ਆਪਣੇ ਵਿਚ  
ਕੋਈ ਵੀ ਮਸਲਾ ਹਲ ਨਹੀਂ ਹੁੰਦਾ  
ਧਰਤੀ ਉੱਤੇ ਜੰਗਾਂ ਨਾਲ।

ਮੰਜ਼ਿਲ ਪੈਰ ਉਨ੍ਹਾਂ ਦੇ ਚੁੰਮਦੀ,  
ਹਰ ਮੁਕਾਮ ਹਰ ਪੈਂਡੇ ’ਤੇ  
ਸਫ਼ਰ ਦੀ ਨੀਤੀ ਤਹਿ ਕਰਦੇ ਜੋ  
ਬੜੇ ਉਸਾਰੂ ਢੰਗਾਂ ਨਾਲ।

ਸ਼ੇਅਰ ਮੇਰੀਆਂ ਸਭ ਗ਼ਜ਼ਲਾਂ ਦੇ,  
ਰੁੱਖ ਜਿਵੇਂ ਦਰਵੇਸ਼ ਜੇਹੇ  
‘ਫ਼ਲਕ’ ਸਦਾ ਹੀ ਖ਼ੁਸ਼ ਰਹਿੰਦੀ ਹੈ  
ਇਨ੍ਹਾਂ ਮਸਤ ਮਲੰਗਾਂ ਨਾਲ।

ਹੰਝੂ ਤੇ ਮੁਸਕਾਨ ਖ਼ਰੀਦੇ  
ਜਾਵਣ ਨਾ।  
ਮਹਿੰਗੇ ਨੇ ਅਰਮਾਨ ਖ਼ਰੀਦੇ  
ਜਾਵਣ ਨਾ।

ਜਿੱਥੇ ਦਿਲ ਵਿਚ ਮੋਹ ਦੇ  
ਦੀਵੇ ਜਗਦੇ ਨੇ,  
ਐਸੇ ਕਦੀ ਮਕਾਨ ਖ਼ਰੀਦੇ  
ਜਾਵਣ ਨਾ।

ਪਰਦੇਸਾਂ ਵਿਚ ਆ ਕੇ ਮਰ  
ਵੀ ਹੋਣਾ ਨਾ,  
ਮਹਿੰਗੇ ਨੇ ਸ਼ਮਸ਼ਾਨ ਖ਼ਰੀਦੇ  
ਜਾਵਣ ਨਾ।

ਲੈ ਨਾ ਪੰਖ ਉਧਾਰੇ ਆਪ  
ਉਡਾਰੀ ਭਰ,  
ਉੱਦਮ ਤੇ ਅਸਮਾਨ ਖ਼ਰੀਦੇ  
ਜਾਵਣ ਨਾ।

ਬੰਦਾ ਓਹੀ ਸਭ ਦੇ ਦਰਦ  
ਵੰਡਾਵੇ ਜੋ,  
ਹਰ ਇਕ ਦੇ ਅਹਿਸਾਨ  
ਖ਼ਰੀਦੇ ਜਾਵਣ ਨਾ।

ਤੇਰੀ ਮਿਹਨਤ, ਤੇਰਾ  
ਰੁਤਬਾ ਹੋਵੇਗੀ,  
ਇੱਜ਼ਤ ਤੇ ਸਨਮਾਨ ਖ਼ਰੀਦੇ  
ਜਾਵਣ ਨਾ।

ਬਹੁਤੀ ਸ਼ੋਹਰਤ ਸਾਰੀ  
ਅਕਲ ਗਵਾ ਦੇਵੇ,  
ਵਿਕ ਗਏ ਜੋ ਇਮਾਨ  
ਖ਼ਰੀਦੇ ਜਾਵਣ ਨਾ।



**ਰਾਜਵਿੰਦਰ ਕੌਰ ਜਟਾਣਾ**

ਵਿਅੰਗਾਤਮਕ ਦੋਹੇ

ਅੱਜ ਕੱਲ੍ਹ ਸਾਡੇ ਆਸ਼ਿਕਾਂ ਦਾ ਆਵਾ ਗਿਆ ਊਤ।  
ਬੈਠੇ ਕਦਰਾਂ ਭੁੱਲ ਉਹ, ਵੇਖਣ ਅਪਣਾ ਸੂਤ।

ਚੂਰੀ ਕਿੱਥੇ ਕੁੱਟਦੀ, ਰਾਂਝੇ ਖ਼ਾਤਰ ਹੀਰ।  
ਪੀਂਦੀ ਕੌਫ਼ੀ ਚਾਕ ਤੋਂ, ਨਾਲੇ ਖਾਵੇ ਖੀਰ।

ਸੱਸੀ ਪੁੰਨੂ ਮਗਰ ਹੁਣ, ਹੁੰਦੀ ਨਾ ਬੇਹਾਲ।  
ਪਹਿਲਾ ਛੱਡ ਕੇ ਹੋਰ ਨੂੰ, ਝਬਦੇ ਲੈਂਦੀ ਭਾਲ।

ਹੁਣ ਸਾਹਿਬਾਂ ਨਾ ਭੱਜਦੀ, ਬੱਕੀ ਵਾਲੇ ਨਾਲ।  
ਆਖੇ ਮੈਨੂੰ ਛੱਡ ਤੂੰ, ਹੋਰ ਕੋਈ ਲੈ ਭਾਲ।

ਲੈਲ਼ਾ ਕਾਲੇ ਰੰਗ ’ਤੇ, ਪਾਊਡਰ ਮਲਦੀ ਢੇਰ।  
ਛੇਤੀ ਰੰਗ ਵਟਾਉਣ ਵਿਚ, ਲਾਵੇ ਕਿੱਥੇ ਦੇਰ।

ਵੇਖ ਜ਼ੁਲੈਖ਼ਾਂ ਤਾਂਘਦੀ, ਯੂਸਫ਼ ਵਿਚ ਵਿਦੇਸ਼।  
ਉਸ ਦੇ ਪਿੱਛੇ ਜਾਣ ਨੂੰ, ਰੱਖੇ ਘਰ ’ਚ ਕਲੇਸ਼।

ਸ਼ੀਰੀ ਪੁੱਛੇ ਫ਼ੋਨ ਕਰ, ਕਿੱਥੇ ਹੈ ਫ਼ਰਿਹਾਦ।  
ਛੇਤੀ ਕੋਠੀ ਪਹੁੰਚ ਤੂੰ, ਮੰਮੀ ਕਰਦੀ ਯਾਦ।

ਆਖੇ ਮਾਹੀਵਾਲ ਨੂੰ, ਸੋਹਣੀ ਕਰ ਕੇ ਫ਼ੋਨ।  
ਕਿੰਝ ਰਲਾਈ ਦੱਸ ਤੂੰ, ਭੈਣ ਮਿਰੀ ਸੰਗ ਟੋਨ।

ਸਹਿਤੀ ਕਹਿੰਦੀ ਹੀਰ ਨੂੰ, ਸੁਣ ਲੈ ਮੇਰੀ ਗੱਲ।  
ਭਾਲਾਂ ਬਦਲ ਮੁਰਾਦ ਦਾ, ਨਾਲ ਮਿਰੇ ਤੂੰ ਚੱਲ।

ਨਾ ਹੁਣ ਇੰਦਰ ਬਾਣੀਆ, ਬੇਗੋ ਪਿੱਛੇ ਲੱਗ।  
ਤੀਲੀ ਬਾਲ ਦੁਕਾਨ ਨੂੰ, ਕਦ ਲਾਉਂਦਾ ਹੈ ਅੱਗ।

ਅੱਜ ਕੱਲ੍ਹ ਨੱਢੀ ਲੋਚਦੀ, ਸੋਹਣਾ ਯਾਰ ਅਮੀਰ।  
ਲੈਂਦੀ ਫੁੰਡ ਸ਼ਿਕਾਰ ਦੋ, ਮਾਰੇ ਇੱਕੋ ਤੀਰ।

‘ਸੂਫ਼ੀ’ ਤੇਰੇ ਵਾਂਙ ਜੋ, ਆਸ਼ਿਕ ਹੈਨ ਹਕੀਕ।  
ਭੋਰੇ ਬਹਿ ਲਿਖਦੇ ਗ਼ਜ਼ਲ, ਆਖਣ ਗੱਲ ਸਟੀਕ।



**ਅਮਰ ‘ਸੂਫ਼ੀ’**  
98555-43660

ਗ਼ਜ਼ਲ



ਦਿਲ ਪੁੱਛਦਾ ਇਹ ਕਿੱਸਾ ਕੀ ਏ।  
ਤੇਰਾ ਉਸ ਦਾ ਰਿਸ਼ਤਾ ਕੀ ਏ।

ਖੜ੍ਹਾ-ਖੜ੍ਹਾ ਹੀ ਵਿਕ ਜਾਂਦਾ ਹੈ,  
ਬੰਦੇ ਨਾਲੋਂ ਸਸਤਾ ਕੀ ਏ।

ਉੱਡੀ ਦਾ ਨਹੀਂ ਹਵਾ ’ਚ ਐਵੇਂ,  
ਇਹ ਕੁਰਸੀ ਏਹ ਰੁਤਬਾ ਕੀ ਏ।

ਕਿੱਧਰੇ ਵੀ ਨਾ ਚਾਨਣ ਦਿਸਦਾ,  
ਦਿਨ ਚੜ੍ਹਿਆ ਤਾਂ ਚੜ੍ਹਿਆ ਕੀ ਏ।

ਅੰਬਰੋਂ ਜਦ ਕੋਈ ਤਾਰਾ ਟੁੱਟੇ,  
ਮੇਰੇ ਅੰਦਰੋਂ ਟੁੱਟਦਾ ਕੀ ਏ।

ਟਕਿਆਂ ਦੀ ਬਸ ਖੇਡ ਹੈ ਸਾਰੀ,  
ਇਸ ਦੁਨੀਆ ਵਿਚ ਮਹਿੰਗਾ ਕੀ ਏ।

‘ਗੀਤ’ ਨੂੰ ਏਹੋ ਸਮਝ ਨਾ ਆਵੇ,  
ਤੇਰਾ ਮੇਰਾ ਰਿਸ਼ਤਾ ਕੀ ਏ।



**ਸੰਗੀਤਾ ਭੰਡਾਰੀ**  
97790-39977

# ਖ਼ੂਨੀ ਵਿਸਾਖੀ ਦੀ ਅਣਗੌਲ਼ੀ ਕਵਿਤਾ



**ਇਸ ਕਾਲਮ ਅਧੀਨ ਅਸੀਂ ਜਲ੍ਹਿਆਂਵਾਲੇ ਬਾਗ਼ ਦੇ ਖ਼ੂਨੀ ਸਾਕੇ ਬਾਰੇ ਲਿਖੀ ਉਹ ਕਵਿਤਾ ਪਾਠਕਾਂ ਦੇ ਸਨਮੁਖ ਕਰਦੇ ਹਾਂ ਜਿਸ ਨੂੰ ਮੌਕੇ ਦੀ ਹਕੂਮਤ ਨੇ ਜ਼ਬਤ ਕਰ ਕੇ ਖ਼ਤਮ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਸੀ ਪਰ ਉਨ੍ਹਾਂ ਨੂੰ ਇਸ ’ਚ ਪੂਰਨ ਤੌਰ ’ਤੇ ਸਫਲਤਾ ਨਾ ਮਿਲੀ ਤੇ ਇਹ ਕਵਿਤਾ ਸਦੀਵੀ ਹੋ ਨਿਬੜੀ...**



• **ਡਾ. ਚਰਨਜੀਤ ਸਿੰਘ ਗੁਮਟਾਲਾ**  
00193757-39812

ਜਲ੍ਹਿਆਂਵਾਲਾ ਬਾਗ਼ ਸ਼ਹਾਦਤ ਦੇ 100 ਸਾਲ ਕਿਸ਼ਤ-7

### ਰਣਜੀਤ ਸਿੰਘ ਤਾਜਵਰ

ਰਣਜੀਤ ਸਿੰਘ ‘ਤਾਜਵਰ’ ਸੁਤੰਤਰਤਾ ਅੰਦੋਲਨ ਸਮੇਂ ਦਾ ਪ੍ਰਸਿੱਧ ਕਵੀ ਹੋਇਆ ਹੈ। ਉਹ 1931 ਵਿਚ ਤੇਜਾ ਸਿੰਘ ਭੁੱਚਰ ਦੁਆਰਾ ਸ਼ੁਰੂ ਕੀਤੇ ਪਰਚੇ ‘ਬੱਬਰ ਸ਼ੇਰ’ ਦੇ ਸੰਪਾਦਕੀ ਮੰਡਲ ਵਿਚ ਵੀ ਰਿਹਾ। ਉਸ ਨੇ ਕੁਝ ਸਮਾਂ ‘ਕ੍ਰਿਪਾਨ ਬਹਾਦਰ’ ਵਿਚ ਵੀ ਕੰਮ ਕੀਤਾ। ਇਹ ਸਾਡੀ ਖੋਜ-ਬਿਰਤੀ ਦੀ ਗ਼ਰੀਬੀ ਅਤੇ ਇਤਿਹਾਸ ਦੀ ਸਾਂਭ-ਸੰਭਾਲ ਪ੍ਰਤੀ ਅਰੁਚੀ ਦਾ ਹੀ ਪ੍ਰਮਾਣ ਹੈ ਕਿ ਇਸ ਕਵੀ ਬਾਰੇ ਹੋਰ ਕੋਈ ਜਾਣਕਾਰੀ ਉਪਲਬਧ ਨਹੀਂ। ਤਾਜਵਰ ਰਚਿਤ ਦੋ ਕਵਿਤਾਵਾਂ ‘ਮਰੀਏ’ ਅਤੇ ‘ਜਲ੍ਹਿਆਂ ਵਾਲਾ ਬਾਗ਼’ ਉਸ ਦੇ ਕਾਵਿ-ਸੰਗ੍ਰਹਿ ‘ਸ਼ਹੀਦੀ ਪ੍ਰਵਾਨਾ’ ਵਿੱਚੋਂ ਲਈਆਂ ਗਈਆਂ ਹਨ।

‘ਮਰੀਏ’ ਤੁਕਾਂਤ ਨਾਲ ਲਿਖੇ ਬਾਰਾਂਮਾਹ ਦੇ ਦੋ ਮਹੀਨਿਆਂ ਵੈਸਾਖ ਅਤੇ ਜੇਠ ਨਾਲ ਸਬੰਧਤ ਬੰਦਾਂ ਵਿਚ ਜਲ੍ਹਿਆਂ ਵਾਲੇ ਬਾਗ਼ ਵਿਚਲੇ ਹੱਤਿਆ-ਕਾਂਡ ਨੂੰ ਵਿਸ਼ਾ ਬਣਾਇਆ ਗਿਆ ਹੈ। ਕਵੀ ਦੇਸ਼ ਵਾਸੀਆਂ ਨੂੰ ਇਸ ਤ੍ਰਾਸਦੀ ਦੀ ਯਾਦ ਕਰਾ ਕੇ ਦੇਸ਼ ਦੀ ਸੁਤੰਤਰਤਾ ਲਈ ਜੂਝ ਮਰਨ ਦੀ ਪ੍ਰੇਰਨਾ ਦਿੰਦਾ ਹੈ।

### ਮਰੀਏ

*ਵੈਸਾਖ-ਵੇਖਾਂ ਬਾਗ਼ ਜੱਲ੍ਹਿਆਂ ਦਾ,*  
*ਦਿਲ ਚਾਹੁੰਦਾ ਹੈ ਵਿਚ ਜਾ ਮਰੀਏ।*  
*ਮੁਰਦੇ ਤੜਫ਼ਦੇ ਨੇ, ਘਾਇਲ ਘੁੰਮਦੇ ਨੇ,*  
*ਫੱਟੜ ਕੂਕਦੇ ਨੇ ‘ਹਾਇ’ ਹਾ ਮਰੀਏ।*  
*ਸਾਡੀ ਮੱਲ੍ਹਮ ਪੱਟੀ ਕੋਈ ਕਰੇ ਨਾਹੀ,*  
*ਅਸੀਂ ਜ਼ਖ਼ਮ ਖਾ ਕੇ ਤੜਫ਼ੜਾ ਮਰੀਏ।*  
*ਪਾਣੀ ਮਿਲੇ ਨਾਹੀਂ ਸੰਘ ਸੁੱਕਦਾ ਹੈ,*  
*ਜਾਨ ਲਬਾਂ ਉੱਪਰ ਅਟਕਾ ਮਰੀਏ।*  
*ਅੰਨ ਜਲ ਮੁੱਕਾ ਸਾਡਾ ਜ਼ਿਮੀ ਉੱਤੋਂ,*  
*ਅੱਖੀਂ ਅਰਸ਼ ਦੇ ਵੱਲ ਉਠਾ ਮਰੀਏ।*  
*ਡਾਇਰ ਫਾਇਰ ਕੀਤੇ ਅਸਾਂ ਸਹਿ ਲੀਤੇ,*  
*ਪੂਰੇ ਆਪਣੇ ਫ਼ਰਜ਼ ਪੁਗਾ ਮਰੀਏ।*  
*ਗਰਮ ਗੋਲ਼ੀਆਂ ਦੇ ਉੱਤੇ ਖ਼ੂਨ ਪਾ ਕੇ,*  
*ਠੰਢੇ ਕਰਨ ਦਾ ਢੰਗ ਸਿਖਲਾ ਮਰੀਏ।*  
*ਜਰ ਕੇ ਜ਼ਾਲਮਾਂ ਦੇ ਜ਼ੁਲਮ ਨਾਲ ਸ਼ਾਂਤੀ,*  
*‘ਸੱਤਯਗ੍ਰਹਿ’ ਦੇ ਪੂਰਨੇ ਪਾ ਮਰੀਏ।*  
*ਖਿੜੇ-ਖਿੜੇ ਮੱਥੇ ਜਾਨਾਂ ਵਾਰਨੇ ਦਾ,*  
*ਹਿੰਦੁਸਤਾਨ ਨੂੰ ਸਬਕ ਪੜ੍ਹਾ ਮਰੀਏ।*  
*ਇੱਕੋ ਥਾਂ ’ਕੱਠੇ ਕੁਰਬਾਨ ਹੋ ਕੇ,*  
*ਮੁਸਲਿਮ, ਸਿੱਖ, ਹਿੰਦੂ ਨੂੰ ਮਿਲਾ ਮਰੀਏ।*  
*ਸੁੱਕੇ ਸੰਘ ਕੂਕਾਂ ਮਾਰ ਅਰਸ਼ ਵੱਲੇ,*  
*ਹਿੰਦ ਵਾਸੀਆਂ ਨੂੰ ਇਹ ਸੁਣਾ ਮਰੀਏ।*  
*‘ਤਾਜਵਰ’ ਸਾਡੀ ਤੁਸੀਂ ਕਦਰ ਪਾਇਓ,*  
*ਅਸੀਂ ਹਿੰਦ ਤੋਂ ਘੋਲ ਘੁਮਾ ਮਰੀਏ।*  
*ਜੇਠ-ਜਾਗ ਉੱਠੋ ਹਿੰਦੀ ਸੂਰਬੀਰੋ,*  
*ਬਾਗ਼ ਜਲ੍ਹਿਆਂ ਦੇ ਵਿਚ ਜਾਇ ਮਰੀਏ।*  
*ਗੋਲ਼ੀ ਚੱਲ ਖਾਈਏ ਜ਼ਾਲਮ ਡਾਇਰ ਕੋਲੋਂ,*  
*ਵੀਰਾਂ ਨਾਲ ਹਿੱਸੇ ਵੰਡਾਇ ਮਰੀਏ।*  
*ਵੰਡੇ ਆਉਂਦੀਆਂ ਗੋਲ਼ੀਆਂ ਮਾਰ ਸਾਨੂੰ,*  
*ਜ਼ਾਲਮ ਡਾਇਰ ਨੂੰ ਆਉ ਸਮਝਾਇ ਮਰੀਏ।*  
*ਤੁਬਕਾ ਇਨ੍ਹਾਂ ਦੇ ਖ਼ੂਨ ਦਾ ਪਏ ਜਿੱਥੇ,*  
*ਉੱਥੇ ਖ਼ੂਨ ਦੇ ਵਹਿਣ ਵਹਾਇ ਮਰੀਏ।*  
*ਚੱਲੋ ਹੋਏ ਟੋਟੇ ਸੱਭੇ ਹਿੰਦ ਵਾਸੀ,*  
*ਵੀਰਾਂ ਨਾਲ ਹੀ ਜਿੰਦ ਘੁਮਾਇ ਮਰੀਏ।*  
*‘ਸ਼ਾਂਤੀ’ ਧਾਰ ਕੁਰਬਾਨ ਹੋਇ ਵੀਰ ਜਿੱਥੇ,*  
*ਅੰਗ-ਅੰਗ ਉੱਥੇ ਕਟਵਾਇ ਮਰੀਏ।*  
*ਜਿੱਥੇ ਤੜਫ਼ਦੀਆਂ ਲੋਥਾਂ ਨੰਗੀਆਂ ਨੇ,*  
*ਬਿਨਾਂ ਕਫ਼ਨਾਂ ਤਕ ਤਕਾਇ ਮਰੀਏ।*  
*ਆਵੋ ਨੰਗਿਆਂ ਹਿੰਦ ਪ੍ਰਵਾਨਿਆਂ ਨੂੰ,*  
*ਖੱਲ ਆਪਣੀ ਦੇ ਕਫ਼ਨ ਪਾਇ ਮਰੀਏ।*  
*ਮਿੱਟੀ ਰੁਲਦਿਆਂ ਨੂੰ ਇਸ਼ਨਾਨ ਅੰਤਮ,*  
*ਖ਼ੂਨ ਆਪਣੇ ਨਾਲ ਕਰਵਾਇ ਮਰੀਏ।*  
*ਅੱਧਮੋਏ ਫੱਟੜ ਕਈ ਕੂਕਦੇ ਨੇ,*  
*ਹਾਇ ! ਬਾਲ ਪਾਣੀ ਭਟਕਾਇ ਮਰੀਏ।*  
*ਪਾਣੀ ਮਿਲੇ ਨਾ ਜੇ, ਜਿਸਮ ਆਪਣੇ ਦਾ,*  
*ਲਹੂ ਕੱਢ ਕੇ ਇਨ੍ਹਾਂ ਪਿਲਾਇ ਮਰੀਏ।*  
*‘ਤਾਜਵਰ’ ਤ੍ਰਿਖਾ ਨਾਲ ਮਰਨ ਨਾਹੀ,*  
*ਪਿਆਸ ਇਨ੍ਹਾਂ ਦੀ ਇੰਜ ਬੁਝਾਇ ਮਰੀਏ।*

‘ਜਲ੍ਹਿਆਂ ਵਾਲੇ ਬਾਗ਼’ ਕਵਿਤਾ ਵਿਚ ਕਵੀ ਪਹਿਲਾਂ ਤਾਂ ਇੱਥੇ ਵਾਪਰੇ ਕਤਲਿਆਮ ਦੀ ਝਾਕੀ ਵਿਖਾ ਕੇ ਉਸ ਦੇ ਫਲਸਰੂਪ ਉਤਪੰਨ ਹੋਈ ਏਕਤਾ ਦਾ ਜ਼ਿਕਰ ਕਰਦਾ ਹੈ ਪਰ ਫਿਰ ਅਫ਼ਸੋਸ ਪ੍ਰਗਟਾਉਂਦਾ ਹੈ ਕਿ ਇਹ ਏਕਤਾ ਨਾ ਬਣੀ ਰਹਿਣ ਕਾਰਨ ਇਸ ਹੱਤਿਆ ਕਾਂਡ ਵਿਚ ਜਾਨ ਗਵਾਉਣ ਵਾਲੇ ਦੇਸ਼ ਵਾਸੀਆਂ ਦੀ ਕੁਰਬਾਨੀ ਅਜਾਈਂ ਗਈ। ਕਵੀ ਦਾ ਮਤ ਹੈ ਕਿ ਅਜਿਹੀ ਪ੍ਰਸਥਿਤੀ ਵਿਚ ‘ਰਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ’ ਕਹਿਣ ਨਾਲੋਂ ‘ਰੁਲਿਆ ਖ਼ੂਨ ਹਿੰਦੂ ਮੁਸਲਮਾਨ ਏਥੇ’ ਕਹਿਣਾ ਢੁੱਕਵਾਂ ਹੈ।

### ਜਲ੍ਹਿਆਂ ਵਾਲਾ ਬਾਗ਼

*ਆਪੋ ਆਪਣੇ ਦੁੱਖ ਫਰੋਲਣੇ ਨੂੰ,*  
*’ਕੱਠੇ ਹੋਏ ਦੁਖੀਏ ਸੱਭੇ ਆਨ ਏਥੇ।*  
*ਉਧਰ ਡਾਇਰ ਨੂੰ ਫਾਇਰ ਦਾ ਚਾਉ ਚੜ੍ਹਿਆ,*  
*ਆਇਆ ਮੋਰਚੇ ਤੁਰਤ ਜ਼ਮਾਨ ਇੱਥੇ।*  
*ਆਉਂਦੇ ਸਾਰ ਚੌਤਰਫ਼ ਤੋਂ ਘੱਤ ਘੇਰਾ,*  
*ਲੱਗਾ ਗੋਲ਼ੀਆਂ ਮੀਂਹ ਬਰਸਾਨ ਇੱਥੇ।*  
*ਰੱਖੀਂ ਖ਼ਲਕ ਬੇਦੋਸ਼ ਬੇਇਲਮ ਉੱਤੇ,*  
*ਝੁੱਲੇ ਅਬਰ ਖ਼ੂਨੀ ਕਹਿਰਵਾਨ ਇੱਥੇ।*  
*ਪਲੋ-ਪਲੀ ਦੇ ਵਿਚ ਹਨੇਰ ਆਇਆ,*  
*ਮੱਚ ਗਿਆ ਚੌਤਰਫ਼ ਤੂਫ਼ਾਨ ਇੱਥੇ।*  
*ਬੱਚੇ ਬਿਰਧ ਸਭ ਦਰੜ ਕੇ ਫਰੜ ਕੀਤੇ,*  
*ਲਾਹੇ ਖ਼ੂਬ ਬੇਦਰਦ ਨੇ ਘਾਨ ਇੱਥੇ।*  
*ਬਿਗਲ ਡਾਇਰ ਦਾ ਵੱਜਿਆ ਸਿਰ ਉੱਤੇ,*  
*ਸਰਾਫੀਲ ਦੇ ਸਿੰਙ ਸਮਾਨ ਇੱਥੇ।*  
*ਖੁੱਥੀ ਮੌਤ ਨਾ ਵਾਰ ਕੁਵਾਰ ਵੇਖੇ,*  
*ਕੀਤੇ ਖ਼ੂਨ ਦੇ ਬੈਹਰ ਰਵਾਨ ਇੱਥੇ।*  
*ਇੱਕੋ ਜਗ੍ਹਾ ਤੇ ਹਿੰਦੂਆਂ ਮੋਮਨਾਂ ਦੇ,*  
*ਭਲਾ ਕਾਸ ਨੂੰ ਬਣੇ ਸ਼ਮਸ਼ਾਨ ਇੱਥੇ।*  
*ਹਿੰਦ ਮਾਤ ਦੇ ਲਾਡਲੇ ਬੀਰ ਬੱਚੇ,*  
*ਕਾਹਦੇ ਵਾਸਤੇ ਹੋਏ ਕੁਰਬਾਨ ਇੱਥੇ।*  
*ਜਾਨਾਂ ਬੱਕਰੇ ਵਾਂਗ ਕੁਹਾਵਣੇ ਨੂੰ,*  
*ਨਿੱਤਰ ਪਏ ਕਿਉਂ ਮਰਦ ਮਰਦਾਨ ਇੱਥੇ।*  
*ਰਿਸ਼ਤਾ ਏਕਤਾ ਦਾ ਪੱਕਾ ਕਰਨ ਖ਼ਾਤਰ,*  
*ਰਲਿਆ ਖ਼ੂਨ ਹਿੰਦੂ ਮੁਸਲਮਾਨ ਇੱਥੇ।*  
*ਖ਼ਬਰ ਫੈਲ ਗਈ ਦੇਸ਼ ਪਰਦੇਸ ਸਾਰੇ,*  
*ਬੀਜ ਬੀਜਿਆ ਗਿਆ ਹੈ ਏਕਤਾ ਦਾ,*  
*ਖ਼ੂਨ ਸਿੰਜਿਆ ਦੇਸ਼ ਪ੍ਰਵਾਨਿਆ ਨੇ,*  
*ਖਿੜਸੀ ਕਦੀ ਸੋਹਣਾ ਗੁਲਸਤਾਨ ਇੱਥੇ।*  
*ਦੂਰੋਂ ਦੇਖ ਕੇ ਸ਼ਮ੍ਹਾਂ ਦੀ ਰੋਸ਼ਨੀ ਨੂੰ,*  
*ਉੱਡ-ਉੱਡ ਪਤੰਗ ਨੇ ਜਿਵੇਂ ਆਉਂਦੇ,*  
*ਸਾਡੀ ਤਿਵੇਂ ਇਹ ਕਤਲਗਾਹ ਦੇਖਣੇ ਨੂੰ,*  
*’ਕੱਠਾ ਕੁੱਲ ਹੋਇਆ ਹਿੰਦੋਸਤਾਨ ਇੱਥੇ।*  
*ਲੋਕੀਂ ਦੇਖ ਕੇ ਦੇਸ਼ ਦੀਵਾਨਿਆਂ ਦੇ,*  
*ਹੱਡ ਹੱਡੀਆਂ ਜਾ ਬਜਾ ਰੁਲਦੇ,*  
*ਧਰਤੀ ਲਾਲ ਗੁਲਾਲਵੀਂ ਖ਼ੂਨ ਰੰਗੀ,*  
*ਚੁੰਮਣ ਧੂੜ ’ਤੇ ਸੀਸ ਝੁਕਾਨ ਇੱਥੇ।*  
*ਜੇ ਕੋਈ ਕਹੇ ਕਿਉਂ ਬੁੱਤ ਪਏ ਪੂਜਦੇ ਹੋ,*  
*ਅੱਗੋਂ ਆਖਦੇ ਨਹੀਂ ਇਹ ਬੁੱਤ ਪੂਜਾ,*  
*ਇਹ ਹੈ ਏਕਤਾ ਦੀ ਪ੍ਰਸਤਸ਼-ਪੂਜ, ਕਿਉਂਕਿ,*  
*ਰਲਿਆ ਖ਼ੂਨ ਹਿੰਦੂ ਮੁਸਲਮਾਨ ਇੱਥੇ।*  
*ਜਿਨ੍ਹਾਂ ਕਾਲਜੇ ਸੱਲ ਸਨ ਦੇਸ਼ ਵਾਲੇ,*  
*ਉਹ ਤਾਂ ਵਾਰ ਗਏ ਆਪਣੀ ਜਾਨ ਇੱਥੇ।*  
*ਪਿੱਛੋਂ ਚੰਦ ਕੀ ਚਾੜ੍ਹਿਆ ਮਾਪਿਆਂ ਨੇ,*  
*ਲਾਸ਼ਾਂ ਵੇਚ ਬਣ ਗਏ ਬੇਈਮਾਨ ਇੱਥੇ।*  
*ਆਦਮਖੋਰ ਨਾ ਪਸ਼ੂ ਵੀ ਖਾਣ ਮੁਰਦੇ,*  
*ਮੁਰਦੇਖੋਰ ਬਣ ਗਏ ਇਨਸਾਨ ਇੱਥੇ।*  
*ਕਿਹੜੀ ਗੱਲ ਤੇ ‘ਤਾਜਵਰ’ ਤੜ੍ਹਾਂ ਮਾਰੋ,*  
*ਰਲ਼ਿਆ ਖ਼ੂਨ ਹਿੰਦੂ ਮੁਸਲਮਾਨ ਏਥੇ।*  
*ਅਜੇ ਖਿੜਨ ਨਾ ਪਾਈ ‘ਗੁਲਜ਼ਾਰ ਕੌਮੀ’,*  
*ਮਾਰੋ-ਮਾਰ ਕਰਦੀ ਰੁੱਤ ‘ਖ਼ਿਜ਼ਾ’ ਆ ਪਈ,*  
*ਲਏ ਫੁੱਟ ਨੇ ਆਣ ਕੇ ਤਾਣ ਤੰਬੂ,*  
*ਕਰਨ ਵਾਸਤੇ ਮੁਲਕ ਵੀਰਾਨ ਇੱਥੇ।*  
*ਆਪੋ ਵਿਚ ਵੀ ਹਿੰਦੂਆਂ ਮੋਮਨਾਂ ਦਾ,*  
*ਕਿਸਮਤ ਦੇਸ਼ ਦੀ ਬੁਰੀ ਨੂੰ ਪਿਆ ਝਗੜਾ,*  
*ਉੱਡ ਗਈ ਏਕਤਾ-ਉਕਤਾ ਖੰਭ ਲਾ ਕੇ,*  
*ਗਰਮੋਂ-ਗਰਮ ਪਏ ਮੱਚ ਘਮਸਾਨ ਇੱਥੇ।*  
*ਜਿੱਥੋਂ ਹੋਈ ਬੁਲੰਦ ਪਤੰਗ ਹਿੰਦੀ,*  
*ਮਾਝਾ ਫੁੱਟ ਨੇ ਤੋੜਿਆ ਹੱਥ ਵਿੱਚੋਂ,*  
*ਗੁੱਡੀ ਅਰਸ਼ ਤੋਂ ਡਿੱਗ ਪਈ ਫ਼ਰਸ਼ ਉੱਤੇ,*  
*ਮਲੀਆਮੇਟ ਹੋਈ ਹਿੰਦੀ ਸ਼ਾਨ ਇੱਥੇ?*  
*ਪਾਟੋ-ਧਾੜ ਇਹ ਦੇਖ ਕੇ ਦੇਸ਼ ਅੰਦਰ,*  
*ਨਿਕਲੇ ਬੱਸ ਬੇਬੱਸ ਜ਼ਬਾਨ ਵਿੱਚੋਂ,*  
*ਝੂਠੀ ਗੱਲ ਜੇ ‘ਤਾਜਵਰ’ ‘ਖ਼ੂਨ ਰਲਿਆ’,*  
*ਰੁਲਿਆ ਖ਼ੂਨ ਹਿੰਦੂ ਮੁਸਲਮਾਨ ਇੱਥੇ।*

‘ਖ਼ੂਨ ਦੇ ਕਬਿੱਤ’ ਕਵਿਤਾ ਵਿਚ ਕਵੀ ਰੋਲਟ ਬਿਲ ਵਿਰੁੱਧ ਹੋਈ ਜਨਤਕ ਲਾਮਬੰਦੀ ਸਮੇਂ ਪੈਦਾ ਹੋਈ ਧਾਰਮਿਕ ਇਕਸੁਰਤਾ ਅਤੇ ਸਹਿਨਸ਼ੀਲਤਾ ਨੂੰ ਕਮਜ਼ੋਰ ਪੈਂਦੀ ਵੇਖ ਕੇ ਪੰਜਾਬੀਆਂ ਨੂੰ ਫੇਰ ਹਲੂਣਾ ਦਿੰਦਾ ਹੈ। ਕਵੀ ਕਹਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੁਰਬਾਨੀਆਂ ਦੀ ਖਾਦ ਪਾ ਕੇ ਬੀਜੇ ਸਵਰਾਜ ਦੇ ਬੂਟੇ ਨੂੰ ਦੋ ਫਲ਼ ਲੱਗੇ। ਇਕ ਭਾਰਤ ਮਾਤਾ ਨੇ ਆਪ ਖਾ ਲਿਆ ਅਤੇ ਇਸ ਨੂੰ ਗੁਣਕਾਰੀ ਸਮਝਦਿਆਂ ਦੂਜਾ ਫਲ਼ ਆਪਣੇ ਤਿੰਨ ਪੁੱਤਰਾਂ-ਹਿੰਦੂਆਂ, ਮੁਸਲਮਾਨਾਂ ਅਤੇ ਸਿੱਖਾਂ ਨੂੰ ਖਵਾਉਣਾ ਚਾਹਿਆ ਪਰ ਫਲ਼ ਇਕ ਹੋਣ ਕਰ ਕੇ ਉਸ ਨੇ ਖ਼ੂਨ ਨਾਲ ਸਿੰਜੀ ਧਰਤੀ ਵਿਚ ਬੀਜ ਕੇ ਵਧੇਰੇ ਫਲ਼ ਤਿਆਰ ਕਰ ਲੈਣ ਦੀ ਸਲਾਹ ਦਿੱਤੀ। ਭਾਰਤ ਮਾਤਾ ਦੀ ਆਗਿਆ ਦਾ ਪਾਲਣ ਕਰਦਿਆਂ ਤਿੰਨਾਂ ਪੁੱਤਰਾਂ ਨੇ ਜ਼ਲਿਆਂ ਵਾਲੇ ਬਾਗ਼ ਦੀ ਧਰਤੀ ਨੂੰ ਖ਼ੂਨ ਨਾਲ ਸਿੰਜਕੇ ਸਵਰਾਜ ਦਾ ਬੀਜ ਇੱਥੇ ਬੀਜਿਆ ਪਰ ਜਦੋਂ ਬੂਟਾ ਕੱਦ ਕੱਢਣ ਲੱਗਾ ਤਾਂ ਬੀਜਣ ਵਾਲੇ ਅਵੇਸਲੇ ਹੋ ਗਏ ਅਤੇ ਬੂਟਾ ਮੁਰਝਾਣ ਲੱਗ ਪਿਆ। ਫਲਸਰੂਪ ਭਾਰਤ ਮਾਤਾ ਆਪਣੇ ਪੁੱਤਰਾਂ ਨੂੰ ਪ੍ਰੇਰਦੀ ਹੈ ਕਿ ਸਵਰਾਜ ਦੇ ਬੂਟੇ ਨੂੰ ਪੂਰਾ ਰੁੱਖ ਬਣਾਉਣ ਲਈ ਡਰ ਅਤੇ ਸੁਸਤੀ ਤਿਆਗ ਕੇ ਕੁਰਬਾਨੀਆਂ ਕਰਨ ਲਈ ਕਮਰਕਸੇ ਕਰ ਲੈਣ।

### ਖ਼ੂਨ ਦੇ ਕਬਿੱਤ

*ਉੱਠ ਮਰਦਾਨਿਆਂ ਤੂੰ ਛੇੜ ਖਾਂ ਰਬਾਬ ਭਾਈ,*  
*‘ਖ਼ੂਨ ਦੇ ਕਬਿੱਤ’ ਤੈਨੂੰ ਬੋਲ ਕੇ ਸੁਣਾਈਏ।*  
*ਜਦੋਂ ਜਾਮੇ ਦਸਵੇਂ ਨੂੰ ਆਣ ਪਲਟਾਵਸਾਂ ਗਏ,*  
*ਰਚਾਂਗੇ ਹਵਨ ਇਕ ਖੋਲ੍ਹ ਕੇ ਸੁਣਾਈਏ।*  
*ਮਾਤਾ ਪਿਤਾ ਪੁੱਤਰਾਂ ਦੀ ਕਰ ਕੇ ਆਹੂਤੀ ਫੇਰ,*  
*ਕੱਢ ਲੈ ਸਾਂ ਰਾਖ, ਕੁੰਡ ਫੋਲ ਕੇ, ਸੁਣਾਈਏ।*  
*ਖਾਦ ਏਹੋ ਰਾਖ ਪਾ ਕੇ ਜਿਗਰ ਸੰਦਾ ਖ਼ੂਨ ਡੋਲ,*  
*ਬੂਟਾ ਸਵਰਾਜ ਲਾਸਾਂ, ਬੋਲ ਕੇ ਸੁਣਾਈਏ।*  
*ਫਲ਼ ਫੇਰ ਦੇਰ ਬਾਅਦ ਲੱਗੇ ਕੁੱਲ ਦੋਵੇਂ, ਇਹਨੂੰ,*  
*ਇਕ ਨੂੰ ਜਾਂ ਹਿੰਦ ਮਾਤਾ ਖਾਂਵਦੀ ਆ ਆਇਕੇ।*  
*ਲੱਗਾ ਇਹ ਸਵਾਦ ਜਦ ਬਹੁਤ ਮਾਤਾ ਹਿੰਦ ਤਾਈਂ,*  
*ਪੁੱਛੇ ਤਿੰਨੇ ਪੁੱਤਰ ਤਾਂ ਆਪਣੇ ਬੁਲਾਇ ਕੇ।*  
*ਤਿੰਨ ਹੋ ਦੁਲਾਰੇ ਤੁਸੀਂ ਫਲ਼ ਇਕ ਮੇਰੇ ਪਾਸ,*  
*ਕਿਵੇਂ ਤੁਸਾਂ ਤਿੰਨਾਂ ਨੂੰ ਇਹ ਦਵਾਂ ਮੈਂ ਵੰਡਾਇਕੇ।*  
*ਫੇਰ ਕਹਿੰਦੀ ਇਕ ਤਜਵੀਜ਼ ਹੈ ਵੇ ਮੇਰੇ ਪਾਸ,*  
*ਜੋ ਮੈਂ ਹੁਣੇ ਦੱਸਾਂ ਤੁਸਾਂ ਤਾਈਂ ਸਮਝਾਇਕੇ।*  
*ਫਲ਼ ਦੂਜਾ ਬਿਰਛ ਦੇ ਉੱਤੋਂ ਜਦ ਪੱਕ ਲੱਥੇ,*  
*ਬੀਜ ਕੱਢ ਤੁਸਾਂ ਤਿੰਨਾ ਤਾਈਂ ਦੇਸ਼ਾਂ ਵੰਡ ਕੇ।*  
*ਗੁਰੂ ਜੀ ਗੋਬਿੰਦ ਸਿੰਘ ਵਾਂਗ ਏਹਨੂੰ ਪਾਲੋਗੇ ਜਾ,*  
*ਮਜ਼ਾ ਵੱਧ ਆਊ ਖਾਣ ਨਾਲੋਂ ਖੀਰ ਖੰਡ ਕੇ ।*  
*ਖਾਦ ਏਸ ਬੂਟੜੇ ਦੀ ਪੁੱਤਰਾਂ ਦੀ ਰਾਖ ਅਤੇ*  
*ਖ਼ੂਨ ਸਿੰਜੋ ਸੀਸ ਨੂੰ ਚੜ੍ਹਾ ਕੇ ਫੇਰ ਚੰਡ ਕੇ।*  
*ਫਲ਼ ਫੇਰ ਦੇਰ ਬਾਅਦ ਲੱਗੂ ਬਹੁਤ ਮਿੱਠਾ ਏਹਨੂੰ,*  
*ਰੱਜ ਕੇ ਤਾਂ ਫੇਰ ਤੁਸੀਂ ਖਾਇਓ ਪੇਟ ਛੱਡਕੇ।*  
*ਤਦੇ ਤਿੰਨਾਂ ਭਾਈਆਂ ਨੇ ਹੀ ਕੀਤੀ ਇਹ ਸਲਾਹ ਪੱਕੀ,*  
*ਚੱਲੋਂ ਕੋਈ ਪਾਕ ਜ਼ਿਮੀਂ ਜ਼ੋਰ ਵਾਲੀ ਟੋਲੀਏ।*  
*ਅੰਮ੍ਰਿਤਸਰ ਬਾਗ਼ ਜਲ੍ਹਿਆਂ ਮੇਂ ਚੱਲ ਕੇ ਤੇ,*  
*ਸਿੰਜਣੇ ਨੂੰ ਜ਼ਿਮੀ ਜਾਨਾਂ ਵਾਰ-ਵਾਰ ਘੋਲੀਏ।*  
*ਬਾਗ਼ ਵਿਚ ਆਣ ਫੇਰ ਕੈਹਨ ਤਿੰਨੇ ’ਕੱਠੇ ਹੋ ਕੇ,*  
*ਨੈਹਰ ਸਾਡੀ ਖੋਹਲ ਖ਼ੂਨੀ ਗੋਰਿਆਂ ਦੀ ਗੋਲੀਏ।*  
*‘ਸਵਰਾਜ’ ਬੂਟਿਆਂ ਦੇ ਪੋਣ ਜੋਗਾ ਖ਼ੂਨ ਜਦ,*  
*ਹੋਵਸੀ ਆ ਕਾਫ਼ੀ ਤਦ ਛੱਡੀਂ ਸਾਨੂੰ ਭੋਲੀਏ।*  
*ਸੌਂ ਗਏ ਤਾਂ ਭਾਈ ਤਿੰਨੇ ਗਾਫ਼ਲੀ ਦੀ ਨੀਂਦ ਵਿਚ,*  
*ਸਿੰਜ ਕੇ ਜ਼ਮੀਨ ਬੀਜ ਸਵਾਰਾਜੀ ਬੋਇਕੇ।*  
*ਇਕ-ਇਕ ਹੱਥ ਬੂਟੇ ਹੋ ਕੇ ਮੁਰਝਾਉਣ ਲੱਗੇ,*  
*ਦੋਹਰੇ ਜੋ ਨਾ ਸਿੰਜੇ ਕਿਸੇ ਖ਼ੂਨੀਂ ਖੂਹਾ ਜੋਇ ਕੇ।*  
*ਕਿਸੇ ਕਿਹਾ : ਮਾਤਾ ਬਾਗ਼ ਜਲ੍ਹਿਆਂ ਮੇਂ ਸਵਰਾਜ,*  
*ਬੀਜ ਤੈਂ ਗਵਾਇਆ ਐਵੇਂ ਮਿੱਟੀ ਵਿਚ ਤੋਇ ਕੇ।*  
*ਸਿੰਜਿਆ ਨਹੀਂ ਕਿਨੇ ਖ਼ੂਨ, ਬਾਗ਼ ਮੁਰਝਾਂਵਦਾ ਹੈ,*  
*ਤਿੰਨੇ ਤੇਰੇ ਪੁੱਤ ਪਏ ਗਾਫ਼ਲੀ ਮੈਂ ਸੋਇ ਕੇ।*  
*ਮਾਤਾ ਕੈਹਦੀ ਵੇਖ ਕੇ ਕਿ ਮਾਰਦੇ ਘੁਰਾੜੇ ਖ਼ੂਬ,*  
*ਮੋਢਿਓਂ ਝੰਜੋੜ ਨਾਲੇ ਲੱਗ ਪਈ ਜਗਾਵਣੇ।*  
*ਉਠੋ ਮੇਰੇ ਬੱਚਿਓ ਕੋਈ ਸਿੰਜੋ ਬੂਟੇ ਛੇਤੀ ਨਾਲ,*  
*ਬਾਗ਼ ਸਵਰਾਜ ਅੱਜ ਲੱਗਾ ਮੁਰਝਾਵਣੇ।*  
*ਹੋ ਕੇ ਮੇਰੇ ਪੁੱਤ ਗੋਲੀ ਤੋਪ ਤੇ ਮਸ਼ੀਨ ਕੋਲੋਂ,*  
*ਡਰ ਕੇ ਬਹਾਦਰੋ ਹੋ ਲੱਗੇ ਖ਼ਫ਼ ਖਾਵਣੇ।*  
*ਲਾਹਨਤਾਂ ਤੁਹਾਨੂੰ ਇਸ ਜੀਵਣੇ ਤੋਂ ਮਰ ਵੰਞੋ,*  
*ਲਹੂ ਖੁਣੋ ‘ਤਾਜ’ ਬਾਗ਼ ਲੱਗੇ ਹੋ ਸੁਕਾਵਣੇ। •*

# ਵੱਧ ਤੋਂ ਵੱਧ ਫਸਲਾਂ ਵਿੱਚ ਸਿੱਧੀ ਬਿਜਾਈ ਦੀ ਸੰਭਾਵਨਾਵਾਂ ਨੂੰ ਤਲਾਸ਼ਣ - ਖੇਤੀਬਾੜੀ ਮੰਤਰੀ

**ਚੰਡੀਗੜ੍ਹ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸੂਬੇ ਵਿੱਚ ਵੱਧ ਤੋਂ ਵੱਧ ਫਸਲਾਂ ਵਿੱਚ ਸਿੱਧੀ ਬਆਈ ਦੀ ਸੰਭਾਵਨਾਵਾਂ ਨੂੰ ਤਲਾਸ਼ਣ ਤਾਂ ਜੋ ਸਿੰਚਾਈ ਲਈ ਪਾਣੀ ਅਤੇ ਜੁਤਾਈ 'ਤੇ ਆਉਣ ਵਾਲੇ ਖਰਚ ਨੂੰ ਬਚਾਇਆ ਜਾ ਸਕੇ, ਇਸ ਨਾਲ ਕਿਸਾਨ ਦੀ ਫਸਲ ਨੂੰ ਤਿਆਰ ਕਰਨ ਲਈ ਆਉਣ ਵਾਲੀ ਲਾਗਤ ਵਿੱਚ ਵੀ ਕਮੀ ਆਵੇਗੀ।



ਸ੍ਰੀ ਰਾਣਾ ਅੱਜ ਇੱਥੇ ਆਪਣੇ ਦਫਤਰ ਵਿੱਚ ਖੇਤੀਬਾੜੀ, ਬਾਗਬਾਨੀ, ਹਰਿਆਣਾ ਰਾਜ ਵੇਅਰਹਾਊਸ ਨਿਗਮ ਲਿਮੀਟੇਡ ਅਤੇ ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਨਾਲ ਸਬੰਧਿਤ ਬਜਟ ਐਲਾਨਾਂ ਅਤੇ ਸਰਕਾਰ ਦੇ ਸੰਕਲਪ ਪੱਤਰ ਦੇ ਵਾਅਦਿਆਂ ਦੀ ਸਮੀਖਿਆ ਮੀਟਿੰਗ ਦੀ ਅਗਵਾਈ ਕਰ ਰਹੇ ਸਨ।

ਖੇਤੀਬਾੜੀ ਮੰਤਰੀ ਨੇ ਮੇਰਾ ਪਾਣੀ, ਮੇਰੀ ਵਿਰਾਸਤ ਯੋਜਨਾ ਦੀ ਸਮੀਖਿਆ ਕਰਦੇ ਹੋਏ ਕਿਹਾ ਕਿ ਪਾਣੀ ਦੀ ਗਿਣਤੀ ਸੀਮਤ ਹੈ, ਇਸ ਲਈ ਕਿਸਾਨਾਂ ਨੂੰ ਘੱਟ ਪਾਣੀ ਨਾਲ ਤਿਆਰ ਹੋਣ ਵਾਲੀ ਫਸਲਾਂ ਦੇ ਵੱਲੋਂ ਪ੍ਰੋਤਸਾਹਿਤ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਪੰਚਕੂਲਾ ਜਿਲ੍ਹਾ ਦੇ ਪਹਾੜੀ ਖੇਤਰ ਮੋਰਨੀ ਦੇ ਕਿਸਾਨਾਂ ਲਈ ਵਿਸ਼ੇਸ਼ ਕਾਰਜ ਯੋਜਨਾ ਬਨਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਛੋਟੇ-ਛੋਟੇ ਢਲਾਨ ਵਾਲੇ ਖੇਤਰਾਂ ਵਿੱਚ ਕਿਸਾਨ ਆਪਣੀ ਚੰਗੀ ਫਸਲ ਲੈ ਸਕਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਹਰਿਆਣਾ ਵਿੱਚ ਕਿਤੇ ਚਾਲੂ ਰੇਤ ਦੇ ਟਿੱਬੇ ਹਨ, ਕਿਤੇ ਪਹਾੜੀ ਖੇਤਰ ਤਾਂ ਕਿਤੇ ਸਮਤਲ ਜਮੀਨ ਹੈ। ਕਿਸੇ ਖਾਸ ਖੇਤਰ ਨੂੰ ਦੇਖਦੇ ਹੋਏ ਉਸ ਖੇਤਰ ਦੇ ਕਿਸਾਨਾਂ ਦੇ ਲਈ ਵੀ ਯੋਜਨਾ ਵਿੱਚ ਤਬਦੀਲੀ ਕਰਨ ਦੀ ਸੰਭਾਵਨਾਵਾਂ 'ਤੇ ਵਿਚਾਰ ਕਰਨ, ਬੇਸ਼ਰਤੇ ਕਿਸਾਨ ਨੂੰ ਵੱਧ ਤੋਂ ਵੱਧ ਲਾਭ ਹੋਣਾ ਚਾਹੀਦਾ ਹੈ।

ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਨੇ ਮੌਜੂਦਾ ਸੂਬਾ ਸਰਕਾਰ ਦੇ ਇੱਕ ਸਾਲ ਪੂਰਾ ਹੋਣ 'ਤੇ ਯੋਜਨਾਵਾਂ ਦੀ ਸਮੀਖਿਆ ਕਰਦੇ ਹੋਏ ਉਨ੍ਹਾਂ ਨੇ ਯੋਜਨਾਵਾਂ ਨੂੰ ਮਹਿਲਾ-ਉਨਮੁਖੀ ਬਨਾਉਣ 'ਤੇ ਜੋਰ ਦਿੱਤਾ। ਉਨ੍ਹਾਂ ਨੇ ਮਹਿਲਾਵਾਂ ਨੂੰ ਬਿਨ੍ਹਾ ਵਿਆਜ ਇੱਕ ਲੱਖ ਰੁਪਏ ਤੱਕ ਦਾ ਕਰਜਾ ਦੇਣ ਦੀ ਯੋਜਨਾ 'ਤੇ ਤੇਜੀ ਨਾਲ ਅਮਲ ਕਰਨ ਦੇ ਨਿਰਦੇਸ਼ ਦਿੱਤੇ।

ਉਨ੍ਹਾਂ ਨੇ ਹਰਿਆਣਾ ਰਾਜ ਵੇਅਰਹਾਊਸ ਨਿਗਮ ਲਿਮੀਟੇਡ ਦੇ ਅਧਿਕਾਰੀਆਂ ਨਾਲ ਬਜਟ ਵਿੱਚ ਕੀਤੇ ਗਏ ਐਲਾਨਾਂ ਅਨੁਸਾਰ ਰਾਜ ਦੇ ਵੱਖ-ਵੱਖ ਜਿਲ੍ਹਿਆਂ ਵਿੱਚ ਗੋਦਾਮ ਬਨਾਉਣ ਦੇ ਸਟੇਟਸ ਦੀ ਜਾਣਕਾਰੀ ਲਈ ਅਤੇ ਇਸ ਦਿਸ਼ਾ ਵਿੱਚ ਕੰਮ ਵਿੱਚ ਗਤੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਜਲਭਰਾਵ ਦੇ ਖੇਤਰਾਂ ਵਿੱਚ ਖਾਰੇ ਪਾਣੀ ਤੋਂ ਪਲਨ ਵਾਲੇ ਪੇੜ-ਪੌਧੇ ਲਗਾਉਣ ਦੀ ਸੰਭਾਵਨਾਵਾਂ ਦਾ ਪਤਾ ਲਗਾਉਣ ਦੇ ਵੀ ਨਿਰਦੇਸ਼ ਦਿੱਤੇ।

ਸ੍ਰੀ ਸ਼ਿਆਮ ਸਿੰਘ ਰਾਣਾ ਨੇ ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਨਾਲ ਸਬੰਧਿਤ ਮੰਡੀਆਂ ਨੂੰ ਆਨਲਾਇਨ ਕਰਨ, ਗੁਰੂਗ੍ਰਾਮ ਵਿੱਚ ਫੁੱਲ ਮੰਡੀ ਸਥਾਪਿਤ ਕਰਨ ਅਤੇ ਝੋਨੇ ਦੀ ਵਿਕਰੀ ਵਿੱਚ ਕਿਸਾਨਾਂ ਦੀ ਸਹੂਲਿਅਤ ਦੇ ਬਾਰੇ ਵਿੱਚ ਵੀ ਜਵਾਬ ਤਲਬ ਕੀਤਾ।

ਉਨ੍ਹਾਂ ਨੇ ਬਾਗਬਾਨੀ ਅਧਿਕਾਰੀਆਂ ਤੋਂ ਜਲਦੀ ਤੋਂ ਜਲਦੀ ਬਾਗਬਾਨੀ ਪੋਲਿਸੀ ਬਨਾਉਣ ਦੇ ਨਿਰਦੇਸ਼ ਦਿੱਤੇ, ਨਾਲ ਹੀ 3 ਪ੍ਰਸਤਾਵਿਤ ਐਕਸੀਲੈਂਸ ਕੇਂਦਰਾਂ ਨੂੰ ਸਥਾਪਿਤ ਕਰਨ ਵਰਗੇ ਐਲਾਨਾਂ ਦੀ ਸਮੀਖਿਆ ਕਰਦੇ ਹੋਏ ਉਕਤ ਸਾਰੇ ਕੰਮਾਂ ਵਿੱਚ ਤੇਜੀ ਲਿਆਉਣ ਦੇ ਨਿਰਦੇਸ਼ ਦਿੱਤੇ।

ਇਸ ਮੌਕੇ 'ਤੇ ਮੀਟਿੰਗ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਪੰਕਜ ਅਗਰਵਾਲ, ਹਰਿਆਣਾ ਰਾਜ ਖੇਤੀਬਾੜੀ ਮਾਰਕਟਿੰਗ ਬੋਰਡ ਦੇ ਮੁੱਖ ਪ੍ਰਸਾਸ਼ਕ ਸ੍ਰੀ ਮੁਕੇਸ਼ ਕੁਮਾਰ ਆਹੂਜਾ, ਖੇਤੀਬਾੜੀ ਵਿਭਾਗ ਦੇ ਨਿਦੇਸ਼ਕ ਸ੍ਰੀ ਰਾਜਨਰਾਇਣ ਕੌਸ਼ਿਕ, ਹਰਿਆਣਾ ਰਾਜ ਵੇਅਰਹਾਊਸ ਨਿਗਮ ਲਿਮੀਟੇਡ ਦੇ ਪ੍ਰਬੰਧ ਨਿਦੇਸ਼ਕ ਡਾ. ਸ਼ਾਲੀਨ ਤੋਂ ਇਲਾਵਾ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ।

# ਸਿਹਤ ਅਦਾਰਿਆਂ ਦਾ ਨਿਰਮਾਣ ਗੁਣਵੱਤਾ ਪਰੀ ਹੋਵੇ, ਜਲਦੀ ਪੂਰਾ ਕਰਨ - ਆਰਤੀ ਸਿੰਘ ਰਾਓ

**ਚੰਡੀਗੜ੍ਹ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੂਬੇ ਵਿੱਚ ਸਰਕਾਰੀ ਸਿਹਤ ਅਦਾਰਿਆਂ ਨਾਲ ਸਬੰਧਿਤ ਜਿੰਨ੍ਹੇ ਵੀ ਨਿਰਮਾਣ ਕੰਮ ਚੱਲ ਰਹੇ ਹਨ, ਉਨ੍ਹਾਂ ਸਾਰੇ ਵਿੱਚ ਗੁਣਵੱਤਾਪੂਰਣ ਨਿਰਮਾਣ ਸਮੱਗਰੀ ਲਗਾਈ ਜਾਵੇ ਅਤੇ ਨਿਰਧਾਰਿਤ ਸਮੇਂ ਵਿੱਚ ਕੰਮ ਪੂਰਾ ਹੋਣਾ ਚਾਹੀਦਾ ਹੈ।

ਉਨ੍ਹਾਂ ਨੇ ਮੌਜੂਦਾ ਨੋਡਲ ਅਧਿਕਾਰੀਆਂ ਨੂੰ ਹਟਾ ਕੇ ਉਨ੍ਹਾਂ ਦੇ ਸਥਾਨ 'ਤੇ ਸਾਰੇ ਸਿਵਲ ਸਰਜਨ ਨੂੰ ਦੇਖ ਰੇਖ ਕਰਨ ਦਾ ਜਿਮਾ ਸੌਂਪਣ ਦੇ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਸਾਰੇ ਅਧਿਕਾਰੀ ਆਪਣੇ-ਆਪਣੇ ਖੇਤਰ ਵਿੱਚ ਚੱਲ ਰਹੇ ਨਿਰਮਾਣਧੀਨ ਕੰਮਾਂ ਦੇ ਪ੍ਰਤੀ ਅਪਡੇਟ ਰਹਿਣ, ਇਸ ਵਿੱਚ ਲਾਪ੍ਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਸਿਹਤ ਮੰਤਰੀ ਨੇ ਪਿਛਲੇ ਦਿਨਾਂ ਕੁੱਝ ਜਿਲ੍ਹਿਆਂ ਵਿੱਚ ਸਿਹਤ ਵਿਭਾਗ ਦੇ ਤਹਿਤ ਨਿਰਮਾਣਧੀਨ ਭਵਨਾਂ ਦਾ ਅਚਾਨਕ ਨਿਰੀਖਣ ਕੀਤਾ ਸੀ, ਇਸ ਦੌਰਾਨ ਜਦੋਂ ਉਨ੍ਹਾਂ ਨੇ ਨੋਡਲ ਅਧਿਕਾਰੀਆਂ ਤੋਂ ਨਿਰਮਾਣ ਕੰਮਾਂ ਦੇ ਬਾਰੇ ਵਿੱਚ ਪੁੱਛਗਿੱਤ ਕੀਤੀ ਤਾਂ ਉਹ ਕੋਈ ਸੰਤੋਸ਼ਜਨਕ ਜਵਾਬ ਨਹੀਂ ਦੇ ਪਾਏ। ਉਹ ਆਪਣੀ ਜਿਮੇਵਾਰੀ ਦੇ ਪ੍ਰਤੀ ਅਪਡੇਟਿਡ ਨਹੀਂ ਸਨ। ਸਿਹਤ ਮੰਤਰੀ ਨੇ ਇਸ ਮਾਮਲੇ ਵਿੱਚ ਲਾਪ੍ਰਵਾਹੀ ਵਰਤਣ ਗਾਲੇ ਅਧਿਕਾਰੀਆਂ ਨੂੰ ਸਖਤ ਹਿਦਾਇਤਾਂ ਦਿੱਤੀਆਂ, ਨਾਲ ਹੀ ਉਨ੍ਹਾਂ ਨੇ ਹੁਣ ਸਾਰੇ ਸਿਵਲ ਸਰਜਨ ਨੂੰ ਨਿਰਮਾਣ ਕੰਮਾਂ ਦਾ ਵੀ ਨੋਡਲ ਅਧਿਕਾਰੀ ਨਿਯੁਕਤ ਕਰਨ ਦੇ ਨਿਰਦੇਸ਼ ਦਿੱਤੇ ਅਤੇ ਕਿਹਾ ਕਿ ਸਾਰੇ ਅਧਿਕਾਰੀ ਨਿਰਮਾਣਧੀਨ ਕੰਮਾਂ ਦੇ ਪ੍ਰਤੀ ਅਪਡੇਟ ਰਹਿਣ।

ਆਤਰੀ ਸਿੰਘ ਰਾਓ ਨੇ ਕਿਹਾ ਕਿ ਸਿਹਤ ਸੰਸਥਾਨ ਅਜਿਹੇ ਥਾਂ ਹੈ, ਜਿੱਥੇ ਡਾਕਟਰ ਮਰੀਜਾਂ ਦੀ ਜਾਂਚ ਕਰ ਕੇ ਉਨ੍ਹਾਂ ਦੇ ਇਲਾਜ ਕਰਦਾ ਹੈ, ਇਸ ਲਈ ਇੰਨ੍ਹਾਂ ਦੇ ਨਿਰਮਾਣ ਵਿੱਚ ਕੰਮ ਆਉਣ ਵਾਲੇ ਸਮਾਨ ਦੀ ਗੁਣਵੱਤਾ 'ਤੇ ਕਿਸੇ ਤਰ੍ਹਾ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਸਾਰੇ ਅਦਾਰਿਆਂ ਦਾ ਨਿਰਮਾਣ ਨਿਯਮਤ ਸਮੇਂ ਵਿੱਚ ਪੂਰਾ ਕਰਨ ਦੇ ਨਿਰਦੇਸ਼ ਦਿੱਤੇ।

# ਹਰਿਆਣਾ ਦੀ ਮੰਡੀਆਂ ਤੋਂ ਹੁਣ ਤੱਕ 57.78 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਹੋਈ

**ਚੰਡੀਗੜ੍ਹ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਵਿੱਚ ਖਰੀਫ ਖਰੀਦ ਸੀਜਨ 2025-26 ਦੌਰਾਨ ਕਿਸਾਨਾਂ ਦੇ ਖਾਤਿਆਂ ਵਿੱਚ ਹੁਣ ਤੱਕ 12327.24 ਕਰੋੜ ਰੁਪਏ ਦੀ ਅਦਾਇਗੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਟ੍ਰਾਂਸਫਰ ਕੀਤੀ ਜਾ ਚੁੱਕੀ ਹੈ। ਇਸ ਤਰ੍ਹਾਂ ਸਰਕਾਰ ਨੇ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦਾ ਭੁਗਤਾਨ ਯਕੀਨੀ ਕੀਤਾ ਹੈ।

ਹਰਿਆਣਾ ਦੇ ਖੁਰਾਕ, ਨਾਗਰਿਕ ਸਪਲਾਈ ਅਤੇ ਖਪਤਕਾਰ ਮਾਮਲਿਆਂ ਵਿਭਾਗ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਕਿਸਾਨਾਂ ਦੇ ਹੱਕਾਂ ਨੂੰ ਵੇਖਦੇ ਹੋਏ ਜ਼ਿਲ੍ਹੇ ਦੀ ਸਾਰੀ ਅਨਾਜ ਮੰਡੀਆਂ ਵਿੱਚ ਝੋਨੇ ਦੀ ਖਰੀਦ ਦਾ ਕੰਮ ਸੁਚਾਰੂ ਤੌਰ 'ਤੇ ਜਾਰੀ ਹੈ।

ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹੇ ਵਿੱਚ ਹੈਫੇਡ, ਵੇਅਰ ਹਾਉਸ ਅਤੇ ਫੂਡ ਅੰਡ ਸਪਲਾਈ ਏਜੰਸਿਆਂ ਵੱਲੋਂ ਝੋਨੇ ਦੀ ਖਰੀਦ ਕੀਤੀ ਜਾ ਰਹੀ ਹੈ। ਸਬੰਧਿਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਝੋਨੇ ਦੀ ਫਸਲ ਵੇਚਣ ਵਿੱਚ ਕਿਸਾਨਾਂ ਨੂੰ ਕਿਸੇ ਤਰ੍ਹਾਂ ਦੀ ਦਿੱਕਤ ਨਾ ਹੋਵੇ।

ਮੇਰੀ ਫਸਲ ਮੇਰਾ ਬਿਯੌਰਾ ਪੋਰਟਲ 'ਤੇ ਰਜਿਸਟਰਡ ਕਿਸਾਨਾ ਤੋਂ ਝੋਨੇ ਦੀ ਖਰੀਦ ਕੀਤੀ ਜਾ ਰਹੀ ਹੈ। ਰਾਜ ਵਿੱਚ ਹੁਣ ਤਕ ਮੇਰੀ ਫਸਲ ਮੇਰਾ ਬਿਯੌਰਾ ਪੋਰਟਲ 'ਤੇ ਰਜਿਸਟਰਡ 2.87 ਕਿਸਾਨਾਂ ਤੋਂ ਝੋਨੇ ਦੀ ਖਰੀਦ ਕੀਤੀ ਗਈ ਹੈ।

ਉਨ੍ਹਾਂ ਨੇ ਦੱਸਿਆ ਕਿ ਵੱਖ ਵੱਖ ਜ਼ਿਲ੍ਹਿਆਂ ਦੀ ਮੰਡੀਆਂ ਤੋਂ ਹੁਣ ਤੱਕ 53.24 ਲੱਖ ਮੀਟ੍ਰਿਕ ਟਨ ਝੋਨੇ ਦਾ ਉਠਾਨ ਹੋ ਚੁੱਕਾ ਹੈ। ਹੁਣ ਤੱਕ ਮੰਡੀਆਂ ਤੋਂ 57.78 ਲੱਖ ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ।

ਸਰਕਾਰ ਵੱਲੋਂ ਕਿਸਾਨ ਭਾਇਆਂ ਨੂੰ ਵਾਰ-ਵਾਰ ਅਪੀਲ ਕੀਤੀ ਜਾ ਰਹੀ ਹੈ ਕਿ ਉਹ ਆਪਣੀ ਫਸਲ ਦੀ ਮੰਡੀ ਵਿੱਚ ਚੰਗੀ ਤਰ੍ਹਾਂ ਸੁਖਾ ਕੇ ਭਾਰਤ ਸਰਕਾਰ ਵੱਲੋਂ ਨਿਰਧਾਰਿਤ ਮਾਪਦੰਡਾਂਦੀ ਸੀਮਾ ਅਨੁਸਾਰ ਲੈ ਕੇ ਆਉਣ।

ਰਾਜ ਦੀ ਖਰੀਦ ਸੰਸਥਾਵਾਂ ਵੱਲੋਂ ਝੋਨੇ ਦੀ ਖਰੀਦ ਲਈ ਪੁਖ਼ਤਾ ਪ੍ਰਬੰਧ ਕੀਤੇ ਗਏ ਹਨ ਅਤੇ ਝੋਨੇ ਦੇ ਉਠਾਨ ਕੰਮ ਵਿੱਚ ਵੀ ਤੇਜੀ ਲਿਆਈ ਜਾ ਰਹੀ ਹੈ। ਵਰਣਯੋਗ ਹੈ ਕਿ ਰਾਜ ਦੀ ਖਰੀਦ ਸੰਸਥਾਵਾਂ ਵੱਲੋਂ ਖਰੀਦ ਕੀਤੇ ਗਏ ਝੋਨੇ ਦੇ ਭਾਰਤ ਸਰਕਾਰ ਵੱਲੋਂ ਨਿਰਧਾਰਿਤ ਘੱਟੋ-ਘੱਟ ਸਮਰਥਨ ਮੁੱਲ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਤੌਰ 'ਤੇ ਟ੍ਰਾਂਸਫਰ ਕੀਤੀ ਜਾਂਦੀ ਹੈ। ਭਾਰਤ ਸਰਕਾਰ ਵੱਲੋਂ ਝੋਨੇ ਲਈ ਨਿਰਧਾਰਿਤ ਘੱਟੋ-ਘੱਟ ਸਮਰਥਨ ਮੁੱਲ 2389 ਰੁਪਏ ਪ੍ਰਤੀ ਕਿਵੰਟਲ ਵਿੱਚ ਕੋਈ ਕਟੌਤੀ ਨਹੀਂ ਕੀਤੀ ਗਈ ਹੈ।

ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਮੰਡੀਆਂ ਵਿੱਚ ਬਿਜਲੀ, ਸਵੱਛ ਪਾਣੀ, ਪਖਾਨਿਆਂ ਆਦਿ ਸਹੂਲਤਾਂ ਦੇ ਨਿਰਦੇਸ਼ ਦਿੱਤੇ ਗਏ ਹਨ। ਉਨ੍ਹਾਂ ਨੇ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਕਿਸਾਨ ਮੰਡੀ ਵਿੱਚ ਆਪਣੀ ਝੋਨੇ ਦੀ ਫਸਲ ਸੁਖਾ ਕੇ ਲਿਆਉਣ ਤਾਂ ਜੋ ਕਿਸਾਨਾਂ ਨੂੰ ਫਸਲ ਦਾ ਸਹੀ ਸਮੇ 'ਤੇ ਉਚੀਤ ਮੁੱਲ ਮਿਲ ਸਕੇ। ਜ਼ਿਲ੍ਹਿਆਂ ਦੇ ਪ੍ਰਸ਼ਾਸਨ ਨੂੰ ਆਪਣੇ-ਆਪਣੇ ਖੇਤਰ ਦੀ ਅਨਾਜ ਮੰਡੀਆਂ ਦਾ ਸਮੇ-ਸਮੇ 'ਤੇ ਨਿਰੀਖਣ ਕਰਦੇ ਰਹਿਣ ਦੇ ਨਿਰਦੇਸ਼ ਦਿੱਤੇ ਗਏ ਤਾਂ ਜੋ ਕਿਸਾਨਾਂ ਨੂੰ ਝੋਨੇ ਦੀ ਫਸਲ ਵੇਚਣ ਵਿੱਚ ਕਿਸੇ ਤਰ੍ਹਾਂ ਦੀ ਕੋਈ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਦੇ ਇਲਾਵਾ ਰਾਜ ਦੀ ਮੰਡੀਆਂ ਅਤੇ ਖਰੀਦ ਕੇਂਦਰਾਂ ਵਿੱਚ ਕਿਸਾਨਾਂ ਵੱਲੋਂ ਲਿਆਏ ਗਏ ਝੋਨੇ ਦੀ ਸਾਫ਼-ਸਫਾਈ ਦਾ ਕੰਮ ਆੜਤਿਆਂ ਵੱਲੋਂ ਆਪਣੇ ਪੱਧਰ 'ਤੇ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਨਾਲ ਮੰਡੀਆਂ ਅਤੇ ਖਰੀਦ ਕੇਂਦਰਾਂ 'ਤੇ ਹੋਣ ਵਾਲੇ ਮੰਡੀ ਮਜਦੂਰ ਕੰਮ ਜਿਵੇਂ ਭਰਾਈ, ਤੁਲਾਈ, ਸਿਲਾਈ ਅਤੇ ਲਦਾਈ ਦੇ ਟੈਕਸ ਦਰਾਂ ਦੀ ਅਦਾਇਗੀ ਵੀ ਸਰਕਾਰ ਵੱਲੋਂ ਵਹਿਨ ਕੀਤੀ ਜਾਂਦੀ ਹੈ।

# ਐਚਐਸਆਈਆਈਡੀਸੀ ਦੀ ਪੰਜ ਸੇਵਾਵਾਂ ਰਾਇਟ ਟੂ ਸਰਵਿਸ ਐਕਟ ਦੇ ਦਾਇਰੇ ਵਿੱਚ15 ਦਿਨ ਦੇ ਅੰਦਰ ਮਿਲੇਗਾ ਜਲ ਅਤੇ ਸੀਵਰੇਜ ਕਨੈਕਸ਼ਨ

**ਚੰਡੀਗੜ੍ਹ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਰਾਜ ਉਦਯੋਗਿਕ ਅਤੇ ਅਵਸਰੰਚਨਾ ਵਿਕਾਸ ਨਿਗਮ (ਐਚਐਸਆਈਆਈਡੀਸੀ) ਨੂੰ ਹੁਣ ਜਲ ਅਤੇ ਸੀਵਰੇਜ ਕਨੈਕਸ਼ਨ 15 ਦਿਨਾਂ ਦੇ ਅੰਦਰ ਦੇਣਾ ਹੋਵੇਗਾ। ਇਸ ਦੇ ਇਲਾਵਾ ਸ਼ੋਧ ਜੋਨਿੰਗ ਪਲਾਨ ਦੀ ਮੰਜੂਰੀ ਦੀ ਪ੍ਰਕਿਰਿਆ ਵੀ 45 ਦਿਨਾਂ ਅੰਦਰ ਪੂਰੀ ਕਰਨੀ ਹੋਵੇਗੀ।

ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ, ਹਰਿਆਣਾ ਸਰਕਾਰ ਨੇ ਐਚਐਸਆਈਆਈਡੀਸੀ ਦੀ ਪੰਜ ਸੇਵਾਵਾਂ ਨੂੰ ਹਰਿਆਣਾ ਰਾਇਟ ਟੂ ਸਰਵਿਸ ਐਕਟ 2014 ਦੇ ਦਾਇਰੇ ਵਿੱਚ ਲਿਆਉਂਦੇ ਹੋਏ ਇਨ੍ਹਾਂ ਸੇਵਾਵਾਂ ਲਈ ਸਮਾਂ-ਸੀਮਾ ਨਿਰਧਾਰਿਤ ਕੀਤੀ ਹੈ।

ਨਾਲ ਹੀ ਐਚਐਸਆਈਆਈਡੀਸੀ ਜਨਤਕ ਪਖਾਨਿਆਂ ਦੀ ਰੋਜਾਨਾ ਸਫਾਈ ਯਕੀਨੀ ਕਰੇਗਾ। ਇਨ੍ਹਾਂ ਸਹੂਲਤਾਂ ਦੀ ਮਰੰਮਤ ਅਤੇ ਰੱਖਰਖਾਵ ਦਾ ਕੰਮ 15 ਦਿਨਾਂ ਅੰਦਰ ਪੂਰਾ ਕਰੇਗਾ। ਇਸ ਨਾਲ ਉਦਯੋਗਿਕ ਅਤੇ ਸਿਵਲ ਅਵਸਰੰਚਨਾ ਦੀ ਗੁਣਵੱਤਾ ਵਿੱਚ ਵਰਣਯੋਗ ਸੁਧਾਰ ਹੋਵੇਗਾ।

ਜਲ ਅਤੇ ਸੀਵਰੇਜ ਕਨੈਕਸ਼ਨ ਜਨਤਕ ਪਖਾਨਿਆਂ ਦੀ ਸਫਾਈ ਅਤੇ ਉਸਾਰੀ ਅਤੇ ਰੱਖਰਖਾਵ ਲਈ ਇੰਜੀਨਿਅਰਿੰਗ ਡਿਵੀਜਨ ਦੇ ਖੇਤਰੀ ਪ੍ਰਭਾਰੀ ਨੂੰ ਨਾਮਜਦ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ। ਵਿਭਾਗ ਮੁੱਖੀ ਨੂੰ ਪਹਿਲੀ ਸ਼ਿਕਾਇਤ ਨਿਵਾਰਣ ਅਥਾਰਿਟੀ ਨਿਗਮ ਦੇ ਪ੍ਰਬੰਧ ਨਿਦੇਸ਼ਕ ਨੂੰ ਦੂਜੀ ਸ਼ਿਕਾਇਤ ਨਿਵਾਰਣ ਅਥਾਰਿਟੀ ਨਾਮਜਦ ਕੀਤਾ ਗਿਆ ਹੈ।

ਇਸੇ ਤਰ੍ਹਾਂ ਸ਼ੋਧ ਜੋਨਿੰਗ ਪਲਾਨ ਦੇ ਸਬੰਧ ਵਿੱਚ ਮੁੱਖ ਦਫ਼ਤਰ 'ਤੇ ਤੈਨਾਤ ਡਿਸਟ੍ਰਿਕਟ ਟਾਉਨ ਪਲਾਨਰ/ ਸੀਨਿਅਰ ਟਾਉਨ ਪਲਾਨਰ ਨੂੰ ਨਾਮਜਦ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ। ਚੀਫ਼ ਟਾਉਨ ਪਲਾਨਰ ਪਹਿਲੀ ਸ਼ਿਕਾਇਤ ਨਿਵਾਰਨ ਅਥਾਰਿਟੀ ਅਤੇ ਨਿਗਮ ਦੇ ਪ੍ਰਬੰਧ ਨਿਦੇਸ਼ਕ ਦੂਜੀ ਸ਼ਿਕਾਇਤ ਨਿਵਾਰਨ ਅਥਾਰਿਟੀ ਹੋਣਗੇ।

# ਡਿਜੀਟਲ ਪੁਲਿਸਿੰਗ ਵਿੱਚ ਹਰਿਆਣਾ ਦਾ ਰੁਤਬਾ ਬਰਕਰਾਰ ਸੂਬੇ ਨੇ ਕਾਇਮ ਰੱਖੀ ਟਾਪ ਨੈਸ਼ਨਲ ਰੈਕਿੰਗ

**ਚੰਡੀਗੜ੍ਹ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਡਿਜੀਟਲ ਗਵਰਨੈਂਸ ਅਤੇ ਨਾਗਰਿਕ-ਕੇਂਦ੍ਰਿਤ ਪੁਲਿਸਿੰਗ ਵਿੱਚ ਐਕਸੀਲੈਂਸ ਦੇ ਨਵੇਂ ਮਾਨਕ ਸਥਾਪਿਤ ਕਰਦੇ ਹੋਏ ਜੂਨ 2021 ਤੋਂ ਲੈ ਕੇ ਹੁਣ ਦੇ 51 ਮਹੀਨਿਆਂ ਵਿੱਚੋਂ 37 ਮਹੀਨਿਆਂ ਤੱਕ ਰਾਸ਼ਟਰੀ ਰੈਕਿੰਗ ਵਿੱਚ ਸਿਖਰ ਸਥਾਨ ਬਣਾਏ ਰੱਖਿਆ ਹੈ। ਅਗਸਤ 2025 ਵਿੱਚ ਸੂਬੇ ਨੇ ਸੌ-ਫੀਸਦੀ ਨੰਬਰ ਹਾਸਲ ਕਰਦੇ ਹੋਏ ਕੁਸ਼ਲ ਸੇਵਾ ਵੇਰਵਾ ਅਤੇ ਤਕਨੀਕ-ਅਧਾਰਿਤ ਨਿਆਂ ਸੁਧਾਰਾਂ ਦੇ ਪ੍ਰਤੀ ਆਪਣੀ ਪ੍ਰਤੀਬੱਧਤਾ ਨੂੰ ਦੋਹਰਾਇਆ ਹੈ।

ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਦੀ ਅਗਵਾਈ ਹੇਠ ਅੱਜ ਅਪਰਾਧ ਅਤੇ ਅਪਰਾਧੀ ਟ੍ਰੈਕਿੰਗ ਨੈਟਵਰਕ ਅਤੇ ਪ੍ਰਣਾਲੀ (ਸੀਸੀਟੀਐਨਐਸ) ਅਤੇ ਇੰਟਰਓਪਰੇਬਲ ਕ੍ਰਿਮਿਨਲ ਜਸਟਿਸ ਸਿਸਟਮ (ਆਈਸੀਜੇਐਸ) ਦੀ 31ਵੀਂ ਸਟੇਟ ਏਪੇਕਸ ਕਮੇਟੀ ਦੀ ਮੀਟਿੰਗ ਹੋਈ। ਮੀਟਿੰਗ ਵਿੱਚ ਰਾਜ ਦੀ ਤਕਨੀਕੀ ਬੁਨਿਆਦੀ ਢਾਂਚੇ ਦੀ ਸਮੀਖਿਆ ਦੇ ਨਾਲ-ਨਾਲ ਭਾਵੀ ਨਵਾਚਾਰਾਂ ਦੀ ਰੂਪਰੇਖਾ 'ਤੇ ਵਿਚਾਰ-ਵਟਾਂਦਰਾਂ ਕੀਤਾ ਗਿਆ।

ਸ੍ਰੀ ਰਸਤੋਗੀ ਨੇ ਵਿਭਾਗ ਦੇ ਕੰਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਹਰਿਆਣਾ ਦੀ ਡਿਜੀਟਲ ਪੁਲਿਸਿੰਗ ਵਿਵਸਥਾ ਨੇ ਸ਼ਾਸਨ ਵਿੱਚ ਪਾਰਦਰਸ਼ਿਤਾ, ਜਵਾਬਦੇਹੀ ਅਤੇ ਕੁਸ਼ਤਾ, ਜਵਾਬਦੇਹੀ ਅਤੇ ਕੁਸ਼ਲਤਾਂ ਦੇ ਨਵੇਂ ਮਾਨਕ ਸਥਾਪਿਤ ਕੀਤੇ ਹਨ। ਉਨ੍ਹਾਂ ਨੇ ਕਿਹਾ ਕਿ ਸੂਬੇ ਦਾ ਡਿਜੀਟਲ ਪੁਲਿਸਿੰਗ ਮਾਡਲ ਇੱਕ ਨਵੀਂ ਸੋਚ ਦਾ ਪ੍ਰਤੀਕ ਹੈ, ਜੋ ਪ੍ਰਤਿਕ੍ਰਿਆਤਮਕ ਏਨਫੋਰਸਮੈਂਟ ਤੋਂ ਅੱਗੇ ਵੱਧ ਕੇ ਡਾਟਾ-ਅਧਾਰਿਤ ਅਤੇ ਨਾਗਰਿਕ-ਕੇਂਦ੍ਰਿਤ ਸ਼ਾਸਨ ਦੀ ਦਿਸ਼ਾ ਵਿੱਚ ਅਗਰਸਰ ਹੈ।

ਗ੍ਰਹਿ ਵਿਭਾਗ ਦੀ ਵਧੀਕ ਮੁੱਖ ਸਕੱਤਰ ਡਾ. ਸੁਮਿਤਾ ਮਿਸ਼ਰਾ ਨੇ ਦਸਿਆ ਕਿ ਹਰਿਆਣਾ ਪੁਲਿਸ ਨੇ ਸਿਵਲ ਸੇਵਾਵਾਂ ਵਿੱਚ ਮਿਸਾਲੀ ਨਿਰੰਤਰਤਾ ਕਾਇਮ ਰੱਖਦੇ ਹੋਏ ਹਰਸਮੇਂ ਪੋਰਟਲ 'ਤੇ ਪ੍ਰਦਾਨ ਕੀਤੇ ਜਾਣ ਵਾਲੀ ਸੇਵਾਵਾਂ ਦੇ ਲਈ ਰਾਇਟ ਟੂ ਸਰਵਿਸ ਡੈਸ਼ਬੋਰਡ 'ਤੇ 10 ਵਿੱਚੋਂ 10 ਨੰਬਰ ਪ੍ਰਾਪਤ ਕੀਤੇ ਹਨ। 28 ਅਕਤੂਬਰ, 2025 ਤੱਕ ਵਿਭਾਗ ਨੇ ਸਰਲ ਪੋਰਟਲ ਰਾਹੀਂ 75.97 ਲੱਖ ਨਾਗਰਿਕ ਬਿਨਿਆਂ ਦਾ ਸਮੇਂਬੱਧ ਨਿਸਤਾਰਣ ਕੀਤਾ ਹੈ, ਜੋ ਸੂਬੇ ਦੇ ਸਾਰੇ ਵਿਭਾਗਾਂ ਵਿੱਚ ਸੱਭ ਤੋਂ ਵੱਧ ਹੈ।

ਡਾ. ਮਿਸ਼ਰਾ ਨੇ ਕਈ ਅਭਿਨਵ ਤਕਨੀਕੀ ਪਹਿਲਾਂ ਦਾ ਜਿਕਰ ਕੀਤਾ, ਜਿਸ ਵਿੱਚ ਹੋਟਲ ਵਿਜਿਟਰ ਡੇਟਾ ਸਰਵੇ, ਆਈਆਈਐਫ-3 (ਗਿਰਫਤਾਰੀ/ਆਤਮਸਮਰਪਣ ਫਾਰਮ) ਵਿੱਚ ਕ੍ਰਿਮਿਨਲ ਸਰਵ ਹਿਸਟਰੀ ਅਤੇ ਲਾਪਤਾ ਵਿਅਕਤੀਆਂ ਦਾ ਹਰਸਮੇਂ ਪੋਰਟਲ 'ਤੇ ਆਨਾਲਾਇਨ ਰਜਿਸਟ੍ਰੇਸ਼ਨ ਸ਼ਾਮਿਲ ਹੈ। ਨਾਗਰਿਕ ਹੁਣ ਘਰ ਰੈਠੇ ਸਿਰਫ ਦੋ ਮਿੰਟ ਵਿੱਚ ਲਾਪਤਾ ਵਿਅਕਤੀ ਦੀ ਰਿਪੋਰਟ ਦਰਜ ਕਰਾ ਸਕਦੇ ਹਨ। ਇਸ ਨਾਲ ਨਾ ਸਿਰਫ ਤੁਰੰਤ ਪੁਲਿਸ ਕਾਰਵਾਈ ਯਕੀਨੀ ਹੁੰਦੀ ਹੈ ਸੋਗ ਪਰਿਵਾਰ ਦੀ ਚਿੰਤਾ ਵੀ ਘੱਟ ਹੁੰਦੀ ਹੈ।

ਹਰਿਆਣਾ ਨੇ ਏਆਈ ਸਮਰੱਥ ਅਤੇ ਸਮਾਰਟ ਮਾਨੀਟਰਿੰਗ ਸਿਸਟਮ ਵੀ ਸ਼ੁਰੂ ਕੀਤਾ ਹੈ, ਜੋ ਕਿਸੇ ਵੀ ਹੋਟਲ ਵਿੱਚ ਅਪਰਾਧਿਕ ਪਿਛੋਕੜ ਵਾਲੇ ਵਿਅਕਤੀ ਦੇ ਠਹਿਰਣ 'ਤੇ ਸਬੰਧਿਤ ਥਾਨੇ ਦੇ ਐਸਐਚਓ ਨੂੰ ਰਿਅਲ-ਟਾਇਮ ਅਲਰਟ ਭੇਜਦਾ ਹੈ। ਜੁਲਾਈ ਤੋਂ ਪੂਰੇ ਸੂਬੇ ਵਿੱਚ ਲਾਗੂ ਇਹ ਪ੍ਰਣਾਲੀ ਸੈਲਾਨੀ ਦਾ ਨਾਮ, ਆਧਾਰ ਨੰਬਰ ਅਤੇ ਮੋਬਾਇਲ ਨੰਬਰ ਦਾ ਪੁਲਿਸ ਰਿਕਾਰਡ ਖੁਦ ਮਿਲਾਨ ਕਰਦੀ ਹੈ। ਦੇਸ਼ ਦੀ ਪਹਿਲੀ ਅਜਿਹੇ ਤਕਨੀਕ ਅਧਾਰਿਤ ਪਹਿਲਾ ਚੇਤਾਵਨੀ ਪ੍ਰਣਾਲੀ ਨਾਲ ਸੰਭਾਵਿਤ ਅਪਰਾਧਾਂ ਨੂੰ ਸਮੇਂ ਰਹਿੰਦੇ ਰੋਕਣ ਵਿੱਚ ਮਦਦ ਮਿਲੀ ਹੈ।

ਸੀਸੀਟੀਐਨਐਸ ਅਤੇ ਈ-ਪ੍ਰੋਸਿਕਿਊਸ਼ਨ ਸੰਸਕਰਣ-2 ਦੇ ਏਕੀਕਰਣ ਨਾਲ ਹੁਣ ਮਸੌਦਾ ਆਰੋਦ-ਪੱਤਰਾਂ ਦਾ ਕਾਨੂੰਨੀ ਜਾਂਚ ਲਈ ਇਲੈਕਟ੍ਰੋਨਿਕ ਟ੍ਰਾਂਸਫਰ ਸੰਭਵ ਹੋ ਗਿਆ ਹੈ, ਜਿਸ ਨਾਲ ਮੈਨੂਅਲ ਦੇਰੀ ਅਤੇ ਗਲਤੀਆਂ ਦੀ ਸੰਭਾਵਨਾ ਖਤਮ ਹੋ ਗਈ ਹੈ। ਹੁਣ ਹਰਿਆਣਾ ਵਿੱਚ ਸਾਰੇ ਆਰੋਪ -ਪੱਤਰ ਕੋਰਟਾਂ ਨੂੰ ਇਲੈਕਟ੍ਰੋਨਿਕ ਰੂਪ ਨਾਲ ਭੇਜੇ ਜਾਂਦੇ ਹਨ ਅਤੇ ਸੌ-ਫੀਸਦੀ ਡਿਜੀਅਲ ਫਾਈਲਿੰਗ ਹਾਸਲ ਕੀਤੀ ਜਾ ਚੁੱਕੀ ਹੈ। ਕਰਨਾਲ ਵਿੱਚ ਸਫਲ ਪਾਇਲਟ ਪ੍ਰੋਜੈਕਟਰ ਨਾਲ ਇਸਦੀ ਭਰੋਸੇਯੋਗਤਾ ਸਾਬਤ ਹੋ ਚੁੱਕੀ ਹੈ।

ਮੀਅੰਗ ਵਿੱਚ 33.69 ਕਰੋੜ ਰੁਪਏ ਦੀ ਰਾਜ ਕਾਰਜ ਯੋਜਨਾ ਦੇ ਤਹਿਤ ਗ੍ਰਹਿ ਮੰਤਰਾਲੇ ਵੱਲੋਂ ਅਨੁਮੋਦਿਤ ਪਰਿਯੋਜਨਾ ਆਈਸੀਜੇਐਸ 2.0 ਲਈ 92.32 ਲੱਖ ਰੁਪਏ ਜਾਰੀ ਕਰਨ ਨੂੰ ਮੰਜੂਰੀ ਦਿੱਤੀ ਗਈ। ਇਸ ਰਕਮ ਨਾਲ 411 ਫਿੰਗਰਪ੍ਰਿੰਟ ਐਨਰੋਲਮੈਂਟ ਡਿਵਾਇਸ, 2489 ਸਿੰਗਲ-ਡਿਜਿਟ ਸਕੈਨਲ ਅਤੇ 1688 ਵੀਡੀਓ ਕਾਨਫ੍ਰੈਂਸਿੰਗ/ਵੇਬ ਕੈਮਰੇ ਖਰੀਦੇ ਜਾਣਗੇ। ਇਸ ਨਾਲ ਅਪਰਾਧ ਨਿਆਂ ਪ੍ਰਣਾਲੀ ਦੇ ਹਰੇਕ ਪੜਾਆਂ ਦਾ ਆਧੁਨੀਕੀਰਕਣ ਹੋਵੇਗਾ। ਇਸ ਤੋਂ ਇਲਾਵਾ, ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐਨਸੀਆਰਬੀ) ਨੇ ਵੀ ਗ੍ਰਹਿ ਮੰਤਰਾਲੇ ਵੱਲੋਂ 3.25 ਕਰੋੜ ਦੀ ਵੱਧ ਰਕਮ ਨੂੰ ਵੀ ਮੰਜੁਰੀ ਦੇਣ ਦਾ ਪੁਸ਼ਟੀ ਕੀਤੀ ਹੈ।

ਮੁੱਖ ਸਕੱਤਰ ਨੇ ਸਾਰੇ ਵਿਭਾਗਾਂ ਨੂੰ ਇੰਨ੍ਹਾਂ ਪਰਿਯੋਜਨਾਵਾਂ ਦੇ ਸਮੇਂਬੱਧ ਅਤੇ ਪ੍ਰਭਾਵੀ ਲਾਗੂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਦਸਿਆ ਕਿ ਹਰਿਆਣਾ ਦੇ 391 ਪੁਲਿਸ ਥਾਨੇ ਹੁਣ ਦੇਸ਼ ਦੇ ਮਜਬੂਤ ਅਤੇ ਡਿਜੀਟਲ ਰੂਪ ਨਾਲ ਜੁੜੇ ਪੁਲਿਸ ਨੈਟਵਰਕ ਦਾ ਹਿੱਸਾ ਹਨ।

ਪੁਲਿਸ ਡਾਇਰੈਕਟਰ ਜਨਰਲ ਸ੍ਰੀ ਓ ਪੀ ਸਿੰਘ ਨੇ ਦਸਿਆ ਕਿ ਮੋਬਾਇਲ ਕ੍ਰਾਂਇਮ ਯੂਨਿਟਸ ਦੇ ਮਾਮਲੇ ਵਿੱਚ ਹਰਿਆਣਾ ਦੇਸ਼ ਵਿੱਚ ਮੋਹਰੀ ਹੈ। ਮੌਜੂਦਾ ਵਿੱਚ 27 ਯੂਨਿਟਸ ਸੰਚਾਲਿਤ ਹਨ ਅਤੇ ਪਿਛਲੇ 9 ਅਕਤੂਬਰ ਤੱਕ 11,071 ਬਾਇਓਮੈਟ੍ਰਿਕ ਏਨਰੋਲਮੈਂਟਸ ਦਰਜ ਕੀਤੇ ਜਾ ਚੁੱਕੇ ਹਨ, ਜੋ ਦੇਸ਼ ਵਿੱਚ ਸੱਭ ਤੋਂ ਵੱਧ ਹਨ। ਇਹ ਯੂਨਿਟਸ ਅਪਰਾਧ ਸਥਾਨ 'ਤੇ ਹੀ ਫੋਰੇਂਸਿੰਗ ਏਵੀਡੈਂਸ ਇਕੱਠਾ ਕਰਦੀ ਹੈ, ਜਿਸ ਨਾਲ ਜਾਂਚ ਦੀ ਗੁਣਵੱਤਾ ਅਤੇ ਗਤੀ ਦੋਨਾਂ ਵਿੱਚ ਸੁਧਾਰ ਹੋਇਆ ਹੈ।

ਨਿਆਂ ਤਰੁਟੀ ਪਹਿਲ ਦੇ ਤਹਿਤ ਕਰਨਾਲ ਵਿੱਚ ਵਰਚੂਅਲ ਕੋਰਟ ਅਪੀਅਰੇਂਸ ਸ਼ੁਰੂ ਕਰ ਦਿੱਤੀ ਗਈ ਹੈ। ਇਸ ਨਾਲ ਪੁਲਿਸ ਕਰਮਚਾਰੀਆਂ ਅਤੇ ਬੰਦੀਆਂ ਦੀ ਗੈਰ-ਜਰੂਰੀ ਆਵਾਜਾਈ ਵਿੱਚ ਕਮੀ ਅਤੇ ਮਾਮਲਿਆਂ ਦੇ ਨਿਸਤਾਰਣ ਵਿੱਚ ਤੇਜੀ ਆਈ ਹੈ। ਵਿਭਾਗ ਹੁਣ ਰਿਅਲ-ਟਾਇਮ ਡੈਸ਼ਬੋਰਡ ਅਤੇ ਸਲਾਟ ਟਾਈਮਿੰਗ ਸਿਸਟਮ ਲਾਗੂ ਕਰਨ ਦੀ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ, ਜਿਸ ਨਾਲ ਨਿਆਂਇਕ ਪ੍ਰਕ੍ਰਿਆਵਾਂ ਦੀ ਪਾਰਦਰਸ਼ਿਤਾ ਤੇ ਕੁਸ਼ਲਤਾ ਹੋਰ ਵਧੇਗੀ।ਮੀਟਿੰਗ ਵਿੱਚ ਪੁਲਿਸ, ਹਾਰਟ੍ਰੋਨ, ਐਨਆਈਸੀ, ਕ੍ਰਿਡ, ਗ੍ਰਹਿ, ਅਭਿਯੋਜਨ ਅਤੇ ਜੇਲ੍ਹ ਸਮੇਤ ਕਈ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਸ਼ਾਮਿਲ ਹੋਏ।

# ਭਾਰਤ ਚੋਣ ਕਮਿਸ਼ਨ ਵੱਲੋਂ ਬੁੱਕ ਏ ਕਾਲ ਵਿਦ ਬੀ.ਐਲ.ਓ. ਸੇਵਾ ਦਾ ਆਗਾਜ਼

**ਤਰਨ ਤਾਰਨ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਰਤ ਚੋਣ ਕਮਿਸ਼ਨ ਵੱਲੋਂ ਆਮ ਲੋਕਾਂ ਅਤੇ ਵੋਟਰਾਂ ਦੀ ਸਹੂਲਤ ਲਈ ਵੋਟਰ ਸਰਵਿਸ ਪੋਰਟਲ 'ਤੇ ਨਵੇਂ ਬਣੇ ਮਡਿਊਲ ਬੁੱਕ ਏ ਕਾਲ ਵਿੱਦ ਬੀ.ਐਲ.ਓ ਦੀ ਸ਼ੁਰੂਆਤ ਕੀਤੀ ਗਈ ਹੈ।

ਇਸ ਵਿਸ਼ੇਸ਼ ਪਹਿਲਕਦਮੀ ਤਹਿਤ ਆਮ ਨਾਗਰਿਕ/ਵੋਟਰ ਵੋਟਰ ਸੂਚੀ ਸਬੰਧੀ ਫਾਰਮਾਂ ਦੀ ਜਾਣਕਾਰੀ, ਵੋਟਰ ਸਨਾਖਤੀ ਕਾਰਡ, ਵੋਟਰ ਸਲਿੱਪਾਂ, ਚੋਣਾਂ ਆਦਿ ਲਈ ਆਪਣੇ ਮਸਲਿਆ ਦਾ ਹੱਲ ਬੂਥ ਲੈਵਲ ਅਫਸਰ ਪਾਸੋਂ ਪ੍ਰਾਪਤ ਕਰ ਸਕਦੇ ਹਨ

ਡਿਪਟੀ ਕਮਿਸ਼ਨਰ ਤਰਨ ਤਾਰਨ -ਕਮ-ਜ਼ਿਲ੍ਹਾ ਚੋਣ ਅਫਸਰ ਸ੍ਰੀ ਰਾਹੁਲ ਵੱਲੋਂ ਇਸ ਸਬੰਧੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਗਿਆ ਕਿ ਜਦੋਂ ਵੀ ਕੋਈ ਨਾਗਰਿਕ ਵੋਟਰ ਸਰਵਿਸ ਪੋਰਟਲ 'ਤੇ ਬੁੱਕ ਏ ਕਾਲ ਵਿੱਦ ਬੀ.ਐਲ.ਓ ਦੀ ਆਪਸ਼ਨ ਰਾਹੀਂ ਕਾਲ ਬੁੱਕ ਕਰੇਗਾ ਤਾਂ ਬੀ.ਐਲ.ਓ. ਅਤੇ ਪ੍ਰਾਰਥੀ ਦੋਵਾਂ ਨੂੰ ਕਾਲ ਬੁੱਕ ਕਰਨ ਲਈ ਇੱਕ ਟੈਕਸਟ ਮੈਸਿਜ ਪ੍ਰਾਪਤ ਹੋਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ ਬੂਥ ਲੈਵਲ ਅਫ਼ਸਰ ਪ੍ਰਾਰਥੀ ਨੂੰ ਫੋਨ ਕਰਕੇ ਉਸਦੀ ਸਮੱਸਿਆ ਦਾ ਹੱਲ ਕਰੇਗਾ। ਉਪਰੰਤ ਬੂਥ ਲੈਵਲ ਅਫ਼ਸਰ ਐਪ 'ਤੇ ਕਾਲ ਰਿਕੁਐਸਟ ਆਪਸ਼ਨ ਵਿੱਚ ਜਾ ਕੇ ਕਨਟੈਕਟਿਡ ਬਟਨ 'ਤੇ ਕਲਿੱਕ ਕਰਕੇ ਸਟੇਟਸ ਅਪਡੇਟ ਕਰੇਗਾ।

ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਰਾਹੁਲ ਨੇ ਦੱਸਿਆ ਕਿ ਜੇਕਰ ਪ੍ਰਾਰਥੀ ਨੂੰ ਕਾਲ ਰਸੀਵ ਨਹੀ ਹੁੰਦੀ ਤਾਂ ਉਹ ਅਨਅਵੇਲੇਬਲ ਬਟਨ 'ਤੇ ਕਲਿੱਕ ਕਰੇਗਾ ਅਤੇ ਬੀ.ਐਲ.ਓ. ਵੱਲੋਂ ਆਪਣੀ ਐਪ ਵਿੱਚ ਚੈਕ ਕਰਨ 'ਤੇ ਕਾਲ ਦੀ ਰਿਪੋਰਟ ਈ.ਸੀ.ਆਈ. ਨੈੱਟ ਉੱਪਰ ਅੱਪਡੇਟ ਹੋ ਜਾਵੇਗੀ ਜਿਸ ਬਾਰੇ ਪ੍ਰਾਰਥੀ ਨੂੰ ਵੀ ਮੈਸੇਜ ਰਾਹੀਂ ਸੂਚਨਾ ਦਿੱਤੀ ਜਾਵੇਗੀ।ਜ਼ਿਲ੍ਹਾ ਚੋਣ ਅਫਸਰ ਸ੍ਰੀ ਰਾਹੁਲ ਵੱਲੋਂ ਜ਼ਿਲ੍ਹੇ ਦੇ ਵੋਟਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਸ਼ੋਸਲ ਮੀਡੀਆ ਪਲੇਟਫਾਰਮਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ ਤਾਂ ਜੋ ਉਹਨਾਂ ਨੂੰ ਚੋਣ ਕਮਿਸ਼ਨ ਵੱਲੋਂ ਜਾਰੀ ਹਦਾਇਤਾਂ ਤੇ ਗਤੀਵਿਧੀਆਂ ਦੀ ਤਾਜ਼ਾ ਜਾਣਕਾਰੀ ਮਿਲ ਸਕੇ।

# ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਦੀ ਅਗਵਾਈ ਹੇਠ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਕਣਕ ਦਾ ਮੁਫ਼ਤ ਬੀਜ ਵੰਡਿਆ



**ਬਟਾਲਾ,2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਡਵੋਕੇਟ ਵਿਧਾਇਕ ਅਮਰਪਾਲ ਸਿੰਘ ਦੀ ਅਗਵਾਈ ਹੇਠ ਅੱਜ ਬਲਾਕ ਖੇਤੀਬਾੜੀ ਦਫਤਰ ਕਿਸ਼ਨਕੋਟ ਸ਼੍ਰੀ ਹਰਗੋਬਿੰਦਪੁਰ ਵਿਖੇ ਹੜ ਪੀੜਤ ਪਿੰਡਾਂ ਦੇ ਕਿਸਾਨਾਂ ਨੂੰ 100% ਸਬਸਿਡੀ ਤੇ ਕਣਕ ਦਾ ਬੀਜ ਵੰਡਿਆ ਗਿਆ। ਇਸ ਮੌਕੇ ਮੁੱਖ ਖੇਤੀਬਾੜੀ ਅਫਸਰ ਡਾ ਰਣਧੀਰ ਸਿੰਘ, ਪੀ.ਏ ਸੁਖਦੇਵ ਸਿੰਘ, ਖੇਤੀਬਾੜੀ ਵਿਸਥਾਰ ਅਫਸਰ ਰਜਿੰਦਰ ਕੁਮਾਰ ਮੌਜੂਦ ਸਨ। ਉਨ੍ਹਾਂ ਵੱਖ-ਵੱਖ ਪਿੰਡਾਂ ਤੋਂ ਆਏ ਕਿਸਾਨਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਬੀਜ ਦੀ ਵੰਡ ਕੀਤੀ।

ਵਿਧਾਇਕ ਐਡਵੋਕੇਟ ਅਮਰਪਾਲ ਸਿੰਘ, ਜੋ ਰੁਝੇਵੇਂ ਕਾਰਨ ਇਥੇ ਨਹੀਂ ਸਨ, ਵਲੋਂ ਦੱਸਿਆ ਗਿਆ ਕਿ ਪੰਜਾਬ ਸਰਕਾਰ ਵਲੋਂ ਹੜ੍ਹਾਂ ਪ੍ਰਭਾਵਿਤ ਕਿਸਾਨਾਂ ਨੂੰ ਮੁਫ਼ਤ ਬੀਜ ਵੰਡਣ ਦਾ ਐਲਾਨ ਕੀਤਾ ਗਿਆ ਸੀ ਅਤੇ ਪੰਜਾਬ ਸਰਕਾਰ ਦੇ ਕੀਤੇ ਹੋਏ ਵਾਅਦੇ ਅਨੁਸਾਰ ਸ੍ਰੀ ਹਰਗੋਬਿੰਦਪੁਰ ਸਾਹਿਬ ਦੇ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਖੇਤੀਬਾੜੀ ਵਿਭਾਗ ਰਾਹੀਂ ਭੇਜਿਆ ਕਣਕ ਦਾ ਬੀਜ ਵੰਡਿਆ ਗਿਆ।

ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਕਿਸਾਨਾਂ ਨੂੰ ਕਣਕ ਦੇ ਬੀਜ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਹੜ ਪ੍ਰਭਾਵਿਤ ਕਿਸਾਨ ਨੂੰ ਮੁਫਤ ਬੀਜ ਮੁਹੱਈਆ ਕਰਵਾਇਆ ਜਾਵੇਗਾ।

ਇਸ ਮੌਕੇ ਖੇਤੀਬਾੜੀ ਵਿਸਥਾਰ ਅਫਸਰ ਰਜਿੰਦਰ ਕੁਮਾਰ ਨੇ ਕਿਸਾਨਾਂ ਨੂੰ https://www.agrimachinerypb.com/ ਪੋਰਟਲ ਤੇ ਕਿਸਾਨ ਕਣਕ ਦਾ ਬੀਜ ਲੈਣ ਲਈ ਰਜਿਸਟਰੇਸ਼ਨ ਕਰਵਾਉਣ ਲਈ ਕਿਹਾ। ਉਨ੍ਹਾਂ ਦੱਸਿਆ ਕਿ ਹੜ ਪ੍ਰਭਾਵਿਤ ਕਿਸਾਨਾਂ ਲਈ 100% ਸਬਸਿਡੀ ਤੇ ਅਤੇ ਜਨਰਲ ਬੀਜ 50% ਸਬਸਿਡੀ ਤੇ ਦਿੱਤਾ ਜਾ ਰਿਹਾ ਹੈ।

ਇਸ ਮੌਕੇ ਗੁਰਸੇਵਕ ਸਿੰਘ ਏ.ਐਸ.ਆਈ, ਸਰਬਜੀਤ ਸਿੰਘ ਏਟੀਐਮ, ਰਣਬੀਰ ਸਿੰਘ, ਸ਼ੁਭ ਪ੍ਰੀਤ ਸਿੰਘ, ਰਸ਼ੀਦ ਮੁਹੰਮਦ ,ਭੁਪਿੰਦਰ ਸਿੰਘ, ਗੁਰਕੀਰਤ ਸਿੰਘ ਅਤੇ ਕਿਸਾਨ ਹਾਜ਼ਰ ਸਨ।

# ਕਿਸਾਨ ਵੀਰ ਪਰਾਲੀ ਨੂੰ ਅੱਗ ਨਾ ਲਗਾ ਕੇ ਸੁਯੋਗ ਪ੍ਰਬੰਧਨ ਕਰਕੇ ਪਰਾਲੀ ਦਾ ਕਰਨ ਨਿਬੇੜਾ- ਹਰਪ੍ਰੀਤ ਪਾਲ ਕੌਰ



**ਫਾਜ਼ਿਲਕਾ,2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਤੋਂ ਰੋਕਣ ਲਈ ਲਗਾਤਾਰ ਜਾਗਰੂਕਤਾ ਫੈਲਾਉਣ ਵਿਚ ਜੁਟਿਆ ਹੋਇਆ ਹੈ।

ਇਸੇ ਤਹਿਤ ਮੁੱਖ ਖੇਤੀਬਾੜੀ ਅਫ਼ਸਰ ਸ੍ਰੀਮਤੀ ਹਰਪ੍ਰੀਤ ਪਾਲ ਕੌਰ ਖੁਦ ਫੀਲਡ ਵਿਚ ਜਾ ਕੇ ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਪ੍ਰਤੀ ਜਾਗਰੂਕ ਕਰ ਰਹੇ ਹਨ। ਉਨ੍ਹਾਂ ਪਿੰਡ ਅਰਨੀਵਾਲਾ, ਚੱਕ ਸੈਦੋ ਕੇ ਤੇ ਅਰਾਈਆਂ ਵਾਲਾ ਆਦਿ ਦਾ ਦੌਰਾ ਕਰਦਿਆਂ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਬਾਰੇ ਜਾਗਰੂਕ ਕੀਤਾ। ਉਨ੍ਹਾਂ ਕਿਹਾ ਕਿ ਖੇਤੀਬਾੜੀ ਵਿਭਾਗ ਪਰਾਲੀ ਪ੍ਰਬੰਧਨ ਲਈ ਜਾਗਰੂਕ ਕਰਨ ਹਿੱਤ ਲਗਾਤਾਰ ਕਾਰਜਸ਼ੀਲ ਹੈ।

ਮੁੱਖ ਖੇਤੀਬਾੜੀ ਅਫ਼ਸਰ ਨੇ ਦੱਸਿਆ ਕਿ ਉਹ ਖੁਦ ਤੇ ਖੇਤੀਬਾੜੀ ਵਿਭਾਗ ਦੀਆਂ ਟੀਮਾਂ ਲਗਾਤਾਰ ਪਿੰਡਾਂ ਦਾ ਦੌਰਾ ਕਰ ਕਿਸਾਨਾਂ ਨਾਲ ਰਾਬਤਾ ਕਾਇਮ ਕਰ ਰਹੇ ਹਨ ਅਤੇ ਕਿਸਾਨਾਂ ਨੂੰ ਪਰਾਲੀ ਦੇ ਸਹੀ ਪ੍ਰਬੰਧਨ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਪਰਾਲੀ ਸਾੜਨ ਦੇ ਨੁਕਸਾਨ ਬਾਰੇ ਵੀ ਕਿਸਾਨਾਂ ਨੂੰ ਦੱਸਿਆ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਖੇਤੀਬਾੜੀ ਅਧਿਕਾਰੀ ਕਿਸਾਨਾਂ ਨਾਲ ਪਿੰਡਾਂ ਤੇ ਖੇਤਾਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਪਰਾਲੀ ਨਾ ਸਾੜਨ ਲਈ ਜਾਣਕਾਰੀ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸਾਨ ਵੀਰਾਂ ਦਾ ਬੇਲਰਾ ਆਦਿ ਨਾਲ ਤਾਲਮੇਲ ਕਰਵਾਇਆ ਜਾ ਰਿਹਾ ਹੈ ਤਾਂ ਜੋ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ ਤੇ ਪਰਾਲੀ ਦੀਆਂ ਬੇਲਾਂ ਬਣਵਾ ਕੇ ਇਸਦਾ ਸੁਯੋਗ ਪ੍ਰਬੰਧਨ ਹੋ ਸਕੇ।

ਮੁੱਖ ਖੇਤੀਬਾੜੀ ਅਫਸਰ ਨੇ ਕਿਹਾ ਕਿ ਪਿੰਡਾਂ ਵਿਚ ਤਾਇਨਾਤ ਕੀਤੇ ਗਏ ਨੋਡਲ ਅਫ਼ਸਰ ਵੀ ਲਗਾਤਾਰ ਪਿੰਡਾਂ ਦਾ ਦੌਰਾ ਕਰਕੇ ਕਿਸਾਨਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਜਾਗਰੂਕ ਕਰ ਰਹੇ ਹਨ।

# ਉਮੀਦ ਜੌਬ ਫੇਅਰ 2025 ਨੇ ਨੌਜਵਾਨਾਂ ਲਈ ਮੌਕਿਆਂ ਦੇ ਦਰਵਾਜ਼ੇ ਖੋਲ

**ਲੁਧਿਆਣਾ, 2 ਨਵੰਬਰ**
**-ਕੁਲਦੀਪ ਦੁੱਗਰੀ-**
**-ਕੌਮੀ ਪੱਤ੍ਰਿਕਾ ਬਿਊਰੋ-**



ਸਿਨੇਟਿਕ ਕਾਲਜ, ਚੰਡੀਗੜ੍ਹ ਰੋਡ, ਲੁਧਿਆਣਾ ਵੱਲੋਂ ਜ਼ਿਲ੍ਹਾ ਰੋਜ਼ਗਾਰ ਅਤੇ ਉਦਯਮ ਬਿਊਰੋ (4255), ਕਾਰਪੋਰੇਟ ਮਾਮਲੇ ਮੰਤਰਾਲਾ ਲੁਧਿਆਣਾ ਅਤੇ ਮਿੰਸਟਰੀ ਆਫ ਕਾਰਪੋਰੇਟ ਅਫੇਅਰਜ਼, ਭਾਰਤ ਸਰਕਾਰ ਦੇ ਸਹਿਯੋਗ ਨਾਲ ਪ੍ਰਧਾਨ ਮੰਤਰੀ ਇੰਟਰਨਸ਼ਿਪ ਯੋਜਨਾ ਹੇਠ ਉਮੀਦ ਜੌਬ ਫੇਅਰ 2025 ਦਾ ਸਫਲ ਆਯੋਜਨ ਕੀਤਾ ਗਿਆ।

ਇਹ ਵਿਸ਼ਾਲ ਰੋਜ਼ਗਾਰ ਮੇਲਾ ਨੌਜਵਾਨਾਂ ਲਈ ਮੌਕਿਆਂ ਅਤੇ ਸਹਿਯੋਗ ਦਾ ਕੇਂਦਰ ਬਣ ਗਿਆ, ਜਿਸ ਵਿੱਚ 600 ਤੋਂ ਵੱਧ ਵਿਦਿਆਰਥੀ ਅਤੇ ਨੌਕਰੀ ਲੱਭਣ ਵਾਲੇ, 40 ਪ੍ਰਮੁੱਖ ਕੰਪਨੀਆਂ, 35 ਤੋਂ ਵੱਧ ਮੀਡੀਆ ਪ੍ਰਤਿਨਿਧੀ, ਕਈ ਵਿਸ਼ੇਸ਼ ਮਹਿਮਾਨ, ਸਕੂਲ ਪ੍ਰਿੰਸੀਪਲ, ਸਰਕਾਰੀ ਅਧਿਕਾਰੀ, ਰਾਜਨੀਤਿਕ ਆਗੂ ਅਤੇ ਸਥਾਨਕ ਪ੍ਰਭਾਵਸ਼ਾਲੀ ਹਸਤੀਆਂ ਨੇ ਭਾਗ ਲਿਆ।

ਸ਼੍ਰੀ ਜੀਵਨਦੀਪ ਸਿੰਘ, PCS (EGDSTO), ਸ਼੍ਰੀ ਰਮਣ, PCS (EGSDTO) ਅਤੇ ਸੁਸ਼੍ਰੀ ਦੀਪਮਾਲਾ ਬਾਗਰੀ, ICLS (DROC) ਨੇ, ਜਿਨ੍ਹਾਂ ਦੇ ਮਾਰਗਦਰਸ਼ਨ ਨਾਲ ਇਸ ਮੇਲੇ ਨੂੰ ਵਿਸ਼ੇਸ਼ ਸਫਲਤਾ ਮਿਲੀ।

ਮੁੱਖ ਮਹਿਮਾਨ ਵਿਧਾਇਕ ਦਲਜੀਤ ਸਿੰਘ ਗਰੇਵਾਲ (ਭੋਲਾ), $*1 ਲੁਧਿਆਣਾ ਈਸਟ ਦੀ ਨੁਮਾਇੰਦਗੀ ਉਨ੍ਹਾਂ ਦੇ ਪੁੱਤਰ ਵੱਲੋਂ ਕੀਤੀ ਗਈ। ਹੋਰ ਮਾਨਯੋਗ ਮਹਿਮਾਨਾਂ ਵਿੱਚ ਸ਼੍ਰੀ ਲੱਕੀ ਸੰਧੂ (ਕਾਂਗਰਸ ਯੂਥ ਪ੍ਰਧਾਨ, ਪੰਜਾਬ), ਸ਼੍ਰੀ ਕਮਲ ਮੰਗਟ, ਅਤੇ ਸੁਸ਼੍ਰੀ ਰਾਸ਼ੀ ਅਗਰਵਾਲ (ਭਾਜਪਾ ਮਹਿਲਾ ਸੈੱਲ ਪ੍ਰਧਾਨ, ਪੰਜਾਬ) ਸ਼ਾਮਲ ਸਨ।

ਇਸ ਮੌਕੇ ਫੋਰਟਿਸ ਹਸਪਤਾਲ ਵੱਲੋਂ ਮੁਫ਼ਤ ਹੈਲਥ ਕੈਂਪ ਦਾ ਆਯੋਜਨ ਕੀਤਾ ਗਿਆ, ਜਦਕਿ 94♦ ਐਜੂਕੇਸ਼ਨ ਵੱਲੋਂ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਉੱਚ ਸਿੱਖਿਆ ਦੇ ਮੌਕਿਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਗਈ।

ਇਸ ਨਾਲ ਮੇਲਾ ਸਿਰਫ਼ ਰੋਜ਼ਗਾਰ ਤੱਕ ਸੀਮਤ ਨਾ ਰਹਿ ਕੇ, ਸਿਹਤ ਅਤੇ ਕਰੀਅਰ ਵਿਕਾਸ ਦੋਵਾਂ ਪੱਖਾਂ ਤੋਂ ਲਾਭਕਾਰੀ ਸਾਬਤ ਹੋਇਆ।

ਮੇਲੇ ਵਿੱਚ 10 ਤੋਂ ਵੱਧ ਖੇਤਰਾਂ ਦੀਆਂ ਪ੍ਰਮੁੱਖ ਕੰਪਨੀਆਂ ਨੇ ਭਾਗ ਲਿਆ, ਜਿਨ੍ਹਾਂ ਨੇ 12ਵੀਂ ਪਾਸ ਤੋਂ ਲੈ ਕੇ ਪੀਐਚ.ਡੀ. ਧਾਰਕਾਂ ਤੱਕ ਸਾਰੇ ਪੱਧਰਾਂ ਦੇ ਉਮੀਦਵਾਰਾਂ ਨੂੰ ਨੌਕਰੀ ਦੇ ਮੌਕੇ ਪ੍ਰਦਾਨ ਕੀਤੇ।

ਉਮੀਦ ਜੌਬ ਫੇਅਰ 2025 ਸਾਡੇ ਮਿਸ਼ਨ ਅਤੇ ਵਿਜ਼ਨ – 'ਸਭ ਲਈ ਸਿੱਖਿਆ, ਤੇ ਨੌਜਵਾਨਾਂ ਲਈ ਰੋਜ਼ਗਾਰ ਸਿਰਜਣਾ' – ਦਾ ਦਰਪਣ ਹੈ। ਸਾਨੂੰ ਮਾਣ ਹੈ ਕਿ ਅਸੀਂ ਅਜਿਹਾ ਪਲੇਟਫਾਰਮ ਮੁਹੱਈਆ ਕਰਵਾਇਆ ਜੋ ਅਕੈਡਮਿਕਾ ਤੇ ਇੰਡਸਟਰੀ ਵਿਚਕਾਰ ਪੁਲ ਬਣ ਕੇ ਨੌਜਵਾਨਾਂ ਨੂੰ ਆਤਮਨਿਰਭਰਤਾ ਅਤੇ ਪੇਸ਼ਾਵਰ ਵਿਕਾਸ ਵੱਲ ਪ੍ਰੇਰਿਤ ਕਰਦਾ ਹੈ।

ਮੇਲੇ ਦਾ ਸਮਾਪਨ ਭਰਤੀ ਕਰਨ ਵਾਲੀਆਂ ਕੰਪਨੀਆਂ ਅਤੇ ਭਾਗੀਦਾਰਾਂ ਦੀ ਉਤਸ਼ਾਹਪੂਰਨ ਪ੍ਰਤੀਕਿਰਿਆ ਨਾਲ ਹੋਇਆ।

# ਗਉਵੰਸ਼ ਦੇ ਬਿਹਤਰ ਰੱਖ ਰਖਾਵ ਲਈ ਦਾਨੀ ਸਜਨਾ ਨੂੰ ਵੱਧ ਤੋਂ ਵੱਧ ਦਾਨ ਦੇਣ ਦੀ ਅਪੀਲ



**ਫਾਜ਼ਿਲਕਾ,2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਸ. ਹਰਜਿੰਦਰ ਸਿੰਘ ਨੇ ਜ਼ਿਲਾ ਐਨੀਮਲ ਵੈਲਫੇਅਰ ਸੋਸਾਇਟੀ (ਕੈਟਲ ਪੌਂਡ) ਸਲੇਮਸ਼ਾਹ ਤਹਿਤ ਗਉਵੰਸ਼ ਦੇ ਬਿਹਤਰ ਰੱਖ ਰਖਾਵ ਅਤੇ ਹੋਣ ਵਾਲੇ ਵਿਕਾਸ ਕਾਰਜਾਂ ਦੇ ਸਨਮੁੱਖ ਵੱਖ—ਵੱਖ ਵਿਭਾਗੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਕਿਹਾ ਕਿ ਸਲੇਮਸ਼ਾਹ ਵਿਖੇ ਮੌਜੂਦ ਗਉਵੰਸ਼ ਦੀ ਸੰਭਾਲ ਕਰਨ ਵਿਚ ਵੱਧ ਤੋਂ ਵੱਧ ਸਹਿਯੋਗ ਦਿੱਤਾ ਜਾਵੇ।

ਮੀਟਿੰਗ ਦੌਰਾਨ ਉਨ੍ਹਾਂ ਨੇ ਅਧਿਕਾਰੀਆਂ ਨੂੰ ਕਿਹਾ ਕਿ ਕੈਟਲ ਪੌਂਡ ਸਲੇਮਸ਼ਾਹ ਵਿਖੇ ਪਰਾਲੀ ਅਤੇ ਤੂੜੀ ਦਾਨ ਲਈ ਕਿਸਾਨ ਭਰਾਵਾਂ ਤੇ ਹੋਰਨਾਂ ਪਤਵੰਤੇ ਸਜਨਾਂ ਨੂੰ ਪ੍ਰੇਰਿਤ ਕੀਤਾ ਜਾਵੇ ਤਾਂ ਜ਼ੋ ਪ੍ਰਸ਼ਾਸਨ ਦੇ ਨਾਲ—ਨਾਲ ਸਮਾਜ ਸੇਵੀਆਂ ਦੇ ਸਹਿਯੋਗ ਨਾਲ ਗਉਵੰਸ਼ ਦੀ ਬਾਖੂਬੀ ਢੰਗ ਨਾਲ ਸੰਭਾਲ ਕੀਤੀ ਜਾ ਸਕੇ ਅਤੇ ਲੋੜੀਂਦੀ ਮਾਤਰਾ ਵਿਚ ਪਰਾਲੀ ਤੇ ਤੂੜੀ ਉਪਲਬੱਧ ਹੋ ਸਕੇ। ਉਨ੍ਹਾਂ ਕਿਹਾ ਕਿ ਕੈਟਲ ਪੌਂਡ ਵਿਖੇ ਲੋੜ ਅਨੁਸਾਰ ਲੇਬਰ ਵੀ ਮੁਹੱਈਆ ਕਰਵਾਈ ਜਾਵੇ ਤਾਂ ਜੋ ਗਉਵੰਸ਼ ਨੂੰ ਸਮੇਂ ਸਿਰ ਹਰਾ ਚਾਰਾ/ਤੂੜੀ ਅਤੇ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਇਸ ਤੋਂ ਇਲਾਵਾ ਗਉਸ਼ਾਲਾ ਵਿਖੇ ਵੱਧ ਤੋਂ ਵੱਧ ਪੌਦੇ ਵੀ ਲਗਾਏ ਜਾਣ।ਉਨ੍ਹਾਂ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਕੈਟਲ ਪੌਂਡ ਵਿਖੇ ਪਈ ਜਮੀਨ ਵਾਸਤੇ ਹਰੇ ਚਾਰੇ ਦੀ ਬਿਜਾਈ ਲਈ ਬੀਜ ਉਪਲਬਧ ਕਰਵਾਏ ਜਾਣ। ਉਨ੍ਹਾਂ ਸਮਾਜ ਸੇਵੀ ਸੰਸਥਾਵਾਂ, ਐਸੋਸੀਏਸ਼ਨ ਤੇ ਪਤਵੰਤੇ ਸਜਨਾਂ ਨੂੰ ਅਪੀਲ ਕੀਤੀ ਕਿ ਕੈਟਲ ਪੌਂਡ ਸਲੇਮਸ਼ਾਹ ਨੂੰ ਵੱਧ ਤੋਂ ਵੱਧ ਦਾਨ ਦਿੱਤਾ ਜਾਵੇ ਤਾਂ ਜ਼ੋ ਗਉਵੰਸ਼ ਦੀ ਹੋਰ ਬਿਹਤਰ ਤਰੀਕੇ ਨਾਲ ਸੰਭਾਲ ਕੀਤੀ ਜਾ ਸਕੇ।

ਇਸ ਉਪਰੰਤ ਉਨ੍ਹਾਂ ਮੀਟਿੰਗ ਵਿਚ ਆਏ ਹੋਰ ਸਾਰੇ ਅਧਿਕਾਰੀਆਂ ਤੇ ਮੈਂਬਰਾਂ ਦਾ ਧੰਨਵਾਦ ਵੀ ਕੀਤਾ।ਇਸ ਮੌਕੇ ਮੈਂਬਰ ਪੰਜਾਬ ਗਉ ਸੇਵਾ ਕਮਿਸ਼ਨ ਅਰੁਨ ਵਧਵਾ, ਕਾਰਜ ਸਾਧਕ ਅਫਸਰ ਵਿਕਰਮ ਧੂੜੀਆ, ਪੰਚਾਇਤ ਵਿਭਾਗ ਤੋਂ ਮਨਪ੍ਰੀਤ, ਖੇਤੀਬਾੜੀ ਵਿਭਾਗ ਤੋਂ ਮਮਤਾ, ਰਾਕੇਸ਼ ਕੁਮਾਰ ਸੁਪਰਡੰਟ ਬੀ.ਡੀ.ਪੀ.ਓ ਦਫਤਰ, ਕੇਅਰ ਟੇਕਰ ਸੋਨੂ ਤੋਂ ਇਲਾਵਾ, ਸੁਨੀਲ ਸੇਨ, ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀ ਰਾਜੇਸ਼ ਕੁਮਾਰ ਜਜੋਰੀਆ ਆਦਿ ਹੋਰ ਸਟਾਫ ਮੌਜੂਦ ਸੀ।

## ਸੰਪਾਦਕੀ

# ਭਾਰਤ ਵਿਚ ਸੋਨੇ ਚਾਂਦੀ ਦੀਆਂ ਕੀਮਤਾਂ 'ਚ ਉਛਾਲ ਦੇ ਕਾਰਨ

ਸਾਲ 2025 ਦੌਰਾਨ ਹੁਣ ਤੱਕ ਵਿੱਤੀ ਬਾਜ਼ਾਰਾਂ ਵਿੱਚ ਅਣਕਿਆਸੇ ਬਦਲਾਅ ਵੇਖਣ ਨੂੰ ਮਿਲੇ ਹਨ। ਰਵਾਇਤੀ ਆਰਥਿਕ ਰੁਝਾਨਾਂ ਦੇ ਉਲਟ ਸੋਨੇ ਦੀਆਂ ਕੀਮਤਾਂ ਵਿੱਚ ਬੇਤਹਾਸ਼ਾ ਵਾਧਾ ਹੋਇਆ ਹੈ ਪਰ ਪੂਰੀ ਦੁਨੀਆ 'ਚ ਵਿੱਤੀ ਅਸਥਿਰਤਾ ਦੇ ਦੌਰ 'ਚ ਸੋਨਾ ਭਰੋਸੇਯੋਗ ਸੰਪਤੀ ਸਾਬਤ ਹੋਇਆ ਹੈ। ਅਕਤੂਬਰ 2025 ਦੇ ਸ਼ੁਰੂ ਵਿੱਚ ਸੋਨੇ ਦੀ ਕੀਮਤ ਨੇ 4,372 ਡਾਲਰ ਪ੍ਰਤੀ ਔਂਸ (1 ਔਂਸ ਵਿੱਚ 31 ਗ੍ਰਾਮ ਸੋਨਾ ਹੁੰਦਾ ਹੈ) ਦੇ ਉੱਚ ਪੱਧਰ ਨੂੰ ਛੋਹਿਆ ਸੀ ਜੋ ਜਨਵਰੀ 2025 ਦੇ 2,624 ਡਾਲਰ ਪ੍ਰਤੀ ਔਂਸ ਤੋਂ ਲਗਭਗ 57 ਫ਼ੀਸਦੀ ਵੱਧ ਹੈ। ਬੈਂਕ ਆਫ ਅਮਰੀਕਾ, ਐੱਚਐੱਸਬੀਸੀ ਬੈਂਕ ਅਤੇ ਗੋਲਡਮੈਨ ਸੈਕਸ ਵਰਗੀਆਂ ਵਿੱਤੀ ਸੰਸਥਾਵਾਂ ਦੇ ਵਿਸ਼ਲੇਸ਼ਣ ਅਨੁਸਾਰ ਭੂ-ਸਿਆਸੀ ਜੋਖ਼ਮ ਅਤੇ ਮੁਦਰਾ ਨੀਤੀ ਦੇ ਢਾਂਚੇ ਵਿੱਚ ਤਬਦੀਲੀਆਂ ਕਾਰਨ ਨੇੜ ਭਵਿੱਖ ਵਿੱਚ ਸੋਨੇ ਦੀ ਕੀਮਤ 5,000 ਡਾਲਰ ਪ੍ਰਤੀ ਔਂਸ ਤੱਕ ਵੀ ਪਹੁੰਚ ਸਕਦੀ ਹੈ। ਆਮ ਤੌਰ 'ਤੇ ਸੋਨੇ ਦੀਆਂ ਕੀਮਤਾਂ ਵਿੱਚ ਤੇਜ਼ ਵਾਧਾ ਦੁਨੀਆ ਭਰ 'ਚ ਉੱਚ ਮੁਦਰਾ ਸਫੀਤੀ ਜਾਂ ਡੂੰਘੀ ਆਰਥਿਕ ਮੰਦੀ ਜਿਹੇ ਕਾਰਕਾਂ ਨਾਲ ਹੁੰਦਾ ਹੈ, ਪਰ ਹੁਣ ਤਾਂ ਸੋਨੇ ਦੀਆਂ ਮੌਜੂਦਾ ਕੀਮਤਾਂ ਵਿੱਚ ਵਾਧਾ ਇਨ੍ਹਾਂ ਪਰੰਪਰਾਗਤ ਕਾਰਕਾਂ ਦੀ ਅਣਹੋਂਦ ਵਿੱਚ ਹੋਇਆ ਹੈ। ਇਹ ਅਸਾਧਾਰਨ ਰੁਝਾਨ ਵਿਸ਼ਵ ਵਿੱਤੀ ਪ੍ਰਣਾਲੀ ਵਿੱਚ ਹੋ ਰਹੇ ਗਹਿਰੇ ਢਾਂਚਾਗਤ ਬਦਲਾਅ ਦੇ ਸੰਕੇਤਕ ਹਨ। ਇਨ੍ਹਾਂ ਵਿਲੱਖਣ ਕਾਰਕਾਂ ਦੀ ਪਛਾਣ ਕਰਨ ਲਈ ਡੂੰਘੇ ਵਿਸ਼ਲੇਸ਼ਣ ਦੀ ਲੋੜ ਹੈ। ਸੰਕਟ ਵਿੱਚ ਸੋਨੇ ਦੀ ਇਤਿਹਾਸਕ ਮਜ਼ਬੂਤੀ: ਇਤਿਹਾਸ ਗਵਾਹ ਹੈ ਕਿ ਦੁਨੀਆ ਵਿੱਚ ਆਈ ਵੱਡੀ ਆਰਥਿਕ ਜਾਂ ਸਿਆਸੀ ਉਥਲ-ਪੁਥਲ ਦੌਰਾਨ ਸੋਨੇ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਵੀਹਵੀਂ ਸਦੀ ਦੇ ਇਤਿਹਾਸ ਵਿੱਚ ਤਿੰਨ ਵਾਰ ਅਜਿਹਾ ਦੌਰ ਆਇਆ, ਜਦੋਂ ਸੋਨੇ ਦੀਆਂ ਕੀਮਤਾਂ ਵਿੱਚ ਅਣਕਿਆਸਿਆ ਉਛਾਲ ਆਇਆ। ਪਹਿਲੀ ਵਾਰ ਸੰਨ 1933 ਦੀ ਮਹਾਂਮੰਦੀ ਦੌਰਾਨ ਅਜਿਹਾ ਵਾਪਰਿਆ, ਜਦੋਂ ਅਮਰੀਕੀ ਰਾਸ਼ਟਰਪਤੀ ਫਰੈਂਕਲਿਨ ਡੀ. ਰੂਜ਼ਵੈਲਟ ਦੇ ਕਾਰਜਕਾਰੀ ਆਦੇਸ਼ ਨੇ ਨਾਗਰਿਕਾਂ ਨੂੰ 20.67 ਡਾਲਰ ਪ੍ਰਤੀ ਔਂਸ ਕੀਮਤ 'ਤੇ ਸੋਨਾ ਸਰਕਾਰ ਨੂੰ ਵੇਚਣ ਲਈ ਮਜਬੂਰ ਕੀਤਾ। ਇਸ ਕਦਮ ਮਗਰੋਂ ਸੰਨ 1934 ਦਾ ਗੋਲਡ ਰਿਜ਼ਰਵ ਐਕਟ ਲਾਗੂ ਕੀਤਾ ਗਿਆ, ਜਿਸ ਤਹਿਤ ਸੋਨੇ ਦਾ ਅਧਿਕਾਰਤ ਮੁੱਲ ਵਧਾ ਕੇ 35 ਡਾਲਰ ਪ੍ਰਤੀ ਔਂਸ ਕਰ ਦਿੱਤਾ ਗਿਆ। ਇਹ ਨੀਤੀਗਤ ਤਬਦੀਲੀ ਸੋਨੇ ਦੀ ਕੀਮਤ ਵਿੱਚ ਲਗਭਗ 15 ਡਾਲਰ ਪ੍ਰਤੀ ਔਂਸ ਦੇ ਵਾਧੇ ਦਾ ਕਾਰਨ ਬਣੀ, ਜਿਸ ਨਾਲ ਅਮਰੀਕੀ ਡਾਲਰ ਦੀ ਕੀਮਤ ਸੋਨੇ ਦੇ ਮੁਕਾਬਲੇ ਘਟ ਗਈ। ਡਾਲਰ ਨੂੰ ਸਰਕਾਰ ਵੱਲੋਂ ਜਾਣਬੁੱਝ ਕੇ ਕਮਜ਼ੋਰ ਕੀਤਾ ਗਿਆ ਤਾਂ ਜੋ ਸਰਕਾਰ ਵੱਡੀ ਮਾਤਰਾ ਵਿੱਚ ਨਵੇਂ ਡਾਲਰ ਛਾਪ ਸਕੇ ਅਤੇ ਦੇਸ਼ ਵਿੱਚ ਨਕਦੀ ਦਾ ਪ੍ਰਵਾਹ ਵਧੇ। ਇਸ ਕਦਮ ਨਾਲ ਚੀਜ਼ਾਂ ਦੀਆਂ ਕੀਮਤਾਂ ਵਧਣ ਲੱਗੀਆਂ, ਜਿਸ ਨੇ ਲਗਾਤਾਰ ਘਟ ਰਹੀਆਂ ਕੀਮਤਾਂ ਦੇ ਚੱਕਰ ਨੂੰ ਤੋੜਿਆ। ਇਉਂ ਮਹਿੰਗਾਈ ਵਧਾ ਕੇ ਮੰਦੀ ਨੂੰ ਠੱਲ੍ਹ ਪਾਉਣ ਦੀ ਇਸ ਆਰਥਿਕ ਨੀਤੀ ਵਿੱਚ ਸੋਨੇ ਨੇ ਅਹਿਮ ਭੂਮਿਕਾ ਨਿਭਾਈ। ਸੋਨੇ ਦੀ ਕੀਮਤ ਵਿੱਚ ਦੂਜੀ ਵਾਰ ਵੱਡੀ ਤੇਜ਼ੀ ਸਾਲ 1979 ਅਤੇ 1980 ਦੇ ਵਿਚਕਾਰ ਆਈ। ਦਰਅਸਲ, ਅਗਸਤ 1971 ਵਿੱਚ ਬ੍ਰੇਟਨ ਵੁੱਡਜ਼ ਗੋਲਡ ਸਟੈਂਡਰਡ ਦੇ ਖ਼ਤਮ ਹੋਣ ਤੋਂ ਬਾਅਦ ਸੰਸਾਰ ਭਰ ਦੀਆਂ ਮੁਦਰਾਵਾਂ ਨੂੰ ਸੋਨੇ ਨਾਲ ਜੁੜੇ ਇੱਕ ਸਥਿਰ ਵਟਾਂਦਰਾ ਦਰ ਤੋਂ ਮੁਕਤ ਕਰ ਦਿੱਤਾ ਗਿਆ ਸੀ। ਇਸ ਆਜ਼ਾਦੀ ਦੇ ਨਾਲ ਹੀ ਅਮਰੀਕਾ ਵਿੱਚ ਵੱਧ ਮਹਿੰਗਾਈ, ਤੇਲ ਸੰਕਟ ਅਤੇ ਇਰਾਨੀ ਕ੍ਰਾਂਤੀ ਵਰਗੇ ਭੂ-ਸਿਆਸੀ ਸੰਕਟ ਉਪਜੇ, ਜਿਸ ਕਾਰਨ ਸੋਨਾ ਇੱਕ ਜ਼ਰੂਰੀ ਮਹਿੰਗਾਈ ਵਿਰੋਧੀ ਉਪਾਅ ਬਣ ਗਿਆ। 1970ਵਿਆਂ ਦੌਰਾਨ ਨਿਵੇਸ਼ਕਾਂ ਨੇ ਤੇਜ਼ੀ ਨਾਲ ਮੁੱਲ ਗੁਆ ਰਹੀਆਂ ਮੁਦਰਾਵਾਂ ਤੋਂ ਸੁਰੱਖਿਆ ਲੈਣ ਵਾਸਤੇ ਸੋਨੇ ਵਿੱਚ ਨਿਵੇਸ਼ ਕੀਤਾ। ਨਤੀਜੇ ਵਜੋਂ ਸੋਨੇ ਦੀਆਂ ਕੀਮਤਾਂ ਲਗਭਗ 200 ਡਾਲਰ ਪ੍ਰਤੀ ਔਂਸ ਤੋਂ ਵਧ ਕੇ 850 ਡਾਲਰ ਪ੍ਰਤੀ ਔਂਸ (325 ਫ਼ੀਸਦੀ ਵਾਧਾ) 'ਤੇ ਪਹੁੰਚ ਗਈਆਂ। ਇਸ ਪ੍ਰਕਾਰ, ਸੋਨੇ ਨੇ ਮੁਦਰਾ ਦੇ ਡਿੱਗਣ ਅਤੇ ਕੀਮਤਾਂ ਦੀ ਅਸਥਿਰਤਾ ਤੋਂ ਮਜ਼ਬੂਤ ਸੁਰੱਖਿਆ ਪ੍ਰਦਾਨ ਕਰ ਕੇ ਆਪਣੀ ਸਾਖ ਹੋਰ ਮਜ਼ਬੂਤ ਕੀਤੀ। ਹਾਲ ਹੀ ਵਿੱਚ, 2008 ਦੇ ਵਿਸ਼ਵ ਵਿੱਤੀ ਸੰਕਟ ਦੌਰਾਨ ਸੋਨੇ ਦੀ ਕੀਮਤ ਵਿੱਚ ਵੱਡਾ ਉਛਾਲ ਆਇਆ। ਸ਼ੁਰੂਆਤੀ ਗਿਰਾਵਟ ਤੋਂ ਬਾਅਦ ਇਸ ਵਿੱਤੀ ਸੰਕਟ ਦੌਰਾਨ ਵੀ ਸੋਨੇ ਦੀਆਂ ਕੀਮਤਾਂ ਵਿੱਚ ਮਜ਼ਬੂਤ ਵਾਪਸੀ ਹੋਈ, ਜੋ ਸਾਲ 2008 ਦੇ ਅਖ਼ੀਰ ਵਿੱਚ ਲਗਭਗ 700 ਡਾਲਰ ਪ੍ਰਤੀ ਔਂਸ ਤੋਂ ਵਧ ਕੇ 2011 ਵਿੱਚ 1,900 ਡਾਲਰ ਪ੍ਰਤੀ ਔਂਸ (171 ਫ਼ੀਸਦੀ) 'ਤੇ ਪਹੁੰਚ ਗਿਆ। ਇਹ ਕਾਰਕ ਦਰਸਾਉਂਦੇ ਹਨ ਕਿ ਸੋਨਾ ਹਮੇਸ਼ਾ ਮੁਦਰਾ ਸੰਕਟਾਂ ਅਤੇ ਵਿੱਤੀ ਅਸਥਿਰਤਾ ਦੌਰਾਨ ਬਚਾਅ ਲਈ ਭਰੋਸੇਮੰਦ ਸਾਧਨ ਰਿਹਾ ਹੈ। ਬੇਸ਼ੱਕ, ਸੰਕਟ ਸਮੇਂ ਸੋਨਾ ਚੜ੍ਹਦਾ ਹੈ, ਪਰ ਚਾਂਦੀ ਦੀ ਕੀਮਤ ਵੀ ਨਾਲ-ਨਾਲ ਤੇਜ਼ੀ ਨਾਲ ਉੱਪਰ ਜਾਂਦੀ ਹੈ। ਉਦਾਹਰਨ ਵਜੋਂ, 1934 ਵਿੱਚ ਸੋਨੇ ਦੀ ਕੀਮਤ ਵਿੱਚ 69 ਫ਼ੀਸਦੀ ਵਾਧਾ ਹੋਇਆ ਸੀ ਤਾਂ ਚਾਂਦੀ ਦੀ ਕੀਮਤ ਵੀ 0.25 ਤੋਂ 0.75 ਡਾਲਰ ਪ੍ਰਤੀ ਔਂਸ ਹੋ ਕੇ 187 ਫ਼ੀਸਦੀ ਵਧੀ ਸੀ। ਇਸੇ ਤਰ੍ਹਾਂ, 1979-80 ਦੌਰਾਨ ਸੋਨੇ ਦੀ ਕੀਮਤ ਵਿੱਚ 325 ਫ਼ੀਸਦੀ ਉਛਾਲ ਆਇਆ, ਜਦੋਂਕਿ ਚਾਂਦੀ 733 ਫ਼ੀਸਦੀ ਤੱਕ ਪਹੁੰਚ ਗਈ ਸੀ। 2008-11 ਦੇ ਵਿੱਤੀ ਸੰਕਟ ਵੇਲੇ ਵੀ ਸੋਨੇ (171 ਫ਼ੀਸਦੀ) ਨੂੰ ਪਛਾੜ, ਉਦਯੋਗਿਕ ਮੰਗ ਕਾਰਨ ਚਾਂਦੀ ਦੀ ਕੀਮਤ ਵਿੱਚ 447 ਫ਼ੀਸਦੀ ਵਾਧਾ ਹੋਇਆ ਸੀ। ਹੁਣ 2025 ਵਿੱਚ ਵੀ, ਸੋਨੇ ਦਾ ਮੁੱਲ ਜਨਵਰੀ ਤੋਂ 57 ਫ਼ੀਸਦੀ ਵਧਿਆ ਹੈ, ਚਾਂਦੀ ਦੀ ਚੜ੍ਹਤ 68 ਫ਼ੀਸਦੀ ਰਹੀ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਸੋਨਾ ਤਾਂ ਸਿਰਫ਼ ਨਿਵੇਸ਼ਕਾਂ ਲਈ ਇੱਕ ਸੁਰੱਖਿਅਤ ਨਿਵੇਸ਼ ਹੈ, ਪਰ ਚਾਂਦੀ ਦੀ ਮੰਗ ਦੂਹਰੀ ਹੈ: ਵਿੱਤੀ ਸੁਰੱਖਿਆ ਦੇ ਨਾਲ ਨਾਲ ਹੁਣ ਚਾਂਦੀ ਗ੍ਰੀਨ ਐਨਰਜੀ ਅਤੇ ਮਸਨੂਈ ਬੌਧਿਕਤਾ ਦੇ ਖੇਤਰਾਂ ਵਿੱਚ ਵਰਤੀ ਜਾਣ ਵਾਲੀ ਜ਼ਰੂਰੀ ਧਾਤ ਵੀ ਹੈ। ਫਿਰ ਵੀ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਵਿੱਚ ਮੌਜੂਦਾ ਉਛਾਲ ਕਿਸੇ ਇੱਕ ਕਾਰਕ ਨਾਲ ਨਹੀਂ ਆਇਆ ਸਗੋਂ ਇਸ ਦੇ ਕਈ ਕਾਰਨ ਹਨ। ਇਹ ਵਿਸ਼ਵ ਮੁਦਰਾ ਭੰਡਾਰਾਂ ਬਾਰੇ ਇੱਕ ਵੱਡੇ ਮੁੜ ਵਿਚਾਰ ਅਤੇ ਵਧ ਰਹੇ ਆਰਥਿਕ ਸ਼ੰਕਿਆਂ ਨੂੰ ਦਰਸਾਉਂਦਾ ਹੈ। ਅਸਾਧਾਰਨ ਵਾਧੇ ਪਿੱਛੇ ਕਾਰਨ: ਅਜੋਕੇ ਅਸਥਿਰ ਵਿੱਤੀ ਮਾਹੌਲ ਵਿੱਚ ਸੋਨੇ ਅਤੇ ਚਾਂਦੀ ਦੇ ਸੁਰੱਖਿਅਤ ਨਿਵੇਸ਼ ਵਜੋਂ ਵਾਪਸ ਆਉਣ ਪਿੱਛੇ ਮੁੱਖ ਕਾਰਨ ਹਨ ਬਦਲਦੀ ਭੂ-ਸਿਆਸਤ, ਕੇਂਦਰੀ ਬੈਂਕਾਂ ਦੇ ਫ਼ੈਸਲੇ, ਨਵੀਆਂ ਭੁਗਤਾਨ ਪ੍ਰਣਾਲੀਆਂ ਦਾ ਉਭਾਰ ਅਤੇ ਆਰਥਿਕ ਚਿੰਤਾਵਾਂ। ਖ਼ਾਸਕਰ 2022 ਵਿੱਚ ਯੂਕਰੇਨ ਯੁੱਧ ਤੋਂ ਬਾਅਦ ਅਮਰੀਕਾ ਅਤੇ ਯੂਰੋਪ ਵੱਲੋਂ ਰੂਸ ਦੇ ਡਾਲਰ ਭੰਡਾਰਾਂ ਨੂੰ ਜ਼ਬਤ ਕਰਨ ਨੇ ਸਾਬਤ ਕਰ ਦਿੱਤਾ ਕਿ ਇੱਕੋ ਮੁਦਰਾ 'ਤੇ ਬਹੁਤਾ ਨਿਰਭਰ ਰਹਿਣਾ ਖ਼ਤਰਨਾਕ ਹੈ। ਇਸ ਨੇ ਉੱਭਰਦੇ ਅਰਥਚਾਰਿਆਂ ਨੂੰ ਆਪਣੇ ਭੰਡਾਰਾਂ ਵਿੱਚ ਡਾਲਰ ਤੋਂ ਬਾਹਰ ਵਿਭਿੰਨਤਾ ਲਿਆਉਣ ਲਈ ਮਜਬੂਰ ਕੀਤਾ। ਨਿਰਪੱਖ, ਠੋਸ ਤੇ ਸਰਕਾਰਾਂ ਜਾਂ ਸਿਆਸਤ ਤੋਂ ਮੁਕਤ ਧਾਤ ਹੋਣ ਕਰਕੇ ਸੋਨਾ ਸਭ ਤੋਂ ਭਰੋਸੇਮੰਦ ਸੰਪਤੀ ਬਣ ਗਿਆ। ਸਿੱਟੇ ਵਜੋਂ ਦੁਨੀਆ ਭਰ ਦੇ ਕੇਂਦਰੀ ਬੈਂਕਾਂ ਨੇ ਪਿਛਲੇ ਤਿੰਨ ਸਾਲਾਂ (2022-2024) ਦੌਰਾਨ ਸਾਲਾਨਾ 1,000 ਟਨ ਤੋਂ ਵੱਧ ਦੀ ਸ਼ੁੱਧ ਖ਼ਰੀਦ ਕੀਤੀ। ਇਸ ਖ਼ਰੀਦ ਵਿੱਚ ਚੀਨ, ਪੋਲੈਂਡ, ਤੁਰਕੀ ਅਤੇ ਭਾਰਤ ਮੋਹਰੀ ਬਣ ਕੇ ਉੱਭਰੇ। ਸੋਨੇ ਦੀ ਖਰੀਦ ਮੁੱਖ ਤੌਰ 'ਤੇ ਕੇਂਦਰੀ ਬੈਂਕਾਂ ਨੇ ਕੀਤੀ ਹੈ ਜਦੋਂਕਿ ਚਾਂਦੀ ਦੀ ਅਹਿਮੀਅਤ ਨੂੰ ਨਿੱਜੀ ਨਿਵੇਸ਼ਕਾਂ ਨੇ ਪਛਾਣਿਆ, ਜਿਨ੍ਹਾਂ ਨੇ ਵਿੱਤੀ ਅਨਿਸ਼ਚਿਤਤਾ ਤੋਂ ਬਚਾਅ ਲਈ 2025 ਦੇ ਅੱਧ ਤੱਕ ਦੁਨੀਆ ਭਰ ਦੇ ਚਾਂਦੀ ਵਾਲੇ ਫੰਡਾਂ ਵਿੱਚ ਰਿਕਾਰਡ 1.13 ਅਰਬ ਔਂਸ ਚਾਂਦੀ ਇਕੱਠੀ ਕਰ ਲਈ। ਹੁਣ ਚਾਂਦੀ ਦੀ ਮੰਗ ਉਦਯੋਗਿਕ ਖੇਤਰਾਂ, ਖ਼ਾਸਕਰ ਸੋਲਰ ਪੈਨਲ ਏ.ਆਈ. (19) ਡੇਟਾ ਸੈਂਟਰਾਂ ਦੀ ਵਧਦੀ ਲੋੜ ਕਾਰਨ ਵੀ ਵਧ ਰਹੀ ਹੈ। ਚਾਂਦੀ ਦੀ ਪੂਰਤੀ ਕਰਨ ਵਾਲੇ ਕੁਦਰਤੀ ਸਰੋਤ ਸੀਮਤ ਹਨ (ਲਗਭਗ 70 ਫ਼ੀਸਦੀ ਚਾਂਦੀ ਹੋਰ ਧਾਤਾਂ ਦੀ ਖ਼ੁਦਾਈ ਦਾ ਉਪ-ਉਤਪਾਦ ਹੈ)। ਇਸ ਕਾਰਨ ਬਾਜ਼ਾਰ ਲਗਾਤਾਰ ਪੰਜਵੇਂ ਸਾਲ ਚਾਂਦੀ ਦੀ ਘਾਟ ਮਹਿਸੂਸ ਕਰ ਰਹੇ ਹਨ। ਆਉਣ ਵਾਲੇ ਸਮੇਂ ਦੌਰਾਨ ਵੀ ਜੇਕਰ ਚਾਂਦੀ ਦੀ ਪੂਰਤੀ ਘੱਟ ਅਤੇ ਇਸ ਦੀ ਮੰਗ ਵਧਦੀ ਰਹਿੰਦੀ ਹੈ ਤਾਂ ਚਾਂਦੀ ਦੀਆਂ ਕੀਮਤਾਂ 'ਚ ਹੋਰ ਇਜ਼ਾਫ਼ਾ ਹੋ ਸਕਦਾ ਹੈ। ਇਨ੍ਹਾਂ ਕਾਰਨਾਂ ਤੋਂ ਇਲਾਵਾ, ਹੁਣ ਕਈ ਦੇਸ਼ ਦੂਜੇ ਦੇਸ਼ਾਂ ਨਾਲ ਵਪਾਰ ਕਰਕੇ ਪੈਸੇ ਭੇਜਣ ਲਈ ਇੱਕ ਨਵੀਂ ਪ੍ਰਣਾਲੀ ਵਰਤ ਰਹੇ ਹਨ। ਇਸ ਵਿੱਚ ਚੀਨ ਦਾ ਸੀਆਈਪੀਐੱਸ, ਰੂਸ ਦਾ ਐੱਸਪੀਐੱਫਐੱਸ ਅਤੇ ਭਾਰਤ ਦਾ ਯੂਪੀਆਈ ਵੀ ਸ਼ਾਮਿਲ ਹੈ। ਬ੍ਰਿਕਸ ਅਰਥਵਿਵਸਥਾਵਾਂ ਨੇ ਵੀ ਆਪਸ ਵਿੱਚ ਵਪਾਰ ਕਰਨ ਲਈ ਅਜਿਹੀ ਹੀ ਇੱਕ ਨਵੀਂ ਪ੍ਰਣਾਲੀ ਦੀ ਤਜਵੀਜ਼ ਰੱਖੀ ਹੈ। ਇਹ ਸਭ ਅਮਰੀਕੀ ਡਾਲਰ ਨੂੰ ਢਾਹ ਲਾਉਣ ਅਤੇ ਸਵਿਫਟ 'ਤੇ ਨਿਰਭਰਤਾ ਘਟਾਉਣ ਲਈ ਕੀਤਾ ਜਾ ਰਿਹਾ ਹੈ। ਦਰਅਸਲ, ਯੂਕਰੇਨ ਉੱਤੇ ਕੀਤੇ ਹਮਲਿਆਂ ਤੋਂ ਬਾਅਦ ਅਮਰੀਕਾ ਤੇ ਯੂਰੋਪ ਨੇ ਨਾ ਸਿਰਫ਼ ਰੂਸ ਦੇ ਬੈਂਕਾਂ ਦੇ ਲਗਭਗ 300 ਅਰਬ ਡਾਲਰ ਰਿਜ਼ਰਵ ਜ਼ਬਤ ਕਰ ਲਏ ਸਨ ਸਗੋਂ ਰੂਸ ਦੇ ਵੱਡੇ ਬੈਂਕਾਂ ਨੂੰ ਸਵਿਫਟ ਪ੍ਰਣਾਲੀ ਤੋਂ ਕੱਢ ਦਿੱਤਾ ਸੀ, ਜਿਸ ਨਾਲ ਰੂਸ ਵਿਦੇਸ਼ੀ ਮੁਦਰਾ ਵਿੱਚ ਕੌਮਾਂਤਰੀ ਪੱਧਰ 'ਤੇ ਵਪਾਰ ਕਰਨ ਦੇ ਸਮਰੱਥ ਨਹੀਂ ਸੀ ਰਿਹਾ।

# ਸਿਹਤ ਵਿਭਾਗ ਵੱਲੋਂ ਵਿਸ਼ਵ ਸਟ੍ਰੋਕ ਦਿਵਸ ਸੰਬੰਧੀ ਜਾਗਰੂਕਤਾ ਗਤਿਵਿਧਿਆਂ



**ਬਰਨਾਲਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਵਲ ਸਰਜਨ ਬਰਨਾਲਾ ਡਾ. ਬਲਜੀਤ ਸਿੰਘ ਅਤੇ ਐਸ ਐਮ ਓ ਮਹਿਲ ਕਲਾਂ ਡਾ. ਗੁਰਤੇਜਿੰਦਰ ਕੌਰ ਦੀ ਅਗਵਾਈ ਹੇਠ ਸਿਹਤ ਬਲਾਕ ਮਹਿਲ ਕਲਾਂ ਵੱਲੋਂ ਬਲਾਕ ਅਧੀਨ ਸਿਹਤ ਸੰਸਥਾਵਾਂ ਵਿਖੇ ਵਿਸ਼ਵ ਸਟ੍ਰੋਕ (ਦਿਮਾਗੀ ਦੌਰਾ) ਦਿਵਸ ਦੇ ਮੌਕੇ 'ਤੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ। ਸਟ੍ਰੋਕ (ਦਿਮਾਗੀ ਦੌਰਾ) ਇਲਾਜ ਯੋਗ ਹੈ ਇਸ ਦਾ ਤੁਰੰਤ ਇਲਾਜ ਕਰਵਾ ਕੇ ਕੀਮਤੀ ਜਾਨਾਂ ਬਚਾਈਆਂ ਜਾ ਸਕਦੀਆਂ ਹਨ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਐਸ ਐਮ ਓ ਮਹਿਲ ਕਲਾਂ ਡਾ. ਗੁਰਤੇਜਿੰਦਰ ਵੱਲੋਂ ਕੀਤਾ ਗਿਆ।

ਇਸ ਮੌਕੇ ਏ ਐਮ ਓ ਡਾ. ਕੁਲਜੀਤ ਸਿੰਘ ਨੇ ਦੱਸਿਆ ਕਿ ਸਟ੍ਰੋਕ (ਦਿਮਾਗੀ ਦੌਰਾ) ਪੈ ਜਾਣ ਕਾਰਨ ਦਿਮਾਗ਼ ਵਿੱਚ ਖ਼ੂਨ ਦੀ ਸਪਲਾਈ ਰੁੱਕ ਜਾਣੀ ਜਾਂ ਦਿਮਾਗ ਦੀ ਨਾੜੀ ਦੇ ਫ਼ੱਟ ਜਾਣ ਕਾਰਨ ਦਿਮਾਗ਼ ਦੇ ਸੈੱਲ ਨੁਕਸਾਨ ਗ੍ਰਸਤ ਹੋ ਜਾਂਦੇ ਹਨ। ਉਨ੍ਹਾਂ ਕਿਹਾ ਕਿ ਸਟ੍ਰੋਕ (ਦਿਮਾਗੀ ਦੌਰਾ) ਦੇ ਮਰੀਜ਼ਾਂ ਨੂੰ ਜੇਕਰ 4 ਘੰਟਿਆਂ ਦੇ ਅੰਦਰ ਐਮਰਜੈਂਸੀ 'ਚ ਲਿਆਂਦਾ ਜਾਵੇ ਤਾਂ ਉਸ ਨੂੰ ਅਧਰੰਗ ਤੋਂ ਬਚਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਜੇਕਰ ਕਿਸੇ ਵਿਅਕਤੀ ਦੀ ਬਾਂਹ ਦਾ ਕਮਜ਼ੋਰ ਜਾਂ ਸੁੰਨ ਹੋਣਾ, ਚੇਹਰੇ ਦਾ ਇੱਕ ਹਿੱਸਾ ਥੱਲੇ ਨੂੰ ਹੋਣਾ ਅਤੇ ਬੋਲਣੋਂ ਅਸਮਰੱਥ ਹੋਣਾ ਆਦਿ ਲੱਛਣ ਦਿਖਾਈ ਦੇਣ ਤਾਂ ਤੁਰੰਤ ਹਸਪਤਾਲ ਪਹੁੰਚਾਉਣਾ ਚਾਹੀਦਾ ਹੈ।

# ਕਾਰ ਦਰਖ਼ਤ ਨਾਲ ਟਕਰਾਈ, ਮਹਿਲਾ ਸਮੇਤ ਦੋ ਦੀ ਮੌਤ, ਦੋ ਜ਼ਖ਼ਮੀ



**ਸਮਾਣਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਪਾਤੜਾਂ ਰੋਡ 'ਤੇ ਪਿੰਡ ਸ਼ਾਹਪੁਰ ਨੇੜੇ ਇੱਕ ਕਾਰ ਦੇ ਦਰਖ਼ਤ ਵਿਚ ਵੱਜਣ ਕਾਰਨ ਕਾਰ ਚਾਲਕ ਸਣੇ ਇੱਕ ਮਹਿਲਾ ਦੀ ਮੌਤ ਹੋ ਗਈ, ਜਦੋਂਕਿ 2 ਮਹਿਲਾਵਾਂ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਸਮਾਣਾ ਦੇ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਉਨ੍ਹਾਂ ਦੀ ਹਾਲਤ ਗੰਭੀਰ ਦੇਖਦਿਆਂ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਉਪਰੰਤ ਪਟਿਆਲਾ ਦੇ ਰਜਿੰਦਰਾ ਹਸਪਤਾਲ ਰੇਫ਼ਰ ਕਰ ਦਿੱਤਾ ਗਿਆ। ਇਹ ਚਾਰੋ ਜਣੇ ਪਟਿਆਲਾ ਤੋਂ ਨਰਵਾਣੇ ਵਿਖੇ ਕਿਸੇ ਰਿਸ਼ਤੇਦਾਰ ਦੇ ਭੋਗ ਸਮਾਗਮ ਤੋਂ ਵਾਪਿਸ ਆ ਰਹੇ ਸਨ ਕਿ ਕਾਰ ਅਚਾਨਕ ਸੜਕ ਕਿਨਾਰੇ ਖੜੇ ਦਰਖ਼ਤ ਨਾਲ ਜਾ ਟਕਰਾਈ, ਜਿਸ ਵਿਚ ਅਭਿਸ਼ੇਕ ਗੋਇਲ ਅਤੇ ਪ੍ਰਵੀਣ ਵਰਮਾ ਨਾਮਕ ਮਹਿਲਾ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂਕਿ ਕਾਰ ਵਿਚ ਸਵਾਰ ਸ਼ਸ਼ੀ ਵਾਲਾ ਅਤੇ ਅੰਜੂ ਵਰਮਾ ਸਿੰਘ ਵਿਰਕ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਲੱਗਦਾ ਹੈ ਕਿ ਕਾਰ ਚਾਲਕ ਦੀ ਅੱਖ ਲੱਗਣ ਕਾਰਨ ਇਹ ਹਾਦਸਾ ਵਾਪਰਿਆ ਹੈ। ਉਨ੍ਹਾਂ ਕਿਹਾ ਕਿ ਬਾਕਿ ਤਾਂ ਜਾਂਚ ਪੂਰੀ ਹੋਣ ਉਪਰੰਤ ਹੀ ਕੁੱਝ ਕਿਹਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਦੀ ਹਾਲਤ ਗੰਭੀਰ ਹੋਣ ਕਾਰਨ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਦੇਣ ਉਪਰੰਤ ਪਟਿਆਲਾ ਦੇ ਰਜਿੰਦਰਾ ਹਸਪਤਾਲ ਵਿਖੇ ਰੈਫ਼ਰ ਕਰ ਦਿੱਤਾ ਗਿਆ ਹੈ।

# ਬਾਬਾ ਕਾਲਾ ਮਹਿਰ ਸਟੇਡੀਅਮ ਵਿਖੇ ਸ਼ਾਮ ਨੂੰ ਸਮਾਗਮ ਕਰਵਾਇਆ ਜਾਵੇਗਾ

**ਬਰਨਾਲਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨੌਵੇਂ ਪਾਤਸ਼ਾਹ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸ਼ਤਾਬਦੀ ਸਮਾਗਮ ਬਹੁਤ ਹੀ ਸ਼ਰਧਾ ਨਾਲ ਵੱਡੇ ਪੱਧਰ 'ਤੇ ਮਨਾਏ ਜਾ ਰਹੇ ਹਨ। ਇਸ ਤਹਿਤ ਗੁਰੂ ਸਾਹਿਬਾਨ ਦੇ ਜੀਵਨ ਅਤੇ ਸ਼ਹਾਦਤ ਨੂੰ ਦਰਸਾਉਂਦਾ ਰੋਸ਼ਨੀ ਅਤੇ ਆਵਾਜ਼ ਪ੍ਰੋਗਰਾਮ 14 ਨਵੰਬਰ ਨੂੰ ਬਾਬਾ ਕਾਲਾ ਮਹਿਰ ਸਟੇਡੀਅਮ ਵਿਖੇ ਕਰਵਾਇਆ ਜਾਵੇਗਾ।

ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ਼੍ਰੀ ਟੀ ਬੈਨਿਥ ਨੇ ਦੱਸਿਆ ਕਿ ਇਸ ਰੋਸ਼ਨੀ ਅਤੇ ਅਵਾਜ਼ ਦੇ ਪ੍ਰੋਗਰਾਮ ਨੂੰ ਵੇਖਣ ਲਈ ਵੱਡੀ ਗਿਣਤੀ 'ਚ ਸੰਗਤਾਂ ਪੁੱਜ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਸਟੇਡੀਅਮ ਵਿਖੇ ਕਰਵਾਇਆ ਜਾਣ ਵਾਲਾ ਇਹ ਸਮਾਗਮ 45 ਮਿੰਟ ਦਾ ਹੋਵੇਗਾ।

ਨਾਲ ਹੀ ਆਉਣਾ ਵਾਲੀ ਸੰਗਤ ਦੇ ਬੈਠਣ ਦਾ ਪ੍ਰਬੰਧ, ਗੱਡੀਆਂ ਦੀ ਪਾਰਕਿੰਗ ਦਾ ਪ੍ਰਬੰਧ, ਸੁਰੱਖਿਆ ਪ੍ਰਬੰਧ ਆਦਿ ਕੀਤੇ ਜਾਣਗੇ।

ਉਨ੍ਹਾਂ ਜ਼ਿਲ੍ਹਾ ਬਰਨਾਲਾ ਦੇ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਹੁੰਮ ਹੁਮਾਕੇ ਇਸ ਸਮਾਗਮ 'ਚ ਸ਼ਿਰਕਤ ਕਰਨ।

# ਸਰਕਾਰੀ ਸਕੂਲ ਹਮੀਦੀ ਦੀ ਜੱਸੀ ਕਰੇਗੀ ਨੈਸ਼ਨਲ ਪੱਧਰ 'ਤੇ ਪੰਜਾਬ ਦੀ ਪ੍ਰਤੀਨਿਧਤਾ



**ਬਰਨਾਲਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੂਲ ਗੇਮਜ਼ ਫੈਡਰੇਸ਼ਨ ਆਫ਼ ਇੰਡੀਆ ਵੱਲੋਂ 69ਵੀਆਂ ਸਟੇਟ ਪੱਧਰੀ ਖੇਡਾਂ ਵਿੱਚ ਹਮੀਦੀ ਸਕੂਲ ਦੀ ਬਾਰਵੀਂ ਜਮਾਤ ਦੀ ਵਿਦਿਆਰਥਣ ਜੱਸੀ ਕੌਰ ਨੇ ਆਪਣੇ ਸਕੂਲ ਅਤੇ ਜ਼ਿਲ੍ਹੇ ਦਾ ਨਾਮ ਚਮਕਾਇਆ।ਡਿਪਟੀ ਕਮਿਸ਼ਨਰ ਸ਼੍ਰੀ ਟੀ ਬੈਨਿਥ ਨੇ ਖਿਡਾਰਣ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਜਾਹਿਰ ਕਰਦਿਆਂ ਕਿਹਾ ਕਿ 69ਵੀਆਂ ਸਟੇਟ ਪੱਧਰੀ ਖੇਡਾਂ ਵਿੱਚ ਖਿਡਾਰਣ ਜੱਸੀ ਕੌਰ ਨੇ ਕਰਾਸ ਕੰਟਰੀ ਚਾਰ ਕਿਲੋਮੀਟਰ ਵਿੱਚ ਗੋਲਡ ਮੈਡਲ ਪ੍ਰਾਪਤ ਕਰਕੇ ਨੈਸ਼ਨਲ ਲਈ ਕੁਆਲੀਫਾਈ ਕਰ ਲਿਆ ਹੈ। ਉਹਨਾਂ ਅੱਗੇ ਦੱਸਿਆ ਕਿ ਸਾਡੀ ਇੱਕ ਹੋਰ ਹੋਣਹਾਰ ਵਿਦਿਆਰਥੀ ਰਮਨਦੀਪ ਕੌਰ ਜਮਾਤ ਸੱਤਵੀਂ ਨੇ ਸਟੇਟ ਪੱਧਰ ਰਿਲੇਅ ਰੇਸ 4ਗ100 ਵਿੱਚੋਂ ਬਰਾਉਂਜ ਮੈਡਲ ਜਿੱਤਿਆ ਹੈ।

ਜ਼ਿਲ੍ਹਾ ਸਿੱਖਿਆ ਅਫ਼ਸਰ ਸ. ਸੁਨੀਤਇੰਦਰ ਸਿੰਘ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਮੀਦੀ ਦੇ ਪ੍ਰਿੰਸੀਪਲ ਇਨਚਾਰਜ ਮੈਡਮ ਸਕੁੰਤਲਾ ਦੇਵੀ ਅਤੇ ਕੋਚ ਡੀਪੀ ਸ. ਲਖਵੀਰ ਸਿੰਘ ਨੇ ਦੱਸਿਆ ਕਿ ਜੱਸੀ ਕੌਰ ਨੈਸ਼ਨਲ ਪੱਧਰ 'ਤੇ ਪੰਜਾਬ ਦੀ ਨੁਮਾਇੰਦਗੀ ਕਰਦੀ ਨਜ਼ਰ ਆਵੇਗੀ।

ਸਰਪੰਚ ਸ. ਓਮਨਦੀਪ ਸਿੰਘ ਅਤੇ ਲੈਕਚਰਾਰ ਸ੍ਰੀ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਸਾਲ ਸਕੂਲ ਦੇ ਕੁੱਲ 33 ਵਿਦਿਆਰਥੀਆਂ ਨੇ ਵੱਖ-ਵੱਖ ਵੰਨਗੀਆਂ ਵਿੱਚ ਸਟੇਟ ਪੱਧਰ 'ਤੇ ਬਰਨਾਲੇ ਜ਼ਿਲ੍ਹੇ ਦੀ ਨੁਮਾਇੰਦਗੀ ਕੀਤੀ। ਜਿਨ੍ਹਾਂ ਦੀ ਕਾਰਗੁਜ਼ਾਰੀ ਬਹੁਤ ਵਧੀਆ ਰਹੀ। ਸਕੂਲ ਵਿੱਚ ਪਹੁੰਚਣ 'ਤੇ ਦੋਨੇ ਵਿਦਿਆਰਥਨਾਂ ਦਾ ਸਮੁੱਚੀ ਨਗਰ ਪੰਚਾਇਤ ਸਕੂਲ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਗਰਮ ਜੋਸ਼ੀ ਨਾਲ ਸਵਾਗਤ ਕੀਤਾ ਗਿਆ। ਨਗਰ ਪੰਚਾਇਤ ਅਤੇ ਸਕੂਲ ਸਟਾਫ਼ ਵੱਲੋਂ ਵਿਸ਼ੇਸ਼ ਤੌਰ 'ਤੇ ਇਹਨਾਂ ਵਿਦਿਆਰਥਨਾਂ ਅਤੇ ਕੋਚ ਲਖਵੀਰ ਸਿੰਘ, ਅਧਿਆਪਿਕਾ ਸ੍ਰੀਮਤੀ ਹਰਦੀਪ ਕੌਰ, ਅਧਿਆਪਕ ਅਮਨਿੰਦਰ ਸਿੰਘ ਵੀ ਹਾਜ਼ਰ ਸਨ।

# ਏਕਤਾ ਮਾਰਚ ਤਹਿਤ ਸਮਾਣਾ ਅਤੇ ਪਟਿਆਲਾ ਵਿਖੇ ਕਰਵਾਈ ਗਈ ਪੈਦਲ ਯਾਤਰਾ



**ਪਟਿਆਲਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦਾਰ ਵੱਲਭ ਭਾਈ ਪਟੇਲ ਜੀ ਦੀ 150 ਵੀ ਜਨਮ ਸ਼ਤਾਬਦੀ ਨੂੰ ਸਮਰਪਿਤ ਮੇਰਾ ਯੁਵਾ ਭਾਰਤ ਪਟਿਆਲਾ ਦਫਤਰ ਵੱਲੋਂ : ਵੀਰਦੀਪ ਕੋਰ , ਡਾਕਟਰ ਅਨਹਦ ਸਿੰਘ ਗਿੱਲ ਪਟਿਆਲਾ ( ਪਰਮਿੰਦਰ /ਗਰੇਵਾਲ ) ਮੇਰਾ ਯੁਵਾ ਭਾਰਤ ਪਟਿਆਲਾ ਵੱਲੋਂ ਯੁਵਾ ਅਤੇ ਖੇਡ ਮੰਤਰਾਲਾ ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਭਾਰਤ ਦੇ ਲੋਹ ਪੁਰਸ਼ ਸਰਦਾਰ ਵੱਲਭ ਭਾਈ ਪਟੇਲ ਜੀ ਦੀ 150 ਵੀ ਜਨਮ ਸ਼ਤਾਬਦੀ ਦੇ ਸਬੰਧ ਵਿੱਚ ਪਟਿਆਲਾ ਵਿਖੇ ਏਕਤਾ ਮਾਰਚ ਤਹਿਤ ਪੈਦਲ ਯਾਤਰਾ ਦਾ ਆਯੋਜਨ ਜ਼ਿਲ੍ਹਾ ਯੂਥ ਅਫ਼ਸਰ ਵੀਰਦੀਪ ਕੋਰ ਦੀ ਅਗਵਾਈ ਹੇਠ ਕੀਤਾ ਜਾਵੇਗਾ। ਇਸ ਮੌਕੇ ਜ਼ਿਲ੍ਹਾ ਯੂਥ ਅਫ਼ਸਰ ਵੀਰਦੀਪ ਕੋਰ ਨੇ ਦੱਸਿਆ ਕਿ ਏਕਤਾ ਮਾਰਚ ਦੇ ਆਯੋਜਨ ਤੋਂ ਪਹਿਲਾਂ ਵੱਖ ਵੱਖ ਸਕੂਲਾਂ, ਕਾਲਜਾਂ, ਯੂਨੀਵਰਸਿਟੀਆ ਵਿੱਚ ਜਾਂ ਕੇ ਵਿਦਿਆਰਥੀਆਂ ਨੂੰ ਸਰਦਾਰ ਵੱਲਭ ਭਾਈ ਪਟੇਲ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

ਉਹਨਾਂ ਦੱਸਿਆ ਕਿ ਸਰਦਾਰ ਵੱਲਭ ਭਾਈ ਪਟੇਲ ਜੀ ਦੇ ਜੀਵਨ ਤੇ ਆਧਾਰਿਤ ਨੁੱਕੜ ਨਾਟਕ, ਭਾਸ਼ਣ ਪ੍ਰਤੀਯੋਗਤਾ ਤੋ ਇਲਾਵਾ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਸੌਂਹ ਚੁੱਕ ਪ੍ਰੋਗਰਾਮ, ਸਵਦੇਸ਼ੀ ਮੇਲੇ, ਅਤੇ ਹੋਰ ਅਨੇਕਾਂ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਵੇਗਾ। ਉਹਨਾਂ ਦੱਸਿਆ ਕਿ ਮਿਤੀ 14/11/25 ਨੂੰ ਸਮਾਣਾ ਅਤੇ 17/11/25 ਨੂੰ ਪਟਿਆਲਾ ਵਿਖੇ ਏਕਤਾ ਮਾਰਚ ਤਹਿਤ ਪੈਦਲ ਯਾਤਰਾ ਦਾ ਆਯੋਜਨ ਕੀਤਾ ਜਾਵੇਗਾ ਅਤੇ ਨੋਜਵਾਨਾਂ ਅਤੇ ਪਬਲਿਕ ਨੂੰ ਸਰਦਾਰ ਵੱਲਭ ਭਾਈ ਪਟੇਲ ਜੀ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਇਸ ਮੌਕੇ ਡਾਕਟਰ ਅਨਹਦ ਸਿੰਘ ਗਿੱਲ ਪ੍ਰੋਗਰਾਮ ਕੋਆਰਡੀਨੇਟਰ ਐਨ ਐਸ ਐਸ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਧੀਨ ਆਉਂਦੇ ਕਾਲਜਾਂ ਵੱਲੋਂ ਇਸ ਪੈਦਲ ਯਾਤਰਾ ਵਿੱਚ ਭਰਪੂਰ ਸਹਿਯੋਗ ਦਿੱਤਾ ਜਾਵੇਗਾ ਅਤੇ ਇਸ ਪੈਦਲ ਯਾਤਰਾ ਵਿੱਚ ਸਾਡੇ ਐਨ ਐਸ ਐਸ ਦੇ ਵਲੰਟੀਅਰਜ਼ ਸ਼ਮੂਲੀਅਤ ਕਰਨਗੇ। ਇਸ ਮੌਕੇ ਵਿਜੇ ਕੂਕਾ, ਐਸ ਕੇ ਦੇਵ, ਗੁਰਵਿੰਦਰ ਕਾਸਲ, ਪ੍ਰਦੀਪ ਕੁਮਾਰ ਨੱਡਾ, ਹਰਦੇਵ ਸਿੰਘ ਬੱਲੀ, ਜਰਨੈਲ ਸਿੰਘ ਵੀ ਹਾਜ਼ਰ ਸਨ।

# ਅੰਮ੍ਰਿਤਸਰ ਵਿੱਚ 100 ਗ੍ਰਾਮ ਹੈਰੋਇਨ ਤੇ 1.50 ਲੱਖ ਡਰੱਗ ਮਨੀ ਸਮੇਤ ਦੋ ਤਸਕਰ ਗ੍ਰਿਫਤਾਰ



**ਅੰਮ੍ਰਿਤਸਰ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਐਂਟੀ ਗੈਂਗਸਟਰ ਟਾਸਕ ਫੋਰਸ ਨੇ ਨਸ਼ੇ ਦੇ ਖ਼ਿਲਾਫ ਆਪਣੀ ਮੁਹਿੰਮ ਨੂੰ ਹੋਰ ਤੀਬਰ ਕਰਦਿਆਂ ਅੱਜ ਵੱਡੀ ਕਾਰਵਾਈ ਅੰਜਾਮ ਦਿੱਤੀ। ਟੀਮ ਨੇ ਦੋ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 100 ਗ੍ਰਾਮ ਹੈਰੋਇਨ ਅਤੇ ਲਗਭਗ 1 ਲੱਖ 50 ਹਜ਼ਾਰ ਰੁਪਏ ਡਰੱਗ ਮਨੀ ਵਜੋਂ ਬਰਾਮਦ ਕੀਤੇ ਹਨ। ਇਹ ਕਰਵਾਈ ਸ਼ਹਿਰ ਦੇ ਸੰਵੇਦਨਸ਼ੀਲ ਇਲਾਕੇ 'ਚ ਕੀਤੀ ਗਈ, ਜਿੱਥੇ ਟਾਸਕ ਫੋਰਸ ਨੇ ਖ਼ੁਫ਼ੀਆ ਜਾਣਕਾਰੀ ਦੇ ਆਧਾਰ 'ਤੇ ਘਾਤ ਲਗਾ ਕੇ ਛਾਪਾਮਾਰੀ ਕੀਤੀ।ਪੁਲਿਸ ਅਧਿਕਾਰੀਆਂ ਅਨੁਸਾਰ, ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਦੀ ਪਛਾਣ ਕਰ ਲਈ ਗਈ ਹੈ, ਤੇ ਹੁਣ ਉਨ੍ਹਾਂ ਤੋਂ ਪੁੱਛਗਿੱਛ ਦੌਰਾਨ ਉਨ੍ਹਾਂ ਦੇ ਹੋਰ ਸਾਥੀਆਂ ਅਤੇ ਸਪਲਾਈ ਚੇਨ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਦੋਵੇਂ ਤਸਕਰ ਕਾਫ਼ੀ ਸਮੇਂ ਤੋਂ ਨਸ਼ੇ ਦੇ ਧੰਧੇ ਨਾਲ ਜੁੜੇ ਹੋਏ ਸਨ ਅਤੇ ਸਥਾਨਕ ਪੱਧਰ 'ਤੇ ਨੌਜਵਾਨਾਂ ਵਿੱਚ ਨਸ਼ੇ ਦੀ ਸਪਲਾਈ ਕਰ ਰਹੇ ਸਨ।ਐਂਟੀ ਗੈਂਗਸਟਰ ਟਾਸਕ ਫੋਰਸ ਦੇ ਮੁਖੀ ਨੇ ਕਿਹਾ ਕਿ ਨਸ਼ੇ ਦੇ ਕਾਰੋਬਾਰ ਨਾਲ ਜੁੜੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸਰਕਾਰ ਵੱਲੋਂ ਜਾਰੀ ਮਿਸ਼ਨ ਕਲੀਨ ਪੰਜਾਬ ਤਹਿਤ ਨਸ਼ਾ ਤਸਕਰਾਂ ਦੀ ਗ੍ਰਿਫਤਾਰੀ ਲਈ ਜੋੜੇ ਦਰਜੇ ਦੇ ਪ੍ਰਯਾਸ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਇਹ ਗਿਰੋਹ ਨਾ ਸਿਰਫ ਨਸ਼ੇ ਦੇ ਫੈਲਾਅ ਲਈ ਜ਼ਿੰਮੇਵਾਰ ਹਨ ਸਗੋਂ ਅਪਰਾਧਿਕ ਗਤੀਵਿਧੀਆਂ ਨਾਲ ਵੀ ਸਬੰਧਿਤ ਹਨ।ਸਥਾਨਕ ਵਾਸੀਆਂ ਵੱਲੋਂ ਵੀ ਟਾਸਕ ਫੋਰਸ ਦੀ ਇਸ ਕਾਰਵਾਈ ਦੀ ਸਰਾਹਨਾ ਕੀਤੀ ਗਈ ਹੈ।

ਲੋਕਾਂ ਨੇ ਆਸ ਜਤਾਈ ਕਿ ਇਨ੍ਹਾਂ ਸਖ਼ਤ ਕਦਮਾਂ ਨਾਲ ਅੰਮ੍ਰਿਤਸਰ ਵਿੱਚ ਨਸ਼ੇ ਦਾ ਸਾਯਾ ਹੌਲੀ-ਹੌਲੀ ਖਤਮ ਹੋਵੇਗਾ ਅਤੇ ਨੌਜਵਾਨ ਪੀੜ੍ਹੀ ਨੂੰ ਸੁਰੱਖਿਅਤ ਭਵਿੱਖ ਮਿਲੇਗਾ।ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਪੁਲਿਸ ਵੱਲੋਂ ਹੋਰ ਛਾਪੇਮਾਰੀਆਂ ਲਈ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਪ੍ਰਸ਼ਾਸਨ ਨੇ ਸਪਸ਼ਟ ਕੀਤਾ ਹੈ ਕਿ ਇਹ ਮੁਹਿੰਮ ਕੇਵਲ ਸ਼ੁਰੂਆਤ ਹੈ, ਅਤੇ ਆਉਣ ਵਾਲੇ ਦਿਨਾਂ ਵਿੱਚ ਨਸ਼ੇ ਦੇ ਗਿਰੋਹਾਂ 'ਤੇ ਹੋਰ ਵੱਡੇ ਪ੍ਰਹਾਰ ਕੀਤੇ ਜਾਣਗੇ।

# ਵਧ ਰਹੀ ਆਵਾਰਾ ਪਸ਼ੂਆਂ ਦੀ ਗਿਣਤੀ ਮੋਟਰਸਾਈਕਲ ਸਵਾਰ ਨੂੰ ਟੱਕਰ ਮਾਰ ਕੇ ਕੀਤਾ ਜ਼ਖ਼ਮੀ

**ਸਮਾਣਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੀ ਦੇਰ ਰਾਤ ਨਾਭਾ ਕਲੋਨੀ ਵਿਖੇ ਇਕ ਅਵਾਰਾ ਗਾਂ ਨੇ ਮੋਟਰ ਸਾਇਕਲ ਸਵਾਰ ਨੂੰ ਟੱਕਰ ਮਾਰ ਕੇ ਬੁਰੀ ਤਰ੍ਹਾਂ ਕੁਚਲ ਕੇ ਗੰਭੀਰ ਜਖ਼ਮੀ ਕਰ ਦਿੱਤਾ। ਰੋਲਾ ਪਾਉਣ 'ਤੇ ਘਰਾਂ 'ਚੋਂ ਨਿਕਲੇ ਲੋਕਾਂ ਨੇ ਜਦੋਂ ਗਾਂ ਵੱਲੋਂ ਕੁੱਚਲੇ ਜਾ ਰਹੇ ਵਿਅਕਤੀ ਨੂੰ ਛਡਾਉਣ ਦੀ ਕੋਸ਼ਿਸ਼ ਕੀਤੀ ਤਾਂ ਉਸ ਸਮੇਂ ਵੀ ਦੋ ਹੋਰ ਲੋਕਾਂ ਨੂੰ ਗਾਂ ਨੇ ਜਖ਼ਮੀ ਕਰ ਦਿੱਤਾ, ਜਿਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਜਾਣਕਾਰੀ ਦਿੰਦਿਆਂ ਪੀੜ੍ਹਤ ਪਰਮਜੀਤ ਸਿੰਘ ਤੇ ਹੋਰਾਂ ਨੇ ਦੱਸਿਆ ਕਿ ਉਹ ਕਰੀਬ ਸਵਾ 10 ਵਜੇ ਮੋਟਰਸਾਈਕਲ 'ਤੇ ਆਪਣੇ ਘਰ ਜਾ ਰਿਹਾ ਸੀ ਕਿ ਇਕ ਅਵਾਰਾ ਗਾਂ ਨੇ ਉਸ ਦੇ ਮੋਟਰਸਾਈਕਲ ਨੂੰ

ਇੰਨੀ ਜਬਰਦਸਤ ਟਕੱਰ ਮਾਰੀ ਕਿ ਉਹ ਮੋਟਰ ਸਾਇਕਲ ਸਣੇ ਜਦੋਂ ਜਮੀਨ 'ਤੇ ਡਿੱਗਿਆਂ ਤਾਂ ਗਾਂ ਨੇ ਉਸ ਨੂੰ ਲੱਤਾਂ ਨਾਲ ਬੁਰੀ ਤਰ੍ਹਾਂ ਕੁਚਲ ਦਿੱਤਾ ਤੇ ਕਪੜੇ ਫਾੜ ਦਿੱਤੇ। ਉਸ ਨੇ ਅੱਗੇ ਦੱਸਿਆ ਕਿ ਜਦੋਂ ਉਹ ਰੋਲਾ ਪਾ ਰਿਹਾ ਸੀ ਤਾਂ ਕੁਝ ਸਮਾਂ ਬਾਅਦ ਜਦੋਂ ਲੋਕ ਘਰਾਂ 'ਚੋਂ ਨਿਕਲੇ ਤਾਂ ਡਰ ਦੇ ਕਾਰਨ ਪਹਿਲਾਂ ਤਾਂ ਕੋਈ ਉਸ ਦੇ ਨੇੜੇ ਨਹੀਂ ਲੱਗਿਆ, ਜਦੋਂ ਉਸ ਨੇ ਪਾਣੀ ਸੁੱਟਣ ਲਈ ਕਿਹਾ ਤਾਂ ਗਾਂ 'ਤੇ ਪਾਣੀ ਪੈਣ ਸਾਰ ਗਾਂ ਉਸ ਨੂੰ ਛੱਡ ਕੇ ਭੱਜ ਗਈ। ਇਸ ਦੌਰਾਨ ਜਖ਼ਮੀ ਹਾਲਤ ਵਿਚ ਮੁਹੱਲਾ ਵਾਸੀਆਂ ਨੇ ਚੁੱਕ ਕੇ ਇਲਾਜ ਲਈ ਸਿਵਲ ਹਸਪਤਾਲ ਲਿਆਂਦਾ। ਪੀੜ੍ਹਤ ਪਰਮਜੀਤ ਸਿੰਘ ਨੇ ਪ੍ਰਸਾਸ਼ਨ ਤੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਰਕਾਰ ਗਊਆਂ ਦੀ ਰੱਖਿਆ ਲਈ ਹਰ ਤੋਂ ਨਿਜ਼ਾਤ ਦਵਾਈ ਜਾਵੇਗੀ। ਨਾਗਰਿਕ ਤੋਂ ਗਊ ਸੈਸ ਵਜੋਂ ਟੈਕਸ ਇਕੱਠਾ ਕਰਦੀ ਹੈ। ਸ਼ਹਿਰ ਵਿਚ ਅਨੇਕਾਂ ਸਰਕਾਰੀ ਤੇ ਗੈਰ ਸਰਕਾਰੀ ਗਊਸ਼ਲਾਵਾਂ ਹੋਣ ਦੇ ਬਾਵਜੂਦ ਅਵਾਰਾ ਪਸ਼ੂਆਂ ਦੀ ਸੜਕਾਂ ਤੇ ਭਰਮਾਰ ਰਹਿਣ ਕਾਰਨ ਰੋਜ਼ਾਨਾ ਹਾਦਸੇ ਵਾਪਰਦੇ ਹਨ, ਜਿਸ ਵੱਲ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ।

ਇਸ ਸੰਬਧੀ ਜਦੋਂ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਅਪਰਅਪਾਰ ਸਿੰਘ ਚਹਿਲ ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਅਵਾਰਾ ਪਸ਼ੂਆਂ ਨੂੰ ਕਾਬੂ ਕਰਨ ਦਾ ਕੰਮ ਲਗਾਤਾਰ ਚੱਲ ਰਿਹਾ ਹੈ। ਪਰ ਫਿਰ ਵੀ ਰੋਜ਼ਾਨਾ ਸ਼ਹਿਰ ਵਿਚ ਨਵੇਂ ਕਈ ਦਰਜ਼ਨਾਂ ਪਸ਼ੂ ਕਿੱਥੋ ਆਉਂਦੇ ਹਨ, ਦੀ ਸ਼ਨਾਖਤ ਕਰਕੇ ਸ਼ਹਿਰ ਵਾਸੀਆਂ ਨੂੰ ਅਵਾਰਾ ਪਸ਼ੂਆਂ ਤੋਂ ਬਚਾਇਆ।

# ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਪੰਜਾਬ ਦੇ ਸਿੱਖਿਆ ਢਾਂਚੇ ਨੂੰ ਨਵੀ ਦਿਸ਼ਾ ਦਿੱਤੀ



**ਸ੍ਰੀ ਆਨੰਦਪੁਰ ਸਾਹਿਬ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਮੰਤਰੀ ਪੰਜਾਬ ਸ.ਹਰਜੋਤ ਸਿੰਘ ਬੈਂਸ ਨੇ ਪੰਜਾਬ ਦੇ ਸਿੱਖਿਆ ਢਾਂਚੇ ਨੂੰ ਨਵੀ ਦਿਸ਼ਾ ਦਿੱਤੀ ਹੈ, ਸਿੱਖਿਆ ਕ੍ਰਾਂਤੀ ਨੇ ਪੰਜਾਬ ਦੇ ਸਰਕਾਰੀ ਸਕੂਲਾਂ ਪ੍ਰਤੀ ਸੂਬੇ ਦੇ ਲੋਕਾਂ ਦਾ ਰਵੱਇਆ ਬਦਲ ਦਿੱਤਾ ਹੈ। ਪੰਜਾਬ ਨੂੰ ਦੇਸ਼ ਭਰ ਵਿੱਚ ਸਿੱਖਿਆ ਖੇਤਰ ਦਾ ਮੋਹਰੀ ਸੂਬਾ ਮੰਨਿਆ ਜਾ ਰਿਹਾ ਹੈ ਜਿੱਥੇ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਸਿੱਖਿਆ ਦੇ ਨਾਲ ਨਾਲ ਹੋਰ ਗਤੀਵਿਧੀਆ ਵਿਚ ਵੀ ਮਾਰਕੇ ਮਾਰ ਰਹੇ ਹਨ।

ਸਿੱਖਿਆ ਵਿਭਾਗ ਪੰਜਾਬ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਰੂਪਨਗਰ ਸ਼੍ਰੀ ਪ੍ਰੇਮ ਕੁਮਾਰ ਮਿੱਤਲ ਦੇ ਦਿਸ਼ਾ-ਨਿਰਦੇਸ਼ਾਂ ਅਧੀਨ, ਸਕੂਲ ਇੰਚਾਰਜ ਸ.ਗੁਰਜਤਿੰਦਰ ਪਾਲ ਸਿੰਘ ਅਤੇ ਵਾਤਾਵਰਣ ਸੰਭਾਲ ਨੋਡਲ ਇੰਚਾਰਜ ਸ.ਸੁਖਜੀਤ ਸਿੰਘ ਕੈਂਥ ਦੀ ਨਿਗਰਾਨੀ ਹੇਠ ਅੱਜ ਏਕ ਭਾਰਤ ਸ੍ਰੇਸ਼ਠ ਭਾਰਤ ਮੁਕਾਬਲੇ ਸ਼ਹੀਦ ਪਰਗਨ ਸਿੰਘ ਸਰਕਾਰੀ ਹਾਈ ਸਕੂਲ ਮਟੌਰ ਵਿਖੇ ਸਫਲਤਾਪੂਰਵਕ ਆਯੋਜਿਤ ਕੀਤੇ ਗਏ।

ਮੀਡੀਆ ਇੰਚਾਰਜ ਦਿਸ਼ਾਂਤ ਮਹਿਤਾ ਨੇ ਦੱਸਿਆ ਕਿ ਇਹ ਮੁਕਾਬਲੇ 6ਵੀਂ ਤੋਂ 8ਵੀਂ ਅਤੇ 9ਵੀਂ ਤੋਂ 12ਵੀਂ ਜਮਾਤ ਤੱਕ ਦੇ ਦੋ ਗਰੁੱਪਾਂ ਵਿੱਚ ਕਰਵਾਏ ਗਏ, ਜਿਨ੍ਹਾਂ ਦਾ ਉਦੇਸ਼ ਵਿਦਿਆਰਥੀਆਂ ਵਿੱਚ ਰਾਸ਼ਟਰੀ ਏਕਤਾ, ਸੱਭਿਆਚਾਰਕ ਸਾਂਝ ਅਤੇ ਦੇਸ਼-ਪ੍ਰੇਮ ਦੇ ਭਾਵਾਂ ਨੂੰ ਮਜ਼ਬੂਤ ਕਰਨਾ ਸੀ। ਵਿਦਿਆਰਥੀਆਂ ਨੇ ਸੋਲੋ ਫੋਕ ਡਾਂਸ ਅਤੇ ਸੋਲੋ ਪੇਂਟਿੰਗ ਮੁਕਾਬਲਿਆਂ ਰਾਹੀਂ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੱਭਿਆਚਾਰਕ ਏਕਤਾ ਦਾ ਸੁਨੇਹਾ ਦਿੱਤਾ। ਮੁਕਾਬਲਿਆਂ ਦੇ ਨਤੀਜਿਆਂ ਵਿੱਚ, ਸੋਲੋ ਫੋਕ ਡਾਂਸ (6ਵੀਂ ਤੋਂ 8ਵੀਂ) ਸ਼੍ਰੇਣੀ ਵਿੱਚ ਸੁਪ੍ਰਿਆ (ਪੀ.ਐਮ. ਸ੍ਰੀ ਕਥੇੜ੍ਹਾ) ਨੇ ਪਹਿਲਾ, ਪਕਲ ਸ਼ਰਮਾ (ਸਰਕਾਰੀ ਕੰਨਿਆ ਸੀ.ਸੀ. ਸਕੂਲ ਸ੍ਰੀ ਅਨੰਦਪੁਰ ਸਾਹਿਬ) ਨੇ ਦੂਜਾ ਅਤੇ ਨਵਜੋਤ ਕੌਰ (ਸ.ਹਾ.ਸ. ਅਗੰਮਪੁਰ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਸੋਲੋ ਪੇਂਟਿੰਗ (6ਵੀਂ ਤੋਂ 8ਵੀਂ) ਸ਼੍ਰੇਣੀ ਵਿੱਚ ਸਚਿਨ ਸ਼ਰਮਾ (ਸ.ਹਾ.ਸ. ਕੋਟਲਾ ਪਾਵਰ ਹਾਊਸ) ਨੇ ਪਹਿਲਾ, ਸਾਨਵੀ (ਸਰਕਾਰੀ ਕੰਨਿਆ ਸੀ.ਸੀ. ਸਕੂਲ ਸ੍ਰੀ ਅਨੰਦਪੁਰ ਸਾਹਿਬ) ਨੇ ਦੂਜਾ ਅਤੇ ਸੁਨੈਨਾ (ਸ.ਹਾ.ਸ. ਮਟੌਰ) ਨੇ ਤੀਜਾ ਸਥਾਨ ਹਾਸਲ ਕੀਤਾ। ਸੋਲੋ ਫੋਕ ਡਾਂਸ (9ਵੀਂ ਤੋਂ 12ਵੀਂ) ਸ਼੍ਰੇਣੀ ਵਿੱਚ ਤਰਨਜੀਤ ਕੌਰ (ਸ੍ਰੀ ਅਨੰਦਪੁਰ ਸਾਹਿਬ) ਪਹਿਲੇ, ਇੰਦੂ (ਸਕੂਲ ਆਫ਼ ਐਮੀਨੈਂਸ ਕੀਰਤਪੁਰ ਸਾਹਿਬ) ਦੂਜੇ ਅਤੇ ਰਾਧਿਕਾ ਸ਼ਰਮਾ (ਸ.ਹਾ.ਸ. ਮਹਿੰਦਲੀ ਖੁਰਦ) ਤੀਜੇ ਸਥਾਨ 'ਤੇ ਰਹੀ। ਇਸੇ ਤਰ੍ਹਾਂ ਸੋਲੋ ਪੇਂਟਿੰਗ (9ਵੀਂ ਤੋਂ 12ਵੀਂ) ਸ਼੍ਰੇਣੀ ਵਿੱਚ ਜਸਲੀਨ ਪ੍ਰੀਤ ਕੌਰ (ਸਰਕਾਰੀ ਕੰਨਿਆ ਸੀ.ਸੀ. ਸਕੂਲ ਸ੍ਰੀ ਅਨੰਦਪੁਰ ਸਾਹਿਬ) ਨੇ ਪਹਿਲਾ, ਮਹਿਕਪ੍ਰੀਤ ਕੌਰ (ਸ.ਹਾ.ਸ. ਝੱਲੀਆਂ ਖੁਰਦ) ਨੇ ਦੂਜਾ ਅਤੇ ਜਸਲੀਨ ਕੌਰ (ਪੀ.ਐਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਹਨਪੁਰ ਖੂਹੀ) ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਇਸ ਮੌਕੇ ਅਧਿਆਪਕ ਲੈਕਚਰਾਰ ਸ਼੍ਰੀ ਮੁਕੇਸ਼ ਕੁਮਾਰ, ਲੈਕਚਰਾਰ ਅਮਰਦੀਪ ਸਿੰਘ, ਸ਼੍ਰੀਮਤੀ ਕੁਲਵਿੰਦਰ ਕੌਰ, ਸ਼੍ਰੀ ਯੋਗਰਾਜ ਅਤੇ ਸ਼੍ਰੀਮਤੀ ਨੀਲਮ ਕੌਰ ਨੇ ਜੱਜ ਵਜੋਂ ਭੂਮਿਕਾ ਨਿਭਾਈ। ਸ਼੍ਰੀ ਓਮ ਪ੍ਰਕਾਸ਼ ਅਤੇ ਸ਼੍ਰੀਮਤੀ ਅਨਾਮਿਕਾ ਸ਼ਰਮਾ ਨੇ ਪ੍ਰਬੰਧਕੀ ਜ਼ਿੰਮੇਵਾਰੀ ਸੰਭਾਲੀ, ਜਦਕਿ ਲੈਕਚਰਾਰ ਸੀਮਾ ਜੱਸਲ ਨੇ ਸਟੇਜ ਸਕੱਤਰ ਵਜੋਂ ਸੇਵਾ ਨਿਭਾਈ। ਰਿਫਰੈਸ਼ਮੈਂਟ ਇੰਚਾਰਜ ਸ. ਕੁਲਵੰਤ ਸਿੰਘ ਅਤੇ ਸ. ਸੁਖਵਿੰਦਰ ਸਿੰਘ ਰਹੇ, ਜਦਕਿ ਰਜਿਸਟ੍ਰੇਸ਼ਨ ਡੈਸਕ ਦੀ ਜ਼ਿੰਮੇਵਾਰੀ ਨਰੇਸ਼ ਕੁਮਾਰ ਅਤੇ ਮਨਜੀਤ ਕੌਰ ਨੇ ਨਿਭਾਈ। ਸਰਟੀਫਿਕੇਟ ਲਿਖਣ ਦੀ ਜ਼ਿੰਮੇਵਾਰੀ ਸ਼੍ਰੀਮਤੀ ਮੀਨਾ ਅਤੇ ਗੁਰਦੀਪ ਕੌਰ ਨੇ ਬਖ਼ੂਬੀ ਪੂਰੀ ਕੀਤੀ।

ਇਸ ਮੌਕੇ ਸ. ਦਇਆ ਸਿੰਘ ਸਿੱਖਿਆ ਕੋਆਰਡੀਨੇਟਰ, ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਨੇ ਜੇਤੂ ਵਿਦਿਆਰਥੀਆਂ ਅਤੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਾਲੇ ਅਧਿਆਪਕਾਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਸਿੱਖਿਆ ਨਾਲ ਸੰਬੰਧਤ ਜ਼ਿਲ੍ਹਾ ਪੱਧਰੀ ਗਤੀਵਿਧੀਆਂ ਦਾ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਆਯੋਜਨ ਹੋਣਾ ਮਾਣ ਦੀ ਗੱਲ ਹੈ। ਉਨ੍ਹਾਂ ਨੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਿੱਖਿਆ ਖੇਤਰ ਦੇ ਸਮੂਹਿਕ ਵਿਕਾਸ ਲਈ ਲਗਾਤਾਰ ਯਤਨਸ਼ੀਲ ਹਨ। ਸਕੂਲ ਇੰਚਾਰਜ ਸ. ਗੁਰਜਤਿੰਦਰ ਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਦੇਸ਼ ਦੀ ਏਕਤਾ, ਵਿਭਿੰਨਤਾ ਅਤੇ ਸੱਭਿਆਚਾਰਕ ਧਰੋਹਰ ਨੂੰ ਹੋਰ ਮਜ਼ਬੂਤ ਬਣਾਉਂਦੇ ਹਨ ਅਤੇ ਵਿਦਿਆਰਥੀਆਂ ਵਿੱਚ ਆਪਸੀ ਭਰਾਵਾਂ ਦੇ ਭਾਵਾਂ ਨੂੰ ਵਧਾਉਂਦੇ ਹਨ।

# ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਹੁਣ ਤੱਕ 698535 ਮੀਟ੍ਰਿਕ ਟਨ ਹੋਈ ਆਮਦ : ਡਿਪਟੀ ਕਮਿਸ਼ਨਰ

**ਬਠਿੰਡਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਦੱਸਿਆ ਕਿ ਜ਼ਿਲ੍ਹੇ ਭਰ ਦੀਆਂ ਮੰਡੀਆਂ ਵਿੱਚ 29 ਅਕਤੂਬਰ ਤੱਕ 698535 ਮੀਟ੍ਰਿਕ ਟਨ ਝੋਨੇ ਦੀ ਆਮਦ ਹੋਈ ਹੈ, ਜਿਸ ਵਿੱਚੋਂ 647127 ਮੀਟ੍ਰਿਕ ਟਨ ਝੋਨੇ ਦੀ ਖ਼ਰੀਦ ਕੀਤੀ ਜਾ ਚੁੱਕੀ ਹੈ ਅਤੇ ਖਰੀਦ ਕੀਤੇ ਝੋਨੇ ਦੀ 1418.50 ਕਰੋੜ ਰੁਪਏ ਦੀ ਅਦਾਇਗੀ (29 ਅਕਤੂਬਰ 2025 ਤੱਕ) ਵੀ ਕਿਸਾਨਾਂ ਨੂੰ ਕੀਤੀ ਜਾ ਚੁੱਕੀ ਹੈ।ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਅੱਗੇ ਦੱਸਿਆ ਕਿ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ ਝੋਨੇ ਦੀ ਖ਼ਰੀਦ ਨਿਰਵਿਘਨ ਜਾਰੀ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਕਿ ਕਿਸਾਨਾਂ ਨੂੰ ਝੋਨੇ ਦੀ ਖ਼ਰੀਦ ਸਬੰਧੀ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਉਣ ਦਿੱਤੀ ਜਾਵੇ।ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਨਗ੍ਰੇਨ ਵੱਲੋਂ 269204 ਮੀਟ੍ਰਿਕ ਟਨ, ਮਾਰਕਫ਼ੈਡ 156494, ਪਨਸਪ 140344, ਪੰਜਾਬ ਵੇਅਰ ਹਾਊਸ 80354, ਐਫ.ਸੀ.ਆਈ. 559 ਅਤੇ ਹੋਰ ਪ੍ਰਾਈਵੇਟ ਵਪਾਰੀਆਂ ਵਲੋਂ 172 ਮੀਟ੍ਰਿਕ ਟਨ ਝੋਨੇ ਦੀ ਖਰੀਦ ਕੀਤੀ ਗਈ।ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ ਮੰਡੀਆਂ ਵਿੱਚ ਸੁੱਕਾ ਝੋਨਾ ਹੀ ਲੈ ਕੇ ਆਉਣ ਤਾਂ ਜੋ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਾ ਆਵੇ।ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਇਹ ਵੀ ਕਿਹਾ ਕਿ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ ਸਗੋਂ ਆਧੁਨਿਕ ਮਸ਼ੀਨਰੀ ਰਾਹੀਂ ਇਸ ਦਾ ਨਿਪਟਾਰਾ ਕਰਨ ਨੂੰ ਤਰਜ਼ੀਹ ਦਿੱਤੀ ਜਾਵੇ। ਉਨ੍ਹਾਂ ਕਿਸਾਨਾਂ ਇਹ ਵੀ ਕਿਹਾ ਕਿ ਪਰਾਲੀ ਨੂੰ ਅੱਗ ਨਾ ਲਗਾਉਣ ਨਾਲ ਜਿਥੇ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਵਾਧਾ ਹੁੰਦਾ ਹੈ ਉਥੇ ਹੀ ਜ਼ਮੀਨ ਬੰਜਰ ਹੋਣ ਤੋਂ ਬਚਦੀ ਹੈ।



ਸਕਾਟਲੈਂਡ ਦੀਆਂ ਨਹਿਰਾਂ ਨੂੰ 'ਬ੍ਰਿਟਿਸ਼ ਵਾਟਰਵੇਜ਼' ਵੀ ਕਿਹਾ ਜਾਂਦਾ ਹੈ ਕਿਉਂਕਿ ਪੁਰਾਣੇ ਸਮਿਆਂ ਵਿਚ ਇਨ੍ਹਾਂ ਰਾਹੀਂ ਸਫ਼ਰ ਵੀ ਕੀਤਾ ਜਾਂਦਾ ਸੀ। ਗਲਾਸਗੋ ਦੇ ਇਰਦ-ਗਿਰਦ ਇਨ੍ਹਾਂ ਦੀ ਲੰਬਾਈ 220 ਕਿਲੋਮੀਟਰ ਹੈ..



# ਸਕਾਟਲੈਂਡ
# ਨਦੀਆਂ ਤੇ ਬੇੜੀਆਂ ਦੀ ਜੁਗਲਬੰਦੀ

• ਪ੍ਰੋ. ਕੁਲਬੀਰ ਸਿੰਘ

ਅਸੀਂ ਇਕ ਮਹੀਨੇ ਲਈ ਇੰਗਲੈਂਡ ਗਏ ਸਾਂ। ਇਸ ਇਕ ਮਹੀਨੇ ਵਿੱਚੋਂ ਬੱਚਿਆਂ ਨੇ 7-8 ਦਿਨ ਸਕਾਟਲੈਂਡ ਲਈ ਕਿਵੇਂ ਕੱਢ ਲਏ ਅਤੇ ਸਕਾਟਲੈਂਡ ਟੂਰ ਦੀ ਰੂਪ-ਰੇਖਾ ਤੇ ਸਾਰੀਆਂ ਬੁਕਿੰਗ ਕਦੋਂ ਕਰਵਾ ਲਈਆਂ ਸੀ। ਸਕਾਟਲੈਂਡ ਦਾ ਬਹੁਤ ਕੁਝ ਅਜਿਹਾ ਹੈ ਜਿਹੜਾ ਤੁਹਾਨੂੰ ਪ੍ਰਭਾਵਤ ਕਰਦਾ ਤੇ ਖਿੱਚ ਪਾਉਂਦਾ ਹੈ। ਤੁਹਾਡੇ ਮਨ ਮਸਤਕ 'ਤੇ ਦਸਤਕ ਦਿੰਦਾ ਹੈ। ਦੁਨੀਆ ਵੇਖਣ ਤੇ ਮਾਨਣ ਦੇ ਆਨੰਦ ਨੂੰ ਵਧਾਉਂਦਾ ਹੈ। ਤੁਸੀਂ ਉੱਥੋਂ ਦੀਆਂ ਸਰਕਾਰਾਂ, ਮਾਹਿਰਾਂ ਤੇ ਲੋਕਾਂ ਦੀ ਸਮਝ ਨੂੰ ਦਾਦ ਦਿੱਤੇ ਬਿਨਾਂ ਨਹੀਂ ਰਹਿ ਸਕਦੇ। ਆਪਣੇ ਮੁਲਕ ਦੇ ਮਾਹੌਲ ਨਾਲ ਤਾਲਮੇਲ ਬਿਠਾਉਂਦਿਆਂ, ਤੁਲਨਾਤਮਕ ਅਧਿਐਨ ਕਰਦਿਆਂ ਤੁਸੀਂ ਹੱਕੇ ਬੱਕੇ ਰਹਿ ਜਾਂਦੇ ਹੋ। ਇਸ ਕੜੀ ਵਿਚ ਸਕਾਟਲੈਂਡ ਦੀਆਂ ਨਦੀਆਂ, ਨਹਿਰਾਂ ਤੇ ਬੇੜੀਆਂ ਦੀ ਬਾਤ ਪਾਉਣ ਨੂੰ ਮਨ ਕਰ ਆਇਆ ਹੈ ਤੇ ਸਿਰਲੇਖ ਚੁਣਿਆ ਹੈ-ਸਕਾਟਲੈਂਡ : ਨਦੀਆਂ, ਨਹਿਰਾਂ ਤੇ ਬੇੜੀਆਂ ਦੀ ਜੁਗਲਬੰਦੀ।

ਸਕਾਟਲੈਂਡ ਦੀਆਂ ਨਹਿਰਾਂ ਨੂੰ 'ਬ੍ਰਿਟਿਸ਼ ਵਾਟਰਵੇਜ਼' ਵੀ ਕਿਹਾ ਜਾਂਦਾ ਹੈ ਕਿਉਂਕਿ ਪੁਰਾਣੇ ਸਮਿਆਂ ਵਿਚ ਇਨ੍ਹਾਂ ਰਾਹੀਂ ਸਫ਼ਰ ਵੀ ਕੀਤਾ ਜਾਂਦਾ ਸੀ। ਗਲਾਸਗੋ ਦੇ ਇਰਦ-ਗਿਰਦ ਇਨ੍ਹਾਂ ਦੀ ਲੰਬਾਈ 220 ਕਿਲੋਮੀਟਰ ਹੈ। ਇਨ੍ਹਾਂ ਦੀ ਸਾਂਭ ਸੰਭਾਲ ਤੇ ਰੋਹਬ ਵੇਖਿਆਂ ਹੀ ਬਣਦਾ ਹੈ। ਪਾਣੀ ਦੀ ਮਾਤਰਾ ਤੇ ਵਹਾਅ ਨੂੰ ਇਸ ਕਦਰ ਕੰਟਰੋਲ ਕੀਤਾ ਹੈ ਕਿ ਭਰੀਆਂ ਵੀ ਸ਼ਾਂਤ ਵਹਿੰਦੀਆਂ ਹਨ। ਬਿਲਕੁਲ ਉਥੋਂ ਦੇ ਲੋਕਾਂ ਵਾਂਗ। ਜਿੱਥੇ ਕਿਤੇ ਭੀੜ ਵੀ ਹੁੰਦੀ ਹੈ ਸਾਰੇ ਸਹਿਜ ਤੇ ਸ਼ਾਂਤ ਰਹਿੰਦੇ ਹਨ।

ਦਰਅਸਲ ਸਕਾਟਲੈਂਡ ਸਰਕਾਰ ਅਤੇ ਸਬੰਧਤ ਮਹਿਕਮੇ ਨੇ ਨਹਿਰਾਂ ਦੀ ਵਿਉਂਤਬੰਦੀ ਅਤੇ ਸੁਯੋਗ ਵਰਤੋਂ ਇਸ ਢੰਗ ਨਾਲ ਕੀਤੀ ਹੈ ਜੋ ਜੀਵਨ-ਗੁਣਵਤਾ ਨੂੰ ਵਧਾਉਣ ਵਿਚ ਸਹਾਈ ਹੋਵੇ। ਉਨ੍ਹਾਂ ਦੀ ਵਿਰਾਸਤੀ ਦਿੱਖ ਤੇ ਦਰਜਾ ਬਰਕਰਾਰ ਰੱਖਦਿਆਂ ਲੋਕਾਂ ਤੇ ਕਰਮਚਾਰੀਆਂ ਦੀ ਸਮੱਸਿਆ ਨੂੰ ਉੱਚ ਤਰਜੀਹ ਦਿੱਤੀ ਹੈ। ਯਾਤਰੀਆਂ ਦੀ ਯਾਤਰਾ ਨੂੰ ਯਾਦਗਾਰੀ ਬਣਾਉਣ ਵਿਚ ਕੋਈ ਕਸਰ ਨਹੀਂ ਛੱਡੀ ਜਾਂਦੀ। ਇਸ ਦੀ ਇਕ ਹੀ ਉਦਾਹਰਨ ਕਾਫ਼ੀ ਹੈ-'ਫਾਲਕਿਰਕ ਵੀਲ੍ਹ'

ਗਲਾਸਗੋ ਤੋਂ ਕਰੀਬ 40 ਕਿਲੋਮੀਟਰ ਦੂਰ 'ਫਾਲਕਿਰਕ ਵੀਲ੍ਹ' ਦੁਨੀਆ ਦੀ ਪਹਿਲੀ ਅਤੇ ਇਕੋ ਇਕ 'ਰੋਟੇਟਿੰਗ ਬੋਟ ਲਿਫ਼ਟ' ਹੈ। ਪਹਿਲੀ ਵਾਰ ਗਿਆ ਬੰਦਾ ਸਮੁੱਚੀ ਤਕਨੀਕ ਅਤੇ ਕਾਰਜ-ਵਿਧੀ ਸਬੰਧੀ ਸੋਚਦਾ ਹੀ ਰਹਿ ਜਾਂਦਾ ਹੈ। ਮੇਰੇ ਨਾਲ ਵੀ ਅਜਿਹਾ ਹੀ ਵਾਪਰਿਆ।

ਸਕਾਟਲੈਂਡ ਵਿਚ ਨਹਿਰਾਂ ਦਾ ਪੱਧਰ ਉੱਚਾ ਨੀਵਾਂ ਹੈ। ਕੋਈ ਨਹਿਰ ਉੱਚੀ ਕੋਈ ਨੀਵੀਂ। ਉੱਚੀ ਨਹਿਰ ਵਿੱਚੋਂ ਨੀਵੀਂ ਵਿਚ ਉਤਾਰਨ ਲਈ ਦੋ ਤਕਨੀਕਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਕ ਆਧੁਨਿਕ ਤੇ ਦੂਸਰੀ ਰਵਾਇਤੀ। ਦੋਵੇਂ ਤਕਨੀਕਾਂ ਵੇਕ ਸਮਝ ਕੇ ਮੈਨੂੰ ਬੇਹੱਦ ਪ੍ਰਸੰਨਤਾ ਤੇ ਹੈਰਾਨੀ ਹੋਈ। 'ਫਾਲਕਿਰਕ ਵੀਲ੍ਹ' ਸੈਂਟਰਲ ਸਕਾਟਲੈਂਡ ਵਿਚ ਘੁੰਮਣ ਵਾਲੀ ਬੋਟ ਲਿਫ਼ਟ ਹੈ। ਹੇਠਲੀ ਨਹਿਰ ਨੂੰ ਉਪਰਲੀ ਨਹਿਰ ਨਾਲ ਜੋੜਨ ਵਾਲੀ। ਇਸ ਦਾ ਨਾਂ ਉਸ ਕਸਬੇ ਦੇ ਨਾਂ 'ਤੇ ਰੱਖਿਆ ਗਿਆ ਹੈ। ਜਿੱਥੇ ਇਹ ਸਥਿਤ ਹੈ। ਭਾਵੇਂ ਇਹ ਨਹਿਰਾਂ 1930 ਤੋਂ ਪੁਰਾਣੀ ਤਕਨੀਕ ਰਾਹੀਂ ਜੋੜੀਆਂ ਹੋਈਆਂ ਹਨ ਪ੍ਰੰਤੂ ਆਧੁਨਿਕ ਤੇ ਵਿਗਿਆਨਕ ਤਕਨੀਕ ਦੀ ਸ਼ੁਰੂਆਤ 2002 ਵਿਚ ਹੋਈ। ਲਿਫ਼ਟ ਦੀ ਉਚਾਈ 115 ਫੁੱਟ ਹੈ। ਦੋ ਵੱਡੀਆਂ ਭਰੀਆਂ ਬੇੜੀਆਂ ਨੂੰ ਇਕੋ ਵੇਲੇ ਇਕ ਨੂੰ ਹੇਠਾਂ ਤੋਂ ਉੱਪਰ ਅਤੇ ਦੂਸਰੀ ਨੂੰ ਉੱਪਰ ਤੋਂ ਹੇਠਾਂ ਪਹੁੰਚਾਇਆ ਜਾਂਦਾ ਹੈ।

ਸਾਲਾਨਾ 4ਲੱਖ ਤੋਂ ਵੱਧ ਟੂਰਿਸਟ ਇੱਥੇ ਗੇੜਾ ਲਾਉਂਦੇ ਹਨ। ਤਕਨੀਕੀ ਕ੍ਰਾਂਤੀ ਦਾ ਲੁਤਫ਼ ਉਠਾਉਂਦੇ ਹਨ। ਇਹ ਇਕ ਘੰਟੇ ਦਾ ਟਰਿੱਪ ਹੁੰਦਾ ਹੈ। ਉਪਰਲੀ ਨਹਿਰ ਵਿਚ ਬੇੜੀ ਥੋੜ੍ਹੀ ਦੂਰ ਜਾ ਕੇ ਵਾਪਿਸ ਆ ਜਾਂਦੀ ਹੈ। ਉਪਰਲੀ ਨਹਿਰ ਈਡਨਬਰਗ ਨਾਲ ਜਾ ਜੁੜਦੀ ਹੈ। ਸੋ ਕਿਸੇ ਨੇ ਬੋਟ ਰਾਹੀਂ ਈਡਨਬਰਗ ਜਾਣਾ ਹੋਵੇ ਜਾਂਦਾ ਹੈ। ਮੇਰੇ ਨਾਲ ਵੀ ਅਜਿਹਾ ਹੀ ਵਾਪਰਿਆ।

ਸਕਾਟਲੈਂਡ ਵਿਚ ਨਹਿਰਾਂ ਦਾ ਪੱਧਰ ਉੱਚਾ ਨੀਵਾਂ ਹੈ। ਕੋਈ ਨਹਿਰ ਉੱਚੀ ਕੋਈ ਨੀਵੀਂ। ਨੀਵੀਂ ਨਹਿਰ ਵਿੱਚੋਂ ਬੇੜੀ ਉੱਚੀ ਨਹਿਰ ਵਿਚ ਲੈ ਜਾਣ ਅਤੇ ਉੱਚੀ ਵਿੱਚੋਂ ਨੀਵੀਂ ਵਿਚ ਉਤਾਰਨ ਲਈ ਦੋ ਤਕਨੀਕਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਕ ਆਧੁਨਿਕ ਤੇ ਦੂਸਰੀ ਰਵਾਇਤੀ। ਦੋਵੇਂ ਤਕਨੀਕਾਂ ਵੇਖ ਸਮਝ ਕੇ ਮੈਨੂੰ ਬੇਹੱਦ ਪ੍ਰਸੰਨਤਾ ਤੇ ਹੈਰਾਨੀ ਹੋਈ।

'ਫਾਲਕਿਰਕ ਵੀਲ੍ਹ' ਸੈਂਟਰਲ ਸਕਾਟਲੈਂਡ ਵਿਚ ਘੁੰਮਣ ਵਾਲੀ ਬੋਟ ਲਿਫ਼ਟ ਹੈ। ਹੇਠਲੀ ਨਹਿਰ ਨੂੰ ਉਪਰਲੀ ਨਹਿਰ ਨਾਲ ਜੋੜਨ ਵਾਲੀ। ਇਸ ਦਾ ਨਾਂ ਉਸ ਕਸਬੇ ਦੇ ਨਾਂ 'ਤੇ ਰਖਿਆ ਗਿਆ ਹੈ ਜਿੱਥੇ ਇਹ ਸਥਿਤ ਹੈ। ਭਾਵੇਂ ਇਹ ਨਹਿਰਾਂ 1930 ਤੋਂ ਪੁਰਾਣੀ ਤਕਨੀਕ ਰਾਹੀਂ ਜੋੜੀਆਂ ਹੋਈਆਂ ਹਨ ਪ੍ਰੰਤੂ ਆਧੁਨਿਕ ਤੇ ਵਿਗਿਆਨਕ ਤਕਨੀਕ ਦੀ ਸ਼ੁਰੂਆਤ 2002 ਵਿਚ ਹੋਈ। ਲਿਫਟ ਦੀ ਉਚਾਈ 115 ਫੁੱਟ ਹੈ। ਦੋ ਵੱਡੀਆਂ ਭਰੀਆਂ ਬੇੜੀਆਂ ਨੂੰ ਇਕੋ ਵੇਲੇ, ਇਕ ਨੂੰ ਹੇਠਾਂ ਤੋਂ ਉੱਪਰ ਅਤੇ ਦੂਸਰੀ ਨੂੰ ਉੱਪਰ ਤੋਂ ਹੇਠਾਂ ਪਹੁੰਚਾਇਆ ਜਾਂਦਾ ਹੈ।

ਸਾਲਾਨਾ 4ਲੱਖ ਤੋਂ ਵੱਧ ਟੂਰਿਸਟ ਇਥੇ ਗੇੜਾ ਲਾਉਂਦੇ ਹਨ। ਤਕਨੀਕੀ ਕ੍ਰਾਂਤੀ ਦਾ ਲੁਤਫ਼ ਉਠਾਉਂਦੇ ਹਨ। ਇਹ ਇਕ ਘੰਟੇ ਦਾ ਟਰਿੱਪ ਹੁੰਦਾ ਹੈ। ਉੱਪਰਲੀ ਨਹਿਰ ਵਿਚ ਬੇੜੀ ਥੋੜ੍ਹੀ ਦੂਰ ਜਾ ਕੇ ਵਾਪਿਸ ਆ ਜਾਂਦੀ ਹੈ। ਉਪਰਲੀ ਨਹਿਰ ਈਡਨਬਰਗ ਨਾਲ ਜਾ ਜੁੜਦੀ ਹੈ। ਸੋ ਕਿਸੇ ਨੇ ਬੋਟ ਰਾਹੀਂ ਈਡਨਬਰਗ ਜਾਣਾ ਹੋਵੇ ਤਾਂ ਉਸਦਾ ਅਲੱਗ ਆਨੰਦ ਤੇ ਐਡਵੈਂਨਚਰ ਹੈ। ਸਥਾਨਕ ਲੋਕ ਨਿੱਜੀ ਬੇੜੀਆਂ ਰਾਹੀਂ ਅਜਿਹਾ ਕਰਦੇ ਹਨ। ਰੇਲ ਗੱਡੀ ਦੇ ਡੱਬੇ ਵਰਗੀ ਬੇੜੀ ਕਿਰਾਏ 'ਤੇ ਮਿਲ ਜਾਂਦੀ ਹੈ। ਜਿਹੜੀ ਘਰ ਦਾ ਅਹਿਸਾਸ ਕਰਾਉਂਦੀ ਹੈ। ਅੰਦਰ ਹੀ ਕਿਚਨ ਹੈ, ਬੈਠਣ ਵਾਲਾ ਕਮਰਾ ਹੈ।

ਇਹ ਦੁਨੀਆ ਵਿਚ ਆਪਣੀ ਕਿਸਮ ਦੀ ਇਕੋ ਇਕ ਵੀਲ੍ਹ ਬੋਟ ਲਿਫਟ ਹੈ ਅਤੇ ਇਸ ਨੂੰ 'ਇੰਜੀਨਰਿੰਗ ਹੈਰੀਟੇਜ ਐਵਾਰਡ' ਮਿਲ ਚੁੱਕਾ ਹੈ। ਘੁੰਮਣ ਫਿਰਨ ਗਏ ਯਾਤਰੀਆਂ ਲਈ ਇਹ ਇਕ ਯਾਦਗਾਰੀ ਟਿਕਾਣਾ ਹੈ।

ਬੇੜੀ ਨੂੰ ਉੱਚੀ ਨਹਿਰ ਵਿੱਚੋਂ ਨੀਵੀਂ ਵਿਚ ਅਤੇ ਨੀਵੀਂ ਵਿੱਚੋਂ ਉੱਚੀ ਨਹਿਰ ਵਿਚ ਪਹੁੰਚਾਉਣ ਦਾ ਦੂਸਰਾ ਢੰਗ ਤਰੀਕਾ ਤੇ ਜੁਗਤ ਪੁਰਾਣੀ ਹੈ। ਫਾਲਕਿਰਕ ਵੀਲ੍ਹ ਦੇ ਐਨ ਕੋਲ ਪੈਰਾਂ ਵਿਚ ਤੁਸੀਂ ਇਸ ਜੁਗਤ ਦੇ ਵੀ 'ਲਾਈਵ' ਦਰਸ਼ਨ ਕਰ ਸਕਦੇ ਹੋ। ਇਹ ਜੁਗਾੜੀ ਜੁਗਤ ਵੀ ਬੜੀ ਦਿਲਚਸਪ ਤੇ ਆਕਰਸ਼ ਹੈ। ਮੈਂ ਕਿੰਨਾ ਚਿਰ ਉਸ ਜੁਗਤ ਜ਼ਰੀਏ ਬੇੜੀਆਂ ਉੱਪਰ ਨੀਚੇ ਪਹੁੰਚਦੀਆਂ ਵੇਖਦਾ ਰਿਹਾ। ਇਕ ਨਿਸ਼ਚਤ ਜਗ੍ਹਾ 'ਤੇ ਬੇੜੀ ਪਹੁੰਚਾ ਕੇ ਵੱਡੇ ਭਾਰੇ ਲੱਕੜ ਦੇ ਤਖ਼ਤੇ ਨਾਲ ਨਿਕਾਸ ਬੰਦ ਕਰ ਦਿੱਤਾ ਜਾਂਦਾ ਹੈ ਅਤੇ ਉਸ ਅੰਦਰ ਪਾਣੀ ਦਾ ਪੱਧਰ ਹੌਲੀ-ਹੌਲੀ ਵਧਾਇਆ ਜਾਂਦਾ ਹੈ। ਜਿਵੇਂ-ਜਿਵੇਂ ਪਾਣੀ ਦਾ ਪੱਧਰ ਵੱਧਦਾ ਹੈ ਤਿਵੇਂ-ਤਿਵੇਂ ਬੇੜੀ ਉੱਪਰ ਉੱਠਦੀ ਜਾਂਦੀ ਹੈ। ਜਦ ਬੇੜੀ ਉੱਪਰਲੀ ਨਦੀ ਦੇ ਬਰਾਬਰ ਪਹੁੰਚਦੀ ਹੈ ਤਾਂ ਉਸ ਨੂੰ ਉਸ ਅੰਦਰ ਠੇਲ੍ਹ ਦਿੱਤਾ ਜਾਂਦਾ ਹੈ। ਇਹੀ ਤਕਨੀਕ ਬੇੜੀ ਨੂੰ ਨੀਵਾਂ ਉਤਾਰਨ ਲਈ ਵਰਤੀ ਜਾਂਦੀ ਹੈ। ਨਿਸ਼ਚਤ ਜਗ੍ਹਾ ਤੇ ਬੇੜੀ ਪਹੁੰਚਾ ਕੇ ਪਾਣੀ ਦਾ ਪੱਧਰ ਹੌਲੀ-ਹੌਲੀ ਘਟਾਇਆ ਜਾਂਦਾ ਹੈ ਅਤੇ ਬੇੜੀ ਹੇਠਲੀ ਨਦੀ ਹਵਾਲੇ ਕਰ ਦਿੱਤੀ ਜਾਂਦੀ ਹੈ। ਵੇਖਦੇ ਹੀ ਵੇਖਦੇ ਬੇੜੀ ਔਹ ਗਈ, ਔਹ ਗਈ ਕਰਦੀ ਨਜ਼ਰਾਂ ਤੋਂ ਓਹਲੇ ਹੋ ਜਾਂਦੀ ਹੈ। ਜਦ ਬੇੜੀ ਇਉਂ ਉੱਪਰ ਨੀਚੇ ਪਹੁੰਚਦੀ ਹੈ ਤਾਂ ਬੇੜੀ ਵਿਚ ਸਵਾਰ ਲੋਕਾਂ ਦੇ ਚਿਹਰਿਆਂ ਦੀ ਰੌਣਕ ਵੇਖਿਆਂ ਹੀ ਬਣਦੀ ਹੈ। ਬੇੜੀ ਰਾਹੀਂ ਸਫ਼ਰ ਕਰਨ ਦੇ ਸ਼ੌਕੀਨ ਸਥਾਨਕ ਲੋਕ ਇਸ ਦਾ ਖ਼ੂਬ ਲੁਤਫ਼ ਉਠਾਉਂਦੇ ਹਨ।

ਸਕਾਟਲੈਂਡ ਵਿਚ ਤੁਸੀਂ ਜਿੱਧਰ ਵੀ ਜਾਂਦੇ ਹੋ ਨਦੀਆਂ, ਨਹਿਰਾਂ ਤੇ ਦਰਿਆ ਤੁਹਾਡੇ ਨਾਲ-ਨਾਲ ਚੱਲਦੇ ਹਨ। ਨਦੀਆਂ, ਨਹਿਰਾਂ ਤੇ ਥਾਂ-ਥਾਂ ਉਸਾਰੇ ਸ਼ਾਨਦਾਰ ਅਤਿ ਅਧੁਨਿਕ ਪੁਲ ਉਨ੍ਹਾਂ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਾਉਂਦੇ ਹਨ। ਸਕਾਟਲੈਂਡ ਵਿਚ ਚਾਰੇ ਪਾਸੇ ਕੁਦਰਤੀ ਸੁਹੱਪਣ ਤੇ ਮਨੁੱਖੀ ਸਮਝ ਦੇ ਸੁਮੇਲ ਦੀਆਂ ਦਿਲਕਸ਼ ਝਲਕਾਂ ਨਜ਼ਰ ਆਉਂਦੀਆਂ ਹਨ। ਨਦੀਆਂ, ਨਹਿਰਾਂ ਤੇ ਬੇੜੀਆਂ ਦੀ ਜੁਗਲਬੰਦੀ ਇਨ੍ਹਾਂ ਝਲਕਾਂ ਨੂੰ ਜਰਬਾਂ ਦਿੰਦੀ ਸਕਾਟਲੈਂਡ ਨੂੰ ਹੋਰ ਸੁੰਦਰ ਹੋਰ ਸੁਹਜ ਭਰਿਆ ਬਣਾ ਦਿੰਦੀ ਹੈ। •



# ਜਾਵਾ ਦੀਪ ਦੀ ਆਤਮਾ ਜੋਗਜਕਾਰਤਾ

ਇੰਡੋਨੇਸ਼ੀਆ ਦੇ ਜੋਗਜਕਾਰਤਾ 'ਚ ਸੈਲਾਨੀ ਨੂੰ ਖਿੱਚਣ ਲਈ ਸਭ ਕੁਝ ਹੈ। ਬੋਰੋਬੁਦੂਰ ਦਾ ਸਭ ਤੋਂ ਵੱਡਾ ਬੁੱਧ ਮੰਦਰ, ਪ੍ਰਮਬਨਨ ਦਾ ਵਿਸ਼ਾਲ ਹਿੰਦੂ ਮੰਦਰ, ਅਮੀਰ ਜਾਵਾ ਸੰਸਕ੍ਰਿਤੀ, ਮੂੰਹ 'ਚ ਪਾਣੀ ਲਿਆਉਣ ਵਾਲੇ ਵਿਅੰਜਨ ਅਤੇ ਬਾਟਿਕ ਕਲਾ-ਇਨ੍ਹਾਂ ਸਭ ਚੀਜ਼ਾਂ ਨੂੰ ਦੇਖ ਕੇ ਸੈਲਾਨੀਆਂ ਦਾ ਮਨ ਇਹ ਸ਼ਹਿਰ ਛੱਡ ਕੇ ਜਾਣ ਨੂੰ ਨਹੀਂ ਕਰਦਾ...

• ਰਾਕੇਸ਼ ਕੁਮਾਰ

ਸਾਡਾ ਜਹਾਜ਼ ਜਿਉਂ ਹੀ ਜੋਗਜਕਾਰਤਾ, ਜਿਸ ਨੂੰ ਇੰਡੋਨੇਸ਼ੀਆ ਦੀ ਸੰਸਕ੍ਰਿਤਕ ਨਗਰੀ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਵੱਲ ਜਾ ਰਿਹਾ ਸੀ, ਉਦੋਂ ਦੋ ਵੱਡੇ ਪਰਬਤਾਂ 'ਚੋਂ ਨਿਕਲਦੇ ਹੋਏ ਧੂੰਏਂ ਨਾ ਅਚਾਨਕ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਇਹ ਵਿਸ਼ਾਲ ਪਰਬਤ ਸਾਡੇ ਜਹਾਜ਼ ਦੇ ਸਮਾਂਤਰ ਚਲਦੇ ਦਿਖਾਈ ਦੇ ਰਹੇ ਸਨ ਅਤੇ ਇਸ 'ਤੇ ਪਈ ਧੁੰਦ ਆਕਾਸ਼ ਤਕ ਪਹੁੰਚਦੀ ਹੋਈ ਦਿਖਾਈ ਦੇ ਰਹੀ ਸੀ। ਇਹ ਮਨਮੋਹਕ ਦ੍ਰਿਸ਼ ਸੀ ਅਤੇ ਜੋ ਕੁਝ ਵੀ ਹੋ ਰਿਹਾ ਸੀ ਉਸ ਦੀ ਝਲਕ ਨੂੰ ਆਪਣੇ ਕੈਮਰੇ 'ਚ, ਮੋਬਾਈਲ ਫੋਨ 'ਚ ਕੈਦ ਕਰਨ ਤੋਂ ਕੋਈ ਵੀ ਆਪਣੇ ਆਪ ਨੂੰ ਰੋਕ ਨਹੀਂ ਸੀ ਰਿਹਾ। ਅਜੇ ਲੋਕਾਂ ਨੇ ਕੁਝ ਹੀ ਫੋਟੋਆਂ ਖਿੱਚੀਆਂ ਹੋਣਗੀਆਂ ਕਿ ਉਦੋਂ ਕਿਸੇ ਨੇ ਕਿਹਾ ਕਿ ਦੂਜੇ ਪਾਸੇ ਵੀ ਓਨੇ ਹੀ ਸੁੰਦਰ ਦ੍ਰਿਸ਼ ਨਜ਼ਰ ਆ ਰਹੇ ਹਨ।

## ਅਮੀਰ ਹੈ ਇਥੋਂ ਦਾ ਸੱਭਿਆਚਾਰ

ਮੱਧ ਜਾਵਾ 'ਚ ਸਥਿਤ ਜੋਗਜਕਾਰਤਾ ਆਪਣੇ ਅਮੀਰ ਸੱਭਿਆਚਾਰ ਲਈ ਜਾਣਿਆ ਜਾਂਦਾ ਹੈ। ਇਸ ਪ੍ਰਾਂਤ 'ਚ ਵਿਸ਼ਾਲ ਬੁੱਧ ਅਤੇ ਹਿੰਦੂ ਮੰਦਰ ਹਨ, ਜੋ ਬੋਰੋਬੁਦੂਰ ਅਤੇ ਪ੍ਰਮਬਨਨ 'ਚ ਹਨ। ਇਨ੍ਹਾਂ ਦਾ ਨਿਰਮਾਣ ਅੱਠਵੀਂ ਅਤੇ ਨੌਂਵੀ ਸਦੀ 'ਚ ਕੀਤਾ ਗਿਆ ਸੀ। ਇਥੇ 16ਵੀਂ ਅਤੇ 17ਵੀਂ ਸਦੀ 'ਚ ਸ਼ਕਤੀਸ਼ਾਲੀ ਮਾਤਾਰਾਮ ਵੰਸ਼ ਦਾ ਸ਼ਾਸਨ ਸੀ, ਇਸ ਲਈ ਇਸ ਵੰਸ਼ ਦੀ ਛਾਪ ਸ਼ਹਿਰ ਦੀ ਸੰਸਕ੍ਰਿਤੀ 'ਤੇ ਵੀ ਦਿਖਾਈ ਦਿੰਦੀ ਹੈ। ਇਥੇ ਸ਼ਾਸਤਰੀ ਜਾਵਾ ਲਲਿਤ ਕਲਾ ਅਤੇ ਸੰਸਕ੍ਰਿਤੀ ਵਰਗੇ ਬਾਟਿਕ, ਬੈਲੇ, ਨਾਟਕ, ਸੰਗੀਤ, ਕਵਿਤਾ ਅਤੇ ਕਠਪੁਤਲੀ ਸ਼ੋਅ ਦਾ ਅਨੁਭਵ ਕੀਤਾ ਜਾ ਸਕਦਾ ਹੈ। ਸਭ ਤੋਂ ਦਿਲਚਸਪ ਗੱਲ ਹੈ ਕਿ ਸ਼ਹਿਰ 'ਚ ਅਜੇ ਵੀ ਉਤਰ-ਬਸਤੀਵਾਦੀ ਸਲਤਨਤ ਦਾ ਗ਼ੌਰਰਸਮੀ ਰੂਪ ਨਾਲ ਸ਼ਾਸਨ ਹੈ, ਜੋ ਕਿ ਜੋਗਜਕਾਰਤਾ ਹਦੀਨੀਗ੍ਰਾਤ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇੰਡੋਨੇਸ਼ੀਆਈ ਉੱਚ ਸਿੱਖਿਆ ਲਈ ਵੀ ਇਹ ਸ਼ਹਿਰ ਪ੍ਰਸਿੱਧ ਹੈ। ਨਾਲ ਹੀ, ਇਹ ਬਾਟਿਕ ਕਲਾ ਦਾ ਵੀ ਕੇਂਦਰ ਹੈ, ਜਿਸ 'ਚ ਕੱਪੜੇ ਅਤੇ ਮੋਮ ਅਤੇ ਡਾਈ ਪ੍ਰਕਿਰਿਆ ਦਾ ਉਪਯੋਗ ਕੀਤਾ ਜਾਂਦਾ ਹੈ।

ਹੁਣ ਤਕ ਅਸੀ ਸ਼ੇਰਾਟਨ ਮੁਸਟਿਕਾ ਜੋਗਜਕਾਰਤਾ ਰਿਜ਼ਾਰਟ ਅਤੇ ਸਪਾ ਪਹੁੰਚੇ ਜੋ ਕਿ ਹਵਾਈ ਅੱਡੇ ਤੋਂ ਦਸ ਮਿੰਟ ਦੀ ਦੂਰੀ 'ਤੇ ਹੈ, ਹਨੇਰਾ ਹੋ ਚੁੱਕਾ ਸੀ। ਇਸ ਲਈ ਜਿਉਂ ਹੀ ਅਸੀ ਇਥੇ ਪਹੁੰਚੇ ਉੱਥੋਂ ਦੇ ਸਟਾਫ਼ ਨੇ ਸਾਨੂੰ ਰਾਤ ਦਾ ਭੋਜਨ ਕਰ ਲੈਣ ਨੂੰ ਕਿਹਾ, ਕਿਉਂਕਿ ਉਹ ਛੇਤੀ ਖ਼ਤਮ ਹੋਣ ਵਾਲਾ ਸੀ। ਪਰ ਖਾਣੇ ਦੀ ਕਿਸ ਨੂੰ ਕਾਹਲੀ ਸੀ, ਜਦ ਇੰਨਾ ਸੁੰਦਰ ਸ਼ਹਿਰ ਸਾਡੇ ਘੁੰਮਣ ਲਈ ਸਾਹਮਣੇ ਸੀ।

## ਮਾਰਕੀਟ ਸਟਰੀਟ

ਸ਼ਹਿਰ 'ਚ ਸਾਡਾ ਪਹਿਲਾ ਪੜਾਅ ਸੀ ਉੱਥੋਂ ਦੀ ਪ੍ਰਸਿੱਧ ਮਾਰਕੀਟ ਜਾਂ ਪ੍ਰਮੁੱਖ ਸੈਲਾਨੀ ਕੇਂਦਰ ਜਲਾਨ ਮਾਲਿਯੋਬੋਰੋ ਜਾ ਮਾਲਿਓਬੋਰੋ ਸਟਰੀਟ। ਇਹ ਕਾਫ਼ੀ ਵੱਡੀ ਮਾਰਕੀਟ ਸਟਰੀਟ ਹੈ, ਜਿੱਥੇ ਕੱਪੜਿਆਂ, ਗਹਿਣਿਆਂ, ਹੱਥਕਲਾ ਅਤੇ ਸਟਰੀਟ ਫੂਡ ਦੀਆਂ ਦੁਕਾਨਾਂ ਕਤਾਨ 'ਚ ਹਨ। ਇਥੇ ਕਾਫ਼ੀ ਭੀੜ ਵੀ ਸੀ। ਇਸ ਬਾਜ਼ਾਰ 'ਚ ਪਲਾਸਟਿਕ ਦੀ ਛੱਤ ਅਤੇ ਕੰਧਾਂ ਨਾਲ ਬਣੀਆਂ ਅਸਥਾਈ ਦੁਕਾਨਾਂ ਜਾਂ ਸਟਰੀਟ ਫੂਡ ਦੀਆਂ ਦੁਕਾਨਾਂ 'ਚੋਂ ਉੱਠਦੀ ਹੋਈ ਖ਼ੁਸ਼ਬੂ ਤੋਂ ਆਪਣੇ ਆਪ ਨੂੰ ਰੋਕ ਸਕਣਾ ਮੁਸ਼ਕਲ ਸੀ। ਇਥੋਂ ਦੇ ਖਾਣੇ ਦਾ ਆਪਣਾ ਆਕ੍ਰਸ਼ਣ ਹੈ, ਕਿਉਂਕਿ ਉਨ੍ਹਾਂ ਕੋਲ ਕੋਈ ਫੈਂਸੀ ਫਰਨੀਚਰ ਨਹੀਂ ਸੀ, ਸਿਰਫ਼ ਲੱਕੜੀ ਦੇ ਬੈਂਚ ਸਨ। ਸਾਰਿਆਂ ਨੂੰ ਆਪਣੀਆਂ ਜੁੱਤੀਆਂ ਬਾਹਰ ਖੋਲ੍ਹਣੀਆਂ ਪਈਆਂ ਅਤੇ ਖਾਣ ਲਈ ਫ਼ਰਸ਼ 'ਤੇ ਬੈਠ ਕੇ ਭੋਜਨ ਕਰਨਾ ਪੈਂਦਾ ਹੈ। ਕਈ ਦੁਕਾਨਾਂ 'ਤੇ ਕੇਕੜੇ, ਝੀਂਗੇ, ਮੱਛੀ ਅਤੇ ਹੋਰ ਰਵਾਇਤੀ ਵਸਤੂਆਂ ਪਰੋਸੀਆਂ ਜਾ ਰਹੀਆਂ ਸਨ। ਬਾਜ਼ਾਰ 'ਚ ਫੁਟਪਾਥ 'ਤੇ ਯੁਵਾ ਸੰਗੀਤਕਾਰ ਅਤੇ ਕਲਾਕਾਰ ਗਿਟਾਰ ਜਾਂ ਡਰੰਮ ਵਜਾਉਂਦੇ ਨਜ਼ਰ ਆ ਜਾਣਗੇ।



### ਜਵਾਲਾਮੁਖੀ ਪਰਬਤਾਂ ਦੇ ਅਦਭੁੱਤ ਨਜ਼ਾਰੇ

ਪਰਬਤ ਦੇਖਣ 'ਚ ਬਰਫ਼ ਨਾਲ ਢਕੇ ਹੋਏ ਲੱਗ ਰਹੇ ਸਨ ਅਤੇ ਉਨ੍ਹਾਂ ਦੇ ਚਾਰੇ ਪਾਸੇ ਧੁੰਦ ਫੈਲੀ ਹੋਈ ਸੀ। ਇਸ ਖੇਤਰ 'ਚ ਬਰਫ਼ ਦੇ ਹੋਣ 'ਤੇ ਕਿਸੇ ਨੂੰ ਵੀ ਹੈਰਾਨੀ ਹੋ ਸਕਦੀ ਸੀ। ਉਦੋਂ ਇਕ ਸਹਿਯਾਤਰੀ ਨੇ ਸਮਝਾਇਆ ਕਿ ਇਹ ਜਵਾਲਾਮੁਖੀ ਪਰਬਤ ਹੈ, ਜਿਸ 'ਚੋਂ ਸਦਾ ਧੂੰਆਂ ਨਿਕਲਦਾ ਰਹਿੰਦਾ ਹੈ। ਅੱਗੇ ਸਮਝਾਉਂਦੇ ਹੋਏ ਕਿਹਾ ਕਿ ਜੋਗਜਕਾਰਤਾ ਜਾ ਜੋਗਜਾ (ਸਥਾਨਕ ਲੋਕਾਂ ਦੀ ਭਾਸ਼ਾ 'ਚ) 'ਚ ਵੀ ਮਾਊਂਟ ਮੇਰਾਪੀ ਪੈਂਦਾ ਹੈ, ਜਿਸ ਨੂੰ ਧਰਤੀ ਦਾ ਸਭ ਤੋਂ ਸਰਗਰਮ ਜਵਾਲਾਮੁਖੀ ਮੰਨਿਆ ਜਾਂਦਾ ਹੈ। ਦੇਰ ਸ਼ਾਮ ਦਾ ਸਮਾਂ ਸੀ, ਜਦ ਸਾਡਾ ਜਹਾਜ਼ ਜੋਗਜਕਾਰਤਾ ਦੇ ਛੋਟੇ ਅਤੇ ਸੁੰਦਰ ਅਦਿਸੁਤਜਿਪਟੋ ਕੌਮਾਂਤਰੀ ਹਵਾਈ ਅੱਡੇ 'ਤੇ ਉਤਰਿਆ। ਦਿਲਚਸਪ ਗੱਲ ਇਹ ਸੀ ਕਿ ਪੂਰੇ ਹਵਾਈ ਅੱਡੇ 'ਤੇ ਵਿਦੇਸ਼ੀਆਂ ਦੀ ਗਿਣਤੀ ਜ਼ਿਆਦਾ ਸੀ ਅਤੇ ਸਥਾਨਕ ਲੋਕ ਉਨ੍ਹਾਂ ਦੇ ਮੁਕਾਬਲੇ ਘੱਟ ਸਨ। ਇਥੇ ਪਿੱਠ 'ਤੇ ਇਕ ਬੈਗ ਨਾਲ ਯਾਤਰਾ ਕਰਨ ਵਾਲੇ ਲੋਕ ਵੀ ਸਨ ਅਤੇ ਨਾਲ ਹੀ ਫੈਮਿਲੀ ਦੇ ਨਾਲ ਵੀ ਲੋਕ ਮੌਜੂਦ ਸਨ। ਸਾਰਿਆਂ ਦਾ ਇਕ ਹੀ ਉਦੇਸ਼ ਸੀ-ਜੋਗਜਕਾਰਤਾ ਵਰਗੇ ਖ਼ੂਬਸੂਰਤ ਸ਼ਹਿਰ ਬਾਰੇ ਜਾਣਨਾ।

## ਸੁਲਤਾਨ ਦਾ ਮਹਿਲ

ਅਗਲੇ ਦਿਨ ਦੇਖਣਯੋਗ ਸਥਾਨਾਂ ਦੀ ਸੈਰ ਲਈ ਨਿਕਲੇ। ਸਭ ਤੋਂ ਪਹਿਲਾਂ ਸ਼ਹਿਰ ਦੇ ਕੇਂਦਰ ਕ੍ਰੇਟਾਨ ਜਾਂ ਸੁਲਤਾਨ ਦੇ ਮਹਿਲ ਗਏ, ਜੋ ਕਿ ਮਾਲਿਆਬੋਰੋ ਤੋਂ ਕੁਝ ਕਿਲੋਮੀਟਰ ਦੀ ਦੂਰੀ 'ਤੇ ਹੈ। ਇਹ ਕਾਫ਼ੀ ਘੇਰੇ 'ਚ ਫੈਲਿਆ ਮਹਿਲ ਹੈ। ਸੁਲਤਾਨ ਦਾ ਸਿਰਫ਼ ਨਾਂ ਹੈ ਉਸ ਦੇ ਕੋਲ ਕੋਈ ਸ਼ਕਤੀ ਨਹੀਂ ਹੈ, ਫਿਰ ਵੀ ਉਸ ਦੇ ਮਹਿਲ 'ਚ ਸਾਰੇ ਅਧਿਕਾਰਿਕ ਬੈਠਕਾਂ ਅਤੇ ਸਮਾਰੋਹ ਕਰਨੇ ਹੁੰਦੇ ਹਨ। ਮਹਿਲ ਦੇ ਡਿਜ਼ਾਈਨ ਦਾ ਇਕ ਅਨੋਖਾ ਪੈਟਰਨ ਹੈ। ਉਸ ਦੇ ਇਕ ਪਾਸੇ ਮਾਊਂਟ ਮੇਰਾਪੀ ਜਵਾਲਾਮੁਖੀ ਹੈ ਅਤੇ ਦੂਜੇ ਪਾਸੇ ਹਿੰਦ ਮਹਾਸਾਗਰ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਇਹ ਮਹਿਲ ਦੇਵਤਿਆਂ, ਮਾਨਵ ਤੇ ਕੁਦਰਤੀ ਸਥਾਨਾਂ ਨਾਲ ਸਬੰਧ ਦੀ ਪ੍ਰਾਚੀਨ ਮਾਨਤਾ 'ਤੇ ਬਣਾਇਆ ਗਿਆ ਹੈ। ਇਸ ਸ਼ਾਨਦਾਰ ਮਹਿਲ ਦੇ ਪੰਡਾਲ ਅਤੇ ਵਿਹੜੇ, ਇਸ ਦੀ ਵਾਸਤੂਕਲਾ ਅਤੇ ਇਥੇ ਲੱਗੇ ਰੁੱਖਾਂ ਦਾ ਵੀ ਸਥਾਨਕ ਪ੍ਰੰਪਰਾ ਅਨੁਸਾਰ ਕੁਝ ਖ਼ਾਸ ਮਹੱਤਵ ਹੈ। ਇਸ 'ਚ ਇਕ ਅਜਾਇਬਘਰ ਵੀ ਹੈ ਜਿਸ 'ਚ ਮੌਜੂਦਾ ਸੁਲਤਾਨ ਦੇ ਸਵਰਗੀ ਪਿਤਾ ਨਾਲ ਸਬੰਧਿਤ ਚੀਜ਼ਾਂ ਰੱਖੀਆਂ ਗਈਆਂ ਹਨ।

## ਜਿਸੇਬੋਰੋਬੁਦੂਰ ਮੰਦਰ

ਇਥੋਂ ਸਿਰਫ਼ 40 ਕਿਲੋਮੀਟਰ ਦੀ ਦੂਰੀ 'ਤੇ ਸ਼ਾਨਦਾਰ ਬੁੱਧ ਮੰਦਰ, ਜਿਸੇਬੋਰੋਬੁਦੂਰ ਮੰਦਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ। 825 ਈਸਵੀ 'ਚ ਬਣਿਆ ਇਹ ਬੁੱਧ ਸਮਾਰਕ ਇੰਡੋਨੇਸ਼ੀਆ ਦਾ ਮੁੱਖ ਸੈਲਾਨੀ ਸਥਾਨ ਮੰਨਿਆ ਜਾਂਦਾ ਹੈ। ਇਸ ਮੰਦਰ 'ਚ ਨੌਂ ਚਬੂਤਰੇ ਹਨ ਜਿਸ 'ਚ ਛੇ ਵਰਗਾਕਾਰ ਅਤੇ ਤਿੰਨ ਗੋਲਾਕਾਰ ਹਨ ਤੇ ਇਸ ਦੇ ਉਪਰ ਇਕ ਕੇਂਦਰੀ ਗੁੰਬਦ ਵੀ ਹੈ। ਇਸ ਦੀਆਂ ਦੀਵਾਰਾਂ ਦੇ ਚਾਰੇ ਪਾਸੇ 2,672 ਰੀਲੀਫ ਪੈਨਲ ਦੇ ਨਾਲ-ਨਾਲ 504 ਬੁੱਧ ਦੀਆਂ ਮੂਰਤੀਆਂ ਹਨ। ਕੋਈ ਵੀ ਇਸ ਇਤਿਹਾਸਕ ਕਿਰਤ ਦੀ ਸੁੰਦਰਤਾ ਦੀ ਸ਼ਲਾਘਾ ਕਰਦੇ ਹੋਏ ਦਿਨ ਬਿਤਾ ਸਕਦਾ ਹੈ, ਪਰ ਸਾਡੇ ਕੋਲ ਘੁੰਮਣ ਲਈ ਸਿਰਫ਼ ਇਕ ਸ਼ਾਮ ਦਾ ਸਮਾਂ ਸੀ। •

ਬਾਰਡਰ ਲਾਈਨ ਉੱਪਰ ਦੋਵਾਂ ਦੇਸ਼ਾਂ ਦੇ ਲੋਕਾਂ ਦਾ ਇੱਧਰੋਂ ਉੱਧਰ ਜਾਣ ਦਾ ਸਿਲਸਿਲਾ ਬਣਿਆ ਰਹਿੰਦਾ ਹੈ। ਕੈਨੇਡਾ ਦੇ ਲੋਕ ਆਪਣਾ ਸਿਟੀਜ਼ਨ ਕਾਰਡ ਦਿਖਾ ਕੇ ਅਮਰੀਕਾ ਵਿਚ ਪ੍ਰਵੇਸ਼ ਕਰਨ ਦੀ ਮਨਜ਼ੂਰੀ ਲੈਂਦੇ ਹਨ...

# ਫੁੱਲਾਂ ਦੀਆਂ ਕਿਆਰੀਆਂ ਵਾਲੀ ਸਰਹੱਦ

ਰਾਮਦਾਸ ਬੰਗੜ

99153-53800



ਕੈਲਗਿਰੀ ਤੋਂ ਬਾਅਦ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਪਹੁੰਚ ਕੇ ਮੇਰੀ ਮੁਲਾਕਾਤ ਉੱਥੋਂ ਦੇ ਪ੍ਰਸਿੱਧ ਬਿਲਡਰ ਜਗਪਾਲ ਲਿੱਟ ਨਾਲ ਹੋਈ। ਜਿਨ੍ਹਾਂ ਨੇ ਮੈਨੂੰ ਦੱਸਿਆ ਕਿ ਸਰੀ ਤੋਂ ਤਿੰਨ ਕੁ ਕਿਲੋਮੀਟਰ ਦੀ ਦੂਰੀ 'ਤੇ ਹੀ ਕੈਨੇਡਾ-ਅਮਰੀਕਾ ਦੀ ਬਾਰਡਰ ਲਾਈਨ ਪੈਂਦੀ ਹੈ ਜੋ ਦੇਖਣਯੋਗ ਹੈ, ਕਿਉਂਕਿ ਭਾਰਤ ਤੋਂ ਆਉਣ ਵਾਲੇ ਲੋਕਾਂ ਦੇ ਜ਼ਿਹਨ ਵਿਚ ਬਾਰਡਰ ਲਾਈਨ 'ਤੇ ਤੋਪਾਂ, ਟੈਂਕਾਂ ਅਤੇ ਮਿਜ਼ਾਈਲਾਂ ਦੀ ਤਾਇਨਾਤੀ ਅਤੇ ਕੰਡਾ ਤਾਰ ਤੋਂ ਇਲਾਵਾ ਫ਼ੌਜੀ ਬੰਕਰਾਂ ਦੇ ਦ੍ਰਿਸ਼ ਛਪੇ ਹੁੰਦੇ ਹਨ। ਪ੍ਰੰਤੂ ਇੱਥੇ ਬਿਲਕੁਲ ਉਲਟ ਹੈ। ਇਸ ਬਾਰਡਰ ਲਾਈਨ 'ਤੇ ਨਾ ਕੋਈ ਕੰਡਾ ਤਾਰ ਹੈ, ਨਾ ਕੋਈ ਫ਼ੌਜੀ ਮੋਰਚਾ ਅਤੇ ਨਾ ਹੀ ਕਿਤੇ ਫ਼ੌਜ ਦੇ ਟੈਂਕ ਦਿਖਾਈ ਦਿੰਦੇ ਹਨ। ਇਕ ਵੱਟ ਦੇ ਇੱਧਰ ਕੈਨੇਡਾ ਦੇ ਲੋਕ ਤੁਰੇ ਫ਼ਿਰਦੇ ਨੇ ਅਤੇ ਦੂਜੇ ਪਾਸੇ ਅਮਰੀਕਾ ਦੇ ਲੋਕ। ਇਨ੍ਹਾਂ ਦੋਵਾਂ ਦੇਸ਼ਾਂ ਦੇ ਲੋਕ ਆਪੋ-ਆਪਣੇ ਕੰਮਾਂ ਵਿਚ ਮਸਰੂਫ਼ ਰਹਿੰਦੇ ਹਨ।

ਇਹ ਬਾਰਡਰ ਲਾਈਨ ਸਰੀ ਤੋਂ ਜ਼ੀਰੋ ਐਵੀਨਿਊ (ਸੈਕਟਰ) 'ਤੇ ਸਥਿਤ ਹੈ। ਇਸ ਲਾਈਨ ਉੱਪਰ ਬਕਾਇਦਾ ਨੋਟਿਸ ਦਿੱਤਾ ਗਿਆ ਹੈ ਕਿ ਭਾਵੇਂ ਅਸੀਂ ਕੰਟਰੋਲ ਲਾਈਨ ਨਹੀਂ ਖਿੱਚੀ, ਫ਼ਿਰ ਵੀ ਉਲੰਘਣਾ ਮੰਨੀ ਜਾਵੇਗੀ। ਬਾਰਡਰ ਲਾਈਨ ਦੀ ਲੰਬਾਈ 5525 ਮੀਲ ਹੈ, ਜਿਸ ਉੱਪਰ ਕਿਤੇ ਘਰ ਨਜ਼ਰ ਆ ਰਹੇ ਹਨ, ਕਿਤੇ ਜੰਗਲ ਹੈ ਅਤੇ ਕਿਤੇ ਖ਼ੂਬਸੂਰਤ ਲੇਕ ਬਣੇ ਹੋਏ ਹਨ। ਬਾਰਡਰ ਲਾਈਨ ਦੇ ਜ਼ੀਰੋ ਪੁਆਇੰਟ 'ਤੇ ਜਾ ਕੇ ਸਿਰਫ਼ ਇਕ ਬੁਰਜੀ ਗੱਡੀ ਗਈ ਹੈ।

ਕੈਨੇਡਾ ਵਾਲੇ ਪਾਸੇ ਸੜਕ ਬੱਜਰੀ ਦੀ ਬਣੀ ਹੈ ਅਤੇ ਅਮਰੀਕਾ ਵਾਲੇ ਪਾਸੇ ਕੰਕਰੀਟ ਵਿਛਾਈ ਗਈ ਹੈ। ਬਸ ਦੋਵਾਂ ਦੇਸ਼ਾਂ ਦੇ ਰਸਤੇ ਵਿਚ ਮਾਮੂਲੀ ਜਿਹੇ ਰੰਗ ਦਾ ਫ਼ਰਕ ਹੈ ਅਤੇ ਇਸ ਦੇ ਇਕ ਸਾਈਡ ਖ਼ੂਬਸੂਰਤ ਪਾਰਕ ਬਣਾਈ ਗਈ ਹੈ, ਜਿਸ ਉੱਪਰ ਇਕ ਚਿੱਟੇ ਰੰਗ ਦਾ ਵੱਡਾ ਗੇਟ ਬਣਿਆ ਹੋਇਆ ਹੈ। ਇਹ ਗੇਟ 'ਟੂਗੈਦਰ ਐਂਡ ਯੂਨਿਟੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਦੋਵਾਂ ਦੇਸ਼ਾਂ ਦੀ ਸੰਧੀ ਨੂੰ ਪ੍ਰਮਾਣਿਤ ਕਰਦਾ ਹੈ। ਦੱਸਿਆ ਜਾਂਦਾ ਹੈ ਕਿ 11 ਸਤੰਬਰ 2001 ਵਿਚ ਅਮਰੀਕਾ ਵਿਖੇ ਹੋਏ ਵੱਡੇ ਅੱਤਵਾਦੀ ਹਮਲੇ ਤੋਂ ਬਾਅਦ ਇੱਥੋਂ ਦੀ ਸੁਰੱਖਿਆ ਵਿਚ ਵੱਡਾ ਵਾਧਾ ਕੀਤਾ ਗਿਆ। ਇਸ ਤੋਂ ਪਹਿਲਾਂ ਕੈਨੇਡੀਅਨ ਪੀ.ਆਰ. ਆਪਣਾ ਪਾਸਪੋਰਟ ਵਿਖਾ ਕੇ ਕੈਨੇਡਾ ਵਿਚ ਪ੍ਰਵੇਸ਼ ਕਰ ਜਾਂਦੇ ਸਨ, ਪ੍ਰੰਤੂ ਇਸ ਖੌਫ਼ਨਾਕ ਹਮਲੇ ਤੋਂ ਬਾਅਦ ਵੀਜ਼ਾ ਲਗਾਉਣਾ ਲਾਜ਼ਮੀ ਕਰ ਦਿੱਤਾ ਗਿਆ।

ਦੋਵਾਂ ਦੇਸ਼ਾਂ ਦੀ ਇਸ ਬਾਰਡਰ ਲਾਈਨ 'ਤੇ ਭਾਵੇਂ ਕੋਈ ਕੰਧ ਜਾਂ ਕੰਡਾ ਤਾਰ ਨਹੀਂ ਲਾਈ ਗਈ, ਪ੍ਰੰਤੂ ਫਿਰ ਵੀ ਦੋਵਾਂ ਦੇਸ਼ਾਂ ਦੇ ਸੁਰੱਖਿਆ ਪ੍ਰਬੰਧ ਬੇਮਿਸਾਲ ਹਨ। ਇਸ ਬਾਰਡਰ ਲਾਈਨ ਤੋਂ ਮਨੁੱਖੀ ਤਸਕਰੀ ਅਤੇ ਨਸ਼ਾ ਤਸਕਰੀ ਨੂੰ ਰੋਕਣ ਲਈ ਲੁਕਵੇਂ ਸੈਂਸਰ ਲਗਾਏ ਗਏ ਹਨ। ਇਸ ਤੋਂ ਇਲਾਵਾ ਨਾਲ-ਨਾਲ ਲੱਗਦੇ ਜੰਗਲਾਂ ਵਿਚ ਸੁਰੱਖਿਆ ਕਰਮੀਆਂ ਦੀਆਂ ਖੁਫ਼ੀਆ ਸਰਗਰਮੀਆਂ ਦਿਨ ਰਾਤ ਸੁਚੇਤ ਹੋ ਕੇ ਪਹਿਰਾ ਦਿੰਦੀਆਂ ਹਨ। ਕੈਨੇਡਾ ਦੀ ਧਰਤੀ ਤੋਂ ਭੰਗ ਦੇ ਨਸ਼ੇ ਦੀ ਸਪਲਾਈ ਵੱਡੇ ਪੱਧਰ 'ਤੇ ਹੁੰਦੀ ਹੈ। 2005 ਵਿਚ ਇੱਥੇ 360 ਫੁੱਟ ਦੀ ਲੰਮੀ ਇਕ ਸੁਰੰਗ ਵੀ ਫੜੀ ਗਈ ਸੀ। ਗ੍ਰਿਫ਼ਤਾਰ ਕੀਤੇ ਗਏ ਤਿੰਨ ਲੋਕਾਂ ਤੋਂ ਪਤਾ ਚੱਲਿਆ ਸੀ ਕਿ ਉਨ੍ਹਾਂ ਵੱਲੋਂ ਸੁਰੰਗ ਦੇ ਜ਼ਰੀਏ ਭੰਗ ਦੀ ਸਪਲਾਈ ਕੀਤੀ ਜਾਂਦੀ ਹੈ। ਕੈਨੇਡਾ ਤੇ ਅਮਰੀਕਾ ਦੀ ਜ਼ਮੀਨ ਦਾ ਬਟਵਾਰਾ 1783 ਵਿਚ ਆਪਸੀ ਸਹਿਮਤੀ ਨਾਲ ਹੋਇਆ ਸੀ ਅਤੇ 1794 ਵਿਚ ਇੱਥੋਂ ਬਾਰਡਰ ਲਾਈਨ ਕੱਢ ਕੇ ਜ਼ਮੀਨ ਦੀ ਨਿਸ਼ਾਨਦੇਹੀ ਕਰ ਦਿੱਤੀ ਗਈ। ਇਸ ਤੋਂ ਬਾਅਦ 1817 ਵਿਚ ਦੋਵਾਂ ਦੇਸ਼ਾਂ ਵਿਚਕਾਰ ਇਹ ਸਮਝੌਤਾ ਵੀ ਹੋ ਗਿਆ ਕਿ ਬਾਰਡਰ ਲਾਈਨ ਉੱਪਰ ਫ਼ੌਜ ਨਾ ਲਗਾਈ ਜਾਵੇ।

ਉਂਝ ਬਾਰਡਰ ਲਾਈਨ ਤੋਂ ਦੂਰ ਆਪੋ-ਆਪਣੇ ਖੇਤਰਾਂ ਵਿਚ ਬੀ. ਐੱਸ. ਐੱਫ. ਦੇ ਨੌਜਵਾਨ ਗੁਪਤ ਰੂਪ ਵਿਚ ਆਪਣੀ ਡਿਊਟੀ ਨਿਭਾਅ ਰਹੇ ਹਨ। ਕਿਸੇ ਤਰ੍ਹਾਂ ਦਾ ਸ਼ੱਕ ਪੈਣ 'ਤੇ ਹੈਲੀਕਾਪਟਰਾਂ ਰਾਹੀਂ ਉਨ੍ਹਾਂ ਵੱਲੋਂ ਇਲਾਕੇ ਦੀ ਸਰਚ ਵੀ ਕੀਤੀ ਜਾਂਦੀ ਹੈ।

ਬਾਰਡਰ ਲਾਈਨ ਉੱਪਰ ਦੋਵਾਂ ਦੇਸ਼ਾਂ ਦੇ ਲੋਕਾਂ ਦਾ ਇੱਧਰ ਤੋਂ ਉੱਧਰ ਅਤੇ ਉੱਧਰ ਤੋਂ ਇੱਧਰ ਆਉਣ ਦਾ ਸਿਲਸਿਲਾ ਬਣਿਆ ਰਹਿੰਦਾ ਹੈ। ਕੈਨੇਡਾ ਸਿਟੀਜ਼ਨ ਲੋਕ ਆਪਣਾ ਸਿਟੀਜ਼ਨ ਕਾਰਡ ਦਿਖਾ ਕੇ ਅਮਰੀਕਾ ਵਿਚ ਪ੍ਰਵੇਸ਼ ਕਰਨ ਦੀ ਮਨਜ਼ੂਰੀ ਲੈਂਦੇ ਹਨ, ਜਦਕਿ ਪੀ. ਆਰ. ਜਾਂ ਯਾਤਰਾ 'ਤੇ ਗਏ ਲੋਕਾਂ ਨੂੰ ਵੀਜ਼ਾ ਲੈ ਕੇ ਅਮਰੀਕਾ ਵੱਲ ਜਾਣ ਦੀ ਆਗਿਆ ਹੈ। ਅਮਰੀਕਾ ਵਿਚ ਦੁੱਧ ਦਾ ਰੇਟ ਕੈਨੇਡਾ ਨਾਲ ਅੱਧਾ ਹੈ, ਜਦਕਿ ਪੈਟਰੋਲ ਦਾ ਰੇਟ ਇਕ ਚੌਥਾਈ ਘੱਟ ਹੈ। ਬਾਰਡਰ ਲਾਈਨ 'ਤੇ ਇਸ ਤਰ੍ਹਾਂ ਦੀ ਭਾਈਵਾਲਤਾ ਦੇਖ ਕੇ ਮੈਨੂੰ ਮਹਿਸੂਸ ਹੋਇਆ ਕਿ ਇਹੀ ਕਾਰਨ ਹੈ ਕਿ ਕੈਨੇਡਾ ਦੇ ਲੋਕ ਅਕਸਰ ਅਮਰੀਕਾ ਵਾਲੇ ਪਾਸਿਓਂ ਇਨ੍ਹਾਂ ਪਦਾਰਥਾਂ ਦੀ ਖ਼ਰੀਦ ਕਰਦੇ ਹਨ। ਇਸ ਤੋਂ ਇਲਾਵਾ ਕੱਪੜਾ-ਲੀੜਾ, ਪਰਸ, ਪਰਫ਼ਿਊਮ ਅਤੇ ਹੋਰ ਵਰਤੋਂ ਦੀਆਂ ਚੀਜ਼ਾਂ ਵੀ ਅਮਰੀਕਾ ਵਾਲ਼ੇ ਪਾਸੇ ਸਸਤੀਆਂ ਹਨ।

## ਕਲਾ ਤੇ ਖ਼ੂਬਸੂਰਤੀ ਦਾ ਨਮੂਨਾ ਹਨ ਲੱਕੜ ਦੇ ਘਰ

ਮੁਲਕ ਭਾਵੇਂ ਕੋਈ ਵੀ ਹੋਵੇ, ਉੱਥੇ ਵੱਸਦੇ ਲੋਕਾਂ ਦੀ ਸੁਰੱਖਿਆ ਤੇ ਆਰਾਮਦਾਇਕ ਜ਼ਿੰਦਗੀ ਲਈ ਘਰ ਹੋਣਾ ਤਾਂ ਮੁੱਢਲੀ ਜ਼ਰੂਰਤ ਹੁੰਦਾ ਹੈ। ਹਰ ਦੇਸ਼ 'ਚ ਹਰ ਖੇਤਰ ਦੇ ਲੋਕ ਆਪਣੀ-ਆਪਣੀ ਜ਼ਰੂਰਤ ਅਨੁਸਾਰ ਆਪਣੇ ਸੁਪਨਿਆਂ ਦਾ ਘਰ ਬਣਾਉਂਦੇ ਹਨ। ਘਰ ਦੀ ਬਣਤਰ ਹੀ ਉੱਥੋਂ ਦੇ ਵਸ਼ਿੰਦਿਆਂ ਦੀ ਮਾਨਸਿਕਤਾ ਅਤੇ ਰਹਿਣ-ਸਹਿਣ ਦੇ ਢੰਗ ਦਾ ਆਈਨਾ ਹੁੰਦੀ ਹੈ। ਜੇ ਤੁਸੀਂ ਕੈਨੇਡਾ ਵਰਗੇ ਵਿਕਾਸਸ਼ੀਲ ਦੇਸ਼ ਵਿਚ ਵੱਸਦੇ ਲੋਕਾਂ ਦੇ ਆਸ਼ਿਆਨੇ ਵੇਖੋ ਤਾਂ ਲਾਜ਼ਮੀ ਕਿਹਾ ਜਾਵੇਗਾ ਇਹ ਕਲਾ ਅਤੇ ਖ਼ੂਬਸੂਰਤੀ ਦਾ ਲਾਜਵਾਬ ਨਮੂਨਾ ਹਨ। ਕਾਨੂੰਨ ਤੇ ਪ੍ਰਕਿਰਤੀ ਦੇ ਅਨੁਕੂਲ ਲੱਕੜ ਦੇ ਬਣਾਏ ਗਏ ਘਰ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚਦੇ ਹਨ।

ਕੈਨੇਡਾ ਵਿਚ ਵਸਣ ਵਾਲੇ ਲੋਕਾਂ ਦੇ ਲੱਕੜ ਦੇ ਬਣੇ ਘਰਾਂ ਦੀ ਮਨਮੋਹਕ ਦਿੱਖ ਪਿੱਛੇ ਉੱਥੋਂ ਦੀ ਵਿਰਾਸਤੀ ਰਿਵਾਇਤ, ਵਪਾਰਕ ਤੇ ਸੁਰੱਖਿਅਤ ਘਰ ਹੋਣ ਦੀ ਧਾਰਨਾ ਛੁਪੀ ਹੋਈ ਹੈ। ਕੈਨੇਡਾ ਦੀ ਧਰਤੀ ਜਿੱਥੇ ਹਰਿਆਵਲ ਨਾਲ ਨੱਕੋ-ਨੱਕ ਭਰੀ ਪਈ ਹੈ ਅਤੇ ਇੱਥੋਂ ਦੇ ਵਾਤਾਵਰਨ ਵਿਚ ਕਮਾਲ ਦੀ ਸ਼ੁੱਧਤਾ ਵਸੀ ਹੋਈ ਹੈ, ਉੱਥੇ ਇਸ ਧਰਤੀ 'ਤੇ ਲੱਕੜ ਦਾ ਵੱਡਾ ਕਾਰੋਬਾਰ ਵੀ ਚੱਲ ਰਿਹਾ ਹੈ। ਇਸ ਕਾਰੋਬਾਰ ਨਾਲ ਬਹੁਤ ਸਾਰੇ ਲੋਕਾਂ ਦੀ ਰੋਜ਼ੀ-ਰੋਟੀ ਜੁੜੀ ਹੋਈ ਹੈ। ਰੋਜ਼ਗਾਰ ਦੇ ਇਸ ਸਾਧਨ ਨੂੰ ਨਿਰੰਤਰ ਚੱਲਦਾ ਰੱਖਣ ਲਈ ਲੱਕੜ ਦੇ ਘਰਾਂ ਦੀ ਰਿਵਾਇਤ ਵੱਡਾ ਯੋਗਦਾਨ ਪਾਉਂਦੀ ਹੈ। ਇੱਥੋਂ ਦੀਆਂ ਸਰਕਾਰਾਂ ਕਾਰੋਬਾਰ ਦੇ ਨਾਂ 'ਤੇ ਹੁੰਦੀ ਦਰੱਖ਼ਤਾਂ ਦੀ ਕਟਾਈ ਨੂੰ ਲੈ ਕੇ ਹਮੇਸ਼ਾ ਗੰਭੀਰ ਰਹੀਆਂ ਹਨ। ਇਹੋ ਕਾਰਨ ਹੈ ਕਿ ਜਿੰਨੇ ਦਰੱਖ਼ਤ ਕੱਟੇ ਜਾਂਦੇ ਹਨ, ਉਸ ਤੋਂ ਜ਼ਿਆਦਾ ਲਗਾਏ ਵੀ ਜਾਂਦੇ ਹਨ। ਲਗਾਏ ਗਏ ਦਰੱਖ਼ਤਾਂ ਨੂੰ ਲਾਜ਼ਮੀ ਤੌਰ 'ਤੇ ਪਾਲਣ ਦਾ ਜ਼ਿੰਮਾ ਵੀ ਨਾਗਰਿਕਾਂ ਨੂੰ ਕਾਨੂੰਨ ਦੇ ਜ਼ੋਰ 'ਤੇ ਸੰਭਾਲਿਆ ਜਾਂਦਾ ਹੈ। ਲੱਕੜ ਦੇ ਬਣੇ ਘਰਾਂ ਵਿਚ ਮਜ਼ਬੂਤੀ ਅਤੇ ਕੁਦਰਤੀ ਸਰੋਤਾਂ ਦੇ ਆਦਾਨ-ਪ੍ਰਦਾਨ ਦੀਆਂ ਸਾਰੀਆਂ ਸਹੂਲਤਾਂ ਉਪਲੱਬਧ ਹੁੰਦੀਆਂ ਹਨ। ਇਸ ਤਰ੍ਹਾਂ ਲੱਕੜ ਦੇ ਘਰ ਵਾਤਾਵਰਨ ਤੇ ਵਪਾਰ ਲਈ ਵਰਦਾਨ ਹਨ। ਕੈਨੇਡਾ ਵਿਚ ਬਣੇ ਲੱਕੜਾਂ ਦੇ ਘਰਾਂ ਬਾਰੇ ਮੋਟੀ-ਮੋਟੀ ਜਾਣਕਾਰੀ ਤਾਂ ਮੇਰੇ ਕੋਲ ਸੀ, ਪ੍ਰੰਤੂ ਇਨ੍ਹਾਂ ਬਾਰੇ ਬਾਰੀਕੀ ਨਾਲ ਜਾਣਕਾਰੀ ਪ੍ਰਾਪਤੀ ਵਿਚ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਬਿਜਲੀਪੁਰ ਦੇ ਕੈਨੇਡਾ ਵਸੇ ਇੰਜੀਨੀਅਰ ਜਗਪਾਲ ਸਿੰਘ ਲਿੱਟ ਨੇ ਵੱਡਾ ਸਾਥ ਦਿੱਤਾ। ਸਰੀ ਖੇਤਰ ਵਿਚ ਉਹ ਬਿਲਡਰ ਵਜੋਂ ਬਹੁਤ ਪ੍ਰਸਿੱਧ ਹੈ। ਉਹ ਮੈਨੂੰ ਹਰ ਰੋਜ਼ ਆਪਣੀ ਗੱਡੀ 'ਚ ਬਿਠਾ ਕੇ ਆਪਣੇ ਨਾਲ ਲੈ ਜਾਂਦਾ। ਲੱਕੜ ਦੇ ਬਣਦੇ ਘਰਾਂ ਬਾਰੇ ਮੈਂ ਤਹਿ ਤਕ ਦੇਖਿਆ ਵੀ ਅਤੇ ਜਾਣਿਆ ਵੀ। ਉਹ ਮੈਨੂੰ ਦੱਸਦਾ ਰਿਹਾ ਕਿ ਇਸ ਧਰਤੀ 'ਤੇ ਘਰ ਬਣਾਉਣ ਲਈ ਖ਼ਰੀਦੇ ਗਏ ਪਲਾਟ ਦਾ ਸਰਵੇਅ ਪ੍ਰਮਾਣਿਤ ਸਰਵੇਅਰ (ਪਟਵਾਰੀ) ਵੱਲੋਂ ਕੀਤਾ ਜਾਂਦਾ ਹੈ, ਜੋ ਮੌਕੇ 'ਤੇ ਪੁੱਜ ਕੇ ਨਿਸ਼ਾਨਦੇਹੀ ਕਰਦਾ ਹੈ। ਮਿਊਂਸਪਲ ਦੀਆਂ ਹਦਾਇਤਾਂ ਅਤੇ ਮਾਲਕ ਦੀ ਇੱਛਾ ਅਨੁਸਾਰ ਪ੍ਰਮਾਣਿਤ ਨਕਸ਼ਾ ਨਵੀਸ (ਆਰਕੀਟੈਕਟਰ) ਵੱਲੋਂ ਨਕਸ਼ਾ ਤਿਆਰ ਕੀਤਾ ਜਾਂਦਾ ਹੈ। ਇੱਥੇ ਹਰ ਸ਼ਹਿਰ ਦਾ ਵੱਖਰਾ-ਵੱਖਰਾ ਨਿਯਮ ਹੈ। ਉਪਰੰਤ ਕਾਨੂੰਨੀ ਤੌਰ 'ਤੇ ਮਾਨਤਾ ਪ੍ਰਾਪਤ ਇੰਜੀਨੀਅਰ ਘਰ ਦੇ ਢਾਂਚੇ ਨੂੰ ਡਿਜ਼ਾਈਨ ਕਰਦਾ ਹੈ, ਜਿਸ ਵੱਲੋਂ ਕੁਦਰਤੀ ਆਫ਼ਤਾਂ ਬਰਫ਼, ਮੀਂਹ, ਤੂਫ਼ਾਨ ਅਤੇ ਧੁੱਪ ਦੇ ਮਾੜੇ ਪ੍ਰਭਾਵਾਂ ਤੋਂ ਸੁਰੱਖਿਅਤ ਰਹਿਣ ਨੂੰ ਪਹਿਲ ਦਿੱਤੀ ਜਾਂਦੀ ਹੈ। ਇਸ ਤੋਂ ਪਹਿਲਾਂ ਸਖ਼ਤ ਮਿੱਟੀ ਆਉਣ ਤਕ ਘਰ ਦੀਆਂ ਨੀਂਹਾਂ ਪੁੱਟੀਆਂ ਜਾਂਦੀਆਂ ਹਨ। ਜਿਨ੍ਹਾਂ ਵਿਚ ਬਜਰੀ, ਰੇਤਾ ਤੇ ਸੀਮੇਂਟ ਭਰ ਕੇ ਨੀਂਹਾਂ ਨੂੰ ਮਿੱਟੀ ਤੋਂ ਬਾਹਰ ਤਕ ਚੁੱਕਿਆ ਜਾਂਦਾ ਹੈ। ਬਣ ਰਹੇ ਘਰ ਦੇ ਢਾਂਚੇ ਵਿਚ ਬਿਜਲੀ, ਪਲੰਬਰ, ਗੈਸ ਲਾਈਨ, ਸਿਕਿਉਰਿਟੀ ਸਿਸਟਮ, ਏਅਰ ਕੰਡੀਸ਼ਨਲ ਸਿਸਟਮ ਆਦਿ ਦੀ ਫ਼ਿਟਿੰਗ ਵੀ ਨਾਲੋਂ-ਨਾਲੋਂ ਅੰਦਰੂਨੀ ਰੂਪ ਵਿਚ ਕੀਤੀ ਜਾਂਦੀ ਹੈ। ਇਨ੍ਹਾਂ ਸਾਰੇ ਕੰਮਾਂ ਦਾ ਸਰਕਾਰ ਵੱਲੋਂ ਵਾਰ-ਵਾਰ ਨਿਰੀਖਣ ਕੀਤਾ ਜਾਂਦਾ ਹੈ। ਜਦੋਂ ਲੱਕੜ ਦਾ ਢਾਂਚਾ ਛੱਤ ਤਕ ਮੁਕੰਮਲ ਹੋ ਜਾਂਦਾ ਹੈ, ਫ਼ਿਰ ਖਿੜਕੀਆਂ, ਦਰਵਾਜ਼ੇ ਤੇ ਫਰਸ਼ ਪਾਏ ਜਾਂਦੇ ਹਨ ਅਤੇ ਪੌੜੀਆਂ ਚਾੜ੍ਹ ਦਿੱਤੀਆਂ ਜਾਂਦੀਆਂ ਹਨ।

ਘਰ ਦੀਆਂ ਦੀਵਾਰਾਂ ਲੱਕੜ ਦੇ ਫੱਟਿਆਂ ਨਾਲ ਤਿਆਰ ਹੁੰਦੀਆਂ ਹਨ। ਦੀਵਾਰਾਂ ਵਿਚ ਲੋੜ ਅਨੁਸਾਰ ਲੱਕੜ ਦੇ ਹੀ ਪਿੱਲਰ ਫਿੱਟ ਕੀਤੇ ਜਾਂਦੇ ਹਨ ਅਤੇ ਇਹ ਬਾਕੀ ਦੀ ਦੀਵਾਰ ਡਬਲ ਫੱਟੇ ਨਾਲ ਤਿਆਰ ਕੀਤੀ ਜਾਂਦੀ ਹੈ। ਦੀਵਾਰ ਵਿਚ ਬਣਾਏ ਢਾਂਚੇ ਅੰਦਰ 16-16 ਇੰਚ ਦੀ ਖ਼ਾਲੀ ਜਗ੍ਹਾ ਬਣਾਈ ਜਾਂਦੀ ਹੈ, ਜਿਸ ਵਿਚ ਰੂੰਅ ਭਰ ਦਿੱਤੀ ਜਾਂਦੀ ਹੈ। ਦੀਵਾਰ ਦੇ ਬਾਹਰ ਪਲਾਈ ਬੋਰਡ ਅਤੇ ਅੰਦਰ ਜਿਪਸਮ ਲਗਾਇਆ ਜਾਂਦਾ ਹੈ, ਉਸ ਤੋਂ ਬਾਅਦ ਅੰਦਰਲੇ ਪਾਸੇ ਪੀ.ਵੀ.ਸੀ. ਅਤੇ ਬਾਹਰਲੇ ਪਾਸੇ ਲੋੜ ਅਨੁਸਾਰ ਸੀਮਿੰਟ ਜਾਂ ਪਲਾਸਟਿਕ ਡਿਜ਼ਾਈਨ ਕੀਤੀ ਜਾਂਦੀ ਹੈ। ਫਰਸ਼ਾਂ ਵਿਚ ਸਖ਼ਤ ਲੱਕੜ, ਕਾਰਪਿਟ ਜਾਂ ਟਾਈਲਾਂ ਵਰਤੀਆਂ ਜਾਂਦੀਆਂ ਹਨ ਘਰ ਦੀ ਛੱਤ ਹਮੇਸ਼ਾ ਢਲਾਈਦਾਰ ਬਣਾਈ ਜਾਂਦੀ ਹੈ ਤਾਂ ਜੋ ਬਰਫ਼ਬਾਰੀ ਦੇ ਮੌਸਮ ਮੌਕੇ ਡਿਗਣ ਵਾਲੀ ਬਰਫ਼ ਨਾਲ ਦੀ ਨਾਲ ਹੇਠਾਂ ਡਿੱਗਦੀ ਰਹੇ। ਘਰ ਵਿਚ ਟਾਕੀਆਂ, ਦਰਵਾਜ਼ੇ ਅਤੇ ਹੋਰ ਰੌਸ਼ਨਦਾਨ ਵਗੈਰਾ ਇਸ ਤਕਨੀਕ ਨਾਲ ਲਗਾਏ ਜਾਂਦੇ ਹਨ ਕਿ ਕੁਦਰਤੀ ਸਰੋਤਾਂ ਦਾ ਵੱਧ ਤੋਂ ਵੱਧ ਲਾਹਾ ਲਿਆ ਜਾ ਸਕੇ। ਘਰ ਦੇ ਅੰਦਰ ਧੁੱਪ ਦਾ ਪ੍ਰਵੇਸ਼, ਤਾਜ਼ੀ ਹਵਾ ਦਾ ਆਉਣਾ ਅਤੇ ਹੁੰਮਸ ਦੇ ਬਾਹਰ ਕੱਢਣ ਲਈ ਵੱਖਰੇ-ਵੱਖਰੇ ਪ੍ਰਬੰਧ ਕੀਤੇ ਜਾਂਦੇ ਹਨ। •

### ਘਰਾਂ ਦਾ ਨਿਰਮਾਣ ਤੇ ਵਾਤਾਵਰਨ ਦੀ ਸ਼ੁੱਧਤਾ

ਘਰ ਬਣਾਉਣ ਲਈ ਤੁਹਾਨੂੰ ਵਾਤਾਵਰਨ ਦੀ ਸ਼ੁੱਧਤਾ ਲਈ ਕਾਨੂੰਨੀ ਤੌਰ 'ਤੇ ਵਚਨਬੱਧ ਕਰ ਦਿੱਤਾ ਜਾਂਦਾ ਹੈ। ਪਲਾਟ ਦਾ ਕਰੀਬ ਤੀਜਾ ਹਿੱਸਾ ਘਾਹ ਤੇ ਫੁੱਲ ਬੂਟਿਆਂ ਲਈ ਛੱਡਣਾ ਜ਼ਰੂਰੀ ਹੈ। ਅਜਿਹਾ ਨਾ ਹੋਣ ਦੀ ਹਾਲਤ ਵਿਚ ਤੁਹਾਡਾ ਘਰ ਕਾਨੂੰਨੀ ਤੌਰ 'ਤੇ ਪਾਸ ਨਹੀਂ ਹੋਵੇਗਾ। ਅਜਿਹਾ ਕਰਕੇ ਹਰਿਆਵਲ ਭਰੇ ਮਾਹੌਲ ਦੇ ਨਾਲ-ਨਾਲ ਮੀਂਹ ਦੇ ਪਾਣੀ ਨੂੰ ਧਰਤੀ ਵਿਚ ਰਿਸਣ ਲਈ ਵੀ ਥਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਇਸ ਪਾਲਿਸੀ ਦੇ ਧਾਰਕਾਂ ਦੀ ਇਹ ਧਾਰਨਾ ਹੈ ਕਿ ਜੇ ਪਾਰਕ ਵਗੈਰਾ ਦੀ ਥਾਂ ਸਾਰਾ ਕੁੱਝ ਪੱਕਾ ਹੋਵੇਗਾ ਤਾਂ ਮੀਂਹਾਂ ਦਾ ਸਾਰਾ ਪਾਣੀ ਗਟਰਾਂ ਰਾਹੀਂ ਇਕ ਥਾਂ ਇਕੱਠਾ ਹੋ ਕੇ ਹੜ੍ਹ ਦਾ ਰੂਪ ਧਾਰਨ ਕਰਦਾ ਹੈ, ਪ੍ਰੰਤੂ ਪਾਰਕ ਦੇ ਜ਼ਰੀਏ ਮੀਂਹ ਦਾ ਪਾਣੀ ਧਰਤੀ ਵਿਚ ਰਿਸਦਾ ਹੈ, ਜਿਸ ਦਾ ਲਾਹਾ ਧਰਤੀ ਦੇ ਹੇਠਲੇ ਪਾਣੀ ਨੂੰ ਪ੍ਰਾਪਤ ਹੁੰਦਾ ਹੈ। ਕੈਨੇਡਾ ਦੇ ਸ਼ਹਿਰ ਵੈਨਕੂਵਰ ਸਮੇਤ ਵੱਖ-ਵੱਖ ਇਲਾਕਿਆਂ ਵਿਚ ਪੁਰਾਣੇ ਘਰਾਂ ਨੂੰ ਸਰਕਾਰ ਵੱਲੋਂ ਵਿਰਾਸਤੀ ਹੋਣ ਦਾ ਦਰਜਾ ਦੇ ਦਿੱਤਾ ਜਾਂਦਾ ਹੈ।1945 ਤੋਂ ਪਹਿਲਾਂ ਬਣੇ ਘਰ ਹੈਰੀਟੇਜ ਐਲਾਨੇ ਜਾ ਚੁੱਕੇ ਹਨ। ਅਜਿਹਾ ਹੋਣ ਤੋਂ ਬਾਅਦ ਇਨ੍ਹਾਂ ਘਰਾਂ ਨੂੰ ਅੰਦਰੂਨੀ ਮੁਰੰਮਤ ਤੋਂ ਜ਼ਿਆਦਾ ਛੇੜਿਆ ਨਹੀਂ ਜਾ ਸਕਦਾ। ਢਾਹੁਣ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ। ਅਜਿਹਾ ਕਰ ਕੇ ਇੱਥੋਂ ਦੀ ਸੱਭਿਅਤਾ ਨੂੰ ਬਰਕਰਾਰ ਰੱਖਿਆ ਗਿਆ ਹੈ। ਦੀਵਾਰਾਂ ਵਿਚ ਪਾਈ ਰੂੰਅ ਦੇ ਕਾਰਨ ਸਖ਼ਤ ਗਰਮੀ ਮੌਕੇ ਵੀ ਮਕਾਨ ਅੰਦਰ ਤੋਂ ਠੰਢੇ ਰਹਿੰਦੇ ਹਨ ਅਤੇ ਬਰਫ਼ੀਲੇ ਮੌਸਮ ਦੌਰਾਨ ਵੀ ਮਕਾਨਾਂ ਦੇ ਅੰਦਰ ਠੰਢਕ ਦਾ ਅਸਰ ਕਾਫੀ ਘੱਟ ਰਹਿੰਦਾ ਹੈ।

1. ਮਾਊਂਟ ਲੋਰੇਟੇ ਪੌਂਡ।
2. ਅਮਰੀਕਾ ਤੇ ਕੈਨੇਡਾ ਦਾ ਬਾਰਡਰ, ਜੋ ਦੋਵਾਂ ਦੇਸ਼ਾਂ ਦੇ ਭਾਈਚਾਰਕ ਰਿਸ਼ਤੇ ਦੀ ਗਵਾਹੀ ਭਰਦਾ ਹੈ।
3. ਕੈਨੇਡਾ ਦੇ ਲੱਕੜ ਦੇ ਘਰ।









ਕੌਮੀ ਪੱਤ੍ਰਿਕਾ

# ਗਊ ਸੇਵਾ ਸਭ ਤੋਂ ਵੱਡੀ ਸੇਵਾ, ਗਊ ਮਾਤਾ ਦੀ ਪੂਜਾ ਕਰ ਲਿਆ ਅਸ਼ੀਰਵਾਦ - ਖੁਸ਼ਬੂ ਸਵਨਾ



ਫਾਜ਼ਿਲਕਾ, 2 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਦੀ ਧਰਮ ਪਤਨੀ ਅਤੇ ਖੁਸ਼ੀ ਫਾਊਂਡੇਸ਼ਨ ਦੇ ਚੇਅਰ ਪਰਸਨ ਮੈਡਮ ਖੁਸ਼ਬੂ ਸਵਨਾ ਨੇ ਸ੍ਰੀ ਗੁਰੂ ਨਰਾਇਣ ਸੇਵਾ ਵੈਲਫੇਅਰ ਸੋਸਾਇਟੀ ਜੱਟ ਵਾਲੀ ਗਊਸ਼ਾਲਾ ਵਿਖੇ ਪਹੁੰਚ ਕੇ ਗਊ ਮਾਤਾ ਦੀ ਪੂਜਾ ਕੀਤੀ। ਇਸ ਮੌਕੇ ਸੋਸਾਇਟੀ ਵੱਲੋਂ ਸ਼ਾਮ ਸੰਧਿਆ ਦਾ ਆਯੋਜਨ ਕੀਤਾ ਗਿਆ ਤੇ ਲਾਡਲੀ ਸਰਕਾਰ ਨੇ ਸੰਧਿਆ ਦੌਰਾਨ ਹਾਜਰੀ ਲਗਾ ਕੇ ਇਸ ਸ਼ਾਮ ਦੇ ਰੰਗ ਬਣ ਦਿੱਤੇ ਤੇ ਉਨ੍ਹਾਂ ਵੀ ਇਸ ਸ਼ਾਮ ਦਾ ਖੂਬ ਆਨੰਦ ਮਾਣਿਆ।

ਮੈਡਮ ਖੁਸ਼ਬੂ ਸਵਨਾ ਨੇ ਕਿਹਾ ਕਿ ਉਹ ਸ੍ਰੀ ਗੁਰੂ ਨਰਾਇਣ ਸੇਵਾ ਵੈਲਫੇਅਰ ਸੋਸਾਇਟੀ ਗਊਸ਼ਾਲਾ ਵਿਖੇ ਪਰਿਵਾਰ ਸਮੇਤ ਪਹੁੰਚੇ ਸਨ ਤੇ ਗਊ ਮਾਤਾ ਦੀ ਪੂਜਾ ਕਰਕੇ ਉਨਾਂ ਨੇ ਅਸ਼ੀਰਵਾਦ ਲਿਆ ਹੈ। ਉਨ੍ਹਾਂ ਕਿਹਾ ਕੀ ਗਊ ਨੂੰ ਮਾਤਾ ਦਾ ਦਰਜਾ ਦਿੱਤਾ ਗਿਆ ਹੈ ਤੇ ਮਾਤਾ ਦੀ ਸੇਵਾ ਕਰਨਾ ਸਭ ਤੋਂ ਵੱਡਾ ਪੁੰਨ ਮੰਨਿਆ ਜਾਂਦਾ ਹੈ। ਉਹਨਾਂ ਕਿਹਾ ਕਿ ਗਊ ਮਾਤਾ ਦੀ ਸੇਵਾ ਸਭ ਤੋਂ ਵੱਡੀ ਸੇਵਾ ਮੰਨੀ ਜਾਂਦੀ ਹੈ । ਇਸ ਮੌਕੇ ਉਨ੍ਹਾਂ ਫੀਡ ਦੀ ਸੇਵਾ ਨਿਭਾਈ।

ਉਹਨਾਂ ਕਿਹਾ ਕਿ ਹਰ ਕਿਸੇ ਨਾਗਰਿਕ ਨੂੰ ਗਊਸ਼ਾਲਾ ਵਿਖੇ ਪਹੁੰਚ ਕੇ ਗਊ ਮਾਤਾ ਦੀ ਪੂਜਾ ਕਰਨੀ ਚਾਹੀਦੀ ਹੈ ਅਤੇ ਇੱਛਾ ਅਨੁਸਾਰ ਦਾਨ ਪੁੰਨ ਵੀ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਗਊ ਮਾਤਾ ਦੀ ਸੇਵਾ ਕਰਕੇ ਜਿਥੇ ਮਨ ਨੂੰ ਅਥਾਹ ਸ਼ਾਂਤੀ ਮਿਲਦੀ ਹੈ ਉਥੇ ਇਹ ਜਾਪਦਾ ਹੈ ਕਿ ਇਥੇ ਸਮਾਂ ਬਿਤਾ ਕੇ ਲਗਦਾ ਹੈ ਕਿ ਸ਼ਾਮ ਕਿਸੇ ਲੇਖੇ ਲਗ ਗਈ ਹੈ।

ਇਸ ਮੌਕੇ ਸੋਸਾਇਟੀ ਦੇ ਮੈਂਬਰ ਤੇ ਪਤਵੰਤੇ ਸਜਨ ਮੌਜੂਦ ਸਨ।

# ਉਪ ਮੰਡਲ ਮੈਜਿਸਟਰੇਟ ਜਲਾਲਾਬਾਦ ਨੇ ਪਰਾਲੀ ਪ੍ਰੋਟੈਕਸ਼ਨ ਫੋਰਸ ਨਾਲ ਕੀਤੀ ਮੀਟਿੰਗ

ਫਾਜ਼ਿਲਕਾ,2 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਫ਼ਾਜ਼ਿਲਕਾ ਅਮਰਪ੍ਰੀਤ ਕੌਰ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਉਪ ਮੰਡਲ ਮੈਜਿਸਟਰੇਟ ਜਲਾਲਾਬਾਦ ਸ੍ਰੀ ਕੰਵਰਜੀਤ ਸਿੰਘ ਮਾਨ ਨੇ ਪਰਾਲੀ ਪ੍ਰੋਟੈਕਸ਼ਨ ਫੋਰਸ ਦੇ ਅਧਿਕਾਰੀਆ ਨਾਲ ਮੀਟਿੰਗ ਕੀਤੀ ਗਈ।

ਇਸ ਦੌਰਾਨ ਉਨ੍ਹਾਂ ਕਲਸਟਰ ਅਫਸਰ ਅਤੇ ਹੋਰ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਝੋਨੇ ਦੀ ਪਰਾਲੀ ਤੇ ਰਹਿੰਦ ਖੂੰਹਦ ਨੂੰ ਅਗ ਨਾ ਲਗਾਉਣ ਬਾਰੇ ਕਿਸਾਨਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਫਿਰ ਵੀ ਕਿਸਾਨ ਵੀਰਾਂ ਵੱਲੋਂ ਅਗ ਲਗਾਈ ਜਾਂਦੀ ਹੈ ਤਾਂ ਨਿਯਮਾਂ ਅਨੁਸਾਰ ਜੁਰਮਾਨਾ ਕੀਤਾ ਜਾਵੇਗਾ ਤੇ ਕਾਰਵਾਈ ਵੀ ਆਰੰਭੀ ਜਾਵੇਗੀ।

ਮੀਟਿੰਗ ਦੌਰਾਨ ਐਸ.ਡੀ.ਐਮ. ਨੇ ਕਿਹਾ ਕਿ ਪਰਾਲੀ ਸਾੜਨ ਦੀ ਕੁਪ੍ਰਥਾ ਨੂੰ ਬੰਦ ਕਰਨ ਲਈ ਤਾਇਨਾਤ ਕੀਤੀਆਂ ਟੀਮਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਫੀਲਡ ਵਿਚ ਰਹਿੰਦੇ ਹੋਏ ਕਿਸਾਨਾਂ ਨੂੰ ਝੋਨੇ ਦੀ ਰਹਿੰਦ ਖੂਹੰਦ ਨੂੰ ਅੱਗ ਲਗਾਉਣ ਤੋ ਰੋਕਣ ਅਤੇ ਪਰਾਲੀ ਪ੍ਰਬੰਧਨ ਬਾਰੇ ਜਾਗਰੂਕ ਕਰਨ। ਉਨ੍ਹਾਂ ਇਹ ਵੀ ਨਿਰਦੇਸ਼ ਦਿੱਤੇ ਕਿ ਫੀਡਲ ਵਿਚ ਰਹਿੰਦੀਆਂ ਪਰਾਲੀ ਸਾੜਨ ਦੀ ਹਰ ਇਕ ਘਟਨਾ *ਤੇ ਨਿਗਰਾਨੀ ਰੱਖੀ ਜਾਵੇ ਤਾਂ ਜੋ ਨਾਲੋ-ਨਾਲ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ। ਇਸ ਤੋਂ ਹਿਲਾਵਾ ਕਿਸਾਨਾਂ ਨੂ ਬਦਲਵੇ ਪ੍ਰਬੰਧਾਂ ਨੂੰ ਜਿਵੇਂ ਕਿ ਸੀ.ਆਰ.ਐਮ. ਮਸ਼ੀਨਾਂ ਦੀ ਵਰਤੋਂ ਲਈ ਪ੍ਰੇਰਿਤ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਜਾਗਰੂਕ ਕੀਤਾ ਜਾਵੇ ਕਿ ਪਰਾਲੀ ਸਾੜਨ ਨਾਲ ਜਿਥੇ ਧਰਤੀ ਦੀ ਉਪਜਾਊ ਸ਼ਕਤੀ ਘੱਟਦੀ ਹੈ ਉਥੇ ਵਾਤਾਵਰਣ ਵੀ ਗੰਧਲਾ ਹੁੰਦਾ ਹੈ ਜੋ ਕਿ ਸਾਡੇ ਸਾਰਿਆਂ ਦੇ ਨਾਲ-ਨਾਲ ਆਉਣ ਵਾਲੀ ਪੀੜੀ ਲਈ ਵੀ ਹਾਨੀਕਾਰਕ ਹੈ। ਉਨ੍ਹਾ ਕਿਹਾ ਕਿ ਜਿਥੇ ਕਿਤੇ ਵੀ ਪਰਾਲੀ ਸਾੜਨ ਦੀ ਘਟਨਾ ਦਾ ਪਤਾ ਲੱਗਦਾ ਹੈ ਤਾਂ ਸਬੰਧਤ ਅਧਿਕਾਰੀਆਂ ਦੇ ਧਿਆਨ ਵਿਚ ਲਿਆਂਦਾ ਜਾਵੇ ਤਾਂ ਜੋ ਨਿਯਮਾਂ ਅਨੁਸਾਰ ਉਸ ਖਿਲਾਫ ਚਲਾਨ ਕੀਤਾ ਜਾਵੇਗਾ ਅਤੇ ਪਰਾਲੀ ਨੂੰ ਅੱਗ ਲਗਾਉਣ ਵਾਲੇ ਵਿਅਕਤੀਆਂ ਦੇ ਜਮੀਨ ਦੇ ਰਿਕਾਰਡ ਵਿਚ ਰੈਡ ਐਂਟਰੀ ਦਰਜ ਕਰਵਾਈ ਜਾਵੇਗੀ।

ਉਨ੍ਹਾਂ ਨੇ ਕਿਸਾਨਾਂ ਨੂੰ ਕਿਹਾ ਕਿ ਪਰਾਲੀ ਨੂੰ ਸਾੜਿਆਂ ਨਾ ਜਾਵੇ ਸਗੋਂ ਇਸ ਨੂੰ ਖੇਤ ਵਿਚ ਹੀ ਮਿਲਾ ਕੇ ਕਣਕ ਦੀ ਬਿਜਾਈ ਕੀਤੀ ਜਾਵੇ ਇਸ ਨਾਲ ਜਮੀਨ ਵਿਚ ਕਾਰਬਨਿਕ ਮਾਦਾ ਵਧੇਗਾ ਅਤੇ ਕਿਸਾਨਾਂ ਦੀ ਜ਼ਮੀਨ ਦੀ ਉਪਜਾਊ ਸ਼ਕਤੀ ਵਧੇਗੀ।

# ਸ੍ਰੀ ਦਸਮੇਸ਼ ਮਾਰਸ਼ਲ ਆਰਟਸ ਅਕੈਡਮੀ ਵਿਖੇ ਤਿੰਨ ਰੋਜ਼ਾ ਬਲਾਕ ਪ੍ਰਾਇਮਰੀ ਸਕੂਲ ਖੇਡਾਂ ਹੋਈਆਂ ਸ਼ੁਰੂ



ਸ੍ਰੀ ਆਨੰਦਪੁਰ ਸਾਹਿਬ,2 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਅਤੇ ਹਲਕਾ ਵਿਧਾਇਕ ਹਰਜੋਤ ਸਿੰਘ ਬੈਂਸ ਦੀ ਅਗਵਾਈ ਹੇਠ ਸ੍ਰੀ ਅਨੰਦਪੁਰ ਸਾਹਿਬ ਬਲਾਕ ਦੀਆਂ ਤਿੰਨ ਰੋਜਾ ਪ੍ਰਾਇਮਰੀ ਖੇਡਾਂ ਸਥਾਨਕ ਸ੍ਰੀ ਮਾਰਸ਼ਲ ਆਰਟ ਅਕੈਡਮੀ ਵਿਖੇ ਸ਼ਾਨਦਾਰ ਤਰੀਕੇ ਨਾਲ ਸ਼ੁਰੂ ਹੋ ਗਈਆਂ। ਜਿਸ ਦਾ ਰਸਮੀ ਉਦਘਾਟਨ ਜਿਲਾ ਸਿੱਖਿਆ ਅਫਸਰ ਸ਼ਮਸ਼ੇਰ ਸਿੰਘ ਵੱਲੋਂ ਕੀਤਾ ਗਿਆ। ਉਹਨਾਂ ਨੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਬੋਲਦਿਆਂ ਕਿਹਾ ਕਿ ਖੇਡਾਂ ਦਾ ਮਨੁੱਖੀ ਜੀਵਨ ਵਿੱਚ ਵੱਡਾ ਰੋਲ ਹੁੰਦਾ ਹੈ, ਇਸ ਲਈ ਅਧਿਆਪਕ ਸਿੱਖਿਆ ਦੇ ਨਾਲ ਨਾਲ ਹਰੇਕ ਵਿਦਿਆਰਥੀ ਦੀ ਖੇਡਾਂ ਵਿੱਚ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਤਾਂ ਜੋ ਵਿਦਿਆਰਥੀ ਦਾ ਸਰਵਪੱਖੀ ਵਿਕਾਸ ਹੋ ਸਕੇ।

ਇਸ ਤੋਂ ਪਹਿਲਾਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਮਨਜੀਤ ਸਿੰਘ ਮਾਵੀ ਨੇ ਕਿਹਾ ਕਿ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿਦਿਆਰਥੀ ਜੀਵਨ ਦੇ ਵਿੱਚ ਬਹੁਤ ਮਹੱਤਵਪੂਰਨ ਸਥਾਨ ਰੱਖਦੀਆਂ ਹਨ ਇਸਦੇ ਨਾਲ ਜਿੱਥੇ ਸਰੀਰ ਤੰਦਰੁਸਤ ਰਹਿੰਦਾ ਹੈ ਉੱਥੇ ਹੀ ਆਪਸੀ ਮਿਲਵਰਤਨ ਵੱਧਦਾ ਹੈ। ਖੇਡਾਂ ਦੇ ਕਨਵੀਨਰ ਮਨਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਤਿੰਨ ਰੋਜ਼ਾ ਖੇਡਾਂ ਦੇ ਪਹਿਲੇ ਦਿਨ ਅਥਲੈਟਿਕ ਬੈਡਮਿੰਟਨ ਅਤੇ ਕੁਸ਼ਤੀ ਦੇ ਮੁਕਾਬਲੇ ਕਰਵਾਏ ਗਏ , 100 ਮੀਟਰ ਦੌੜ ਮੁੰਡਿਆਂ ਦੇ ਵਿੱਚ ਸੰਨੀ ਕੁਮਾਰ ਮਾਂਗੇਵਾਲ ਸੈਂਟਰ ਪਹਿਲੇ ਜੋਬਨਵੀਰ ਸਿੰਘ ਸ੍ਰੀ ਦਸਮੇਸ਼ ਅਕੈਡਮੀ ਦੂਸਰੇ ਜਦਕਿ ਪਰਮਪ੍ਰੀਤ ਸਿੰਘ ਅਪਰ ਥਲੂ ਤੀਸਰੇ ਸਥਾਨ ਤੇ ਰਿਹਾ, 100 ਮੀਟਰ ਕੁੜੀਆਂ ਦੇ ਵਿੱਚ ਸੰਜਨਾਦੀਪ ਕੌਰ ਆਦਰਸ਼ ਸਕੂਲ ਸੈਂਟਰ ਪਹਿਲੇ, ਸਿਮਰਨ ਕੁਮਾਰੀ ਲੋਧੀਪੁਰ, ਸ਼ਹਨੂਰ ਕੌਰ ਗੰਭੀਰਪੁਰ ਤੀਸਰੇ ਸਥਾਨ ਤੇ ਰਹੀ, 200 ਮੀਟਰ ਦੌੜ ਮੁੰਡਿਆਂ ਵਿੱਚ ਜੋਬਨਬੀਰ ਸਿੰਘ ਦਸਮੇਸ਼ ਅਕੈਡਮੀ ਪਹਿਲੇ, ਅਰੁਣ ਭਾਨੁਪਲੀ ਦੂਸਰੇ ਜਦ ਕਿ ਸੰਨੀ ਕੁਮਾਰ ਮਾਗੇਵਾਲ ਤੀਸਰੇ ਸਥਾਨ ਤੇ ਰਿਹਾ, 200 ਮੀਟਰ ਕੁੜੀਆਂ ਵਿੱਚ ਸੰਜਨਾ ਦੀਪ ਕੌਰ ਅਦਰਸ਼ ਸਕੂਲ ਪਹਿਲੇ, ਕਾਜਲ ਜਿੰਦਵੜੀ ਦੂਸਰੇ, ਸ਼ਹਿਨੂਰ ਗੰਭੀਰਪੁਰ ਤੀਸਰੇ ਸਥਾਨ ਤੇ ਰਹੀ, 600 ਮੀਟਰ ਮੁੰਡੇ ਰਘਵ ਸ਼ਰਮਾ ਰਾਮਪੁਰ ਜਜਰ ਪਹਿਲੇ, ਸਾਰਥਕ ਸਿੰਘ ਰਾਣਾ ਨਾਲੋਵਾਲ ਦੂਸਰੇ ਸਥਾਨ ਤੇ, ਲਵਪ੍ਰੀਤ ਸਿੰਘ ਜਿੰਦੜੀ ਤੀਸਰੇ ਸਥਾਨ ਤੇ ਰਿਹਾ, 600 ਮੀਟਰ ਕੁੜੀਆਂ ਵਿੱਚ ਖੁਸ਼ਪ੍ਰੀਤ ਕੌਰ ਢਾਹੇ ਪਹਿਲੇ ਸਥਾਨ ਤੇ, ਸ਼ਨੂਰ ਗੰਭੀਰਪਰ ਦੂਸਰੇ ਸਥਾਨ ਤੇ ਜਦ ਕੇ ਤੁਲਸੀ ਤੀਸਰੇ ਸਥਾਨ ਤੇ ਰਹੀ, ਗੋਲਾ ਸੁੱਟਣ ਮੁੰਡਿਆ ਦੇ ਮੁਕਾਬਲਿਆਂ ਵਿੱਚ ਸੰਨੀ ਕੁਮਾਰ ਮਾਂਗੇਵਾਲ ਪਹਿਲੇ, ਚੰਦਨ ਖਾਲਸਾ ਸਕੂਲ ਦੂਸਰੇ ਜਦਕਿ ਸ਼ਖਸਦੀਪ ਆਦਰਸ਼ ਸਕੂਲ ਤਸਰੇ ਸਥਾਨ ਤੇ ਰਿਹਾ, ਗੋਲਾ ਸੁੱਟਣ ਕੁੜੀਆਂ ਦੇ ਮੁਕਾਬਲੇ ਵਿੱਚ ਕਾਜਲ ਪਹਿਲੇ ਸਥਾਨ ਤੇ ਗੁਰਲੀਨ ਕੌਰ ਅਗੰਮਪੁਰ ਦੂਸਰੇ ਜਦ ਕੇ ਗੁਰਸੀਰਤ ਕੌਰ ਗੰਭੀਰਪੁਰ ਅੱਪਰ ਤੀਸਰੇ ਸਥਾਨ ਤੇ ਰਹੀ।

ਇਸ ਮੌਕੇ ਕਮਲਜੀਤ ਕੌਰ, ਸੁਨੀਤਾ ਧਿਮਾਨ, ਨੀਲਮ ਪਾਮਾ, ਬਲਜਿੰਦਰ ਸਿੰਘ ਢਿੱਲੋਂ, ਕੁਲਦੀਪ ਸਿੰਘ ਪਰਮਾਰ, ਪਰਮਜੀਤ ਕੁਮਾਰ ਸੁਰਿੰਦਰ ਕਾਲੀਆ, ਜਸਕ ?ਰਨ ਸਿੰਘ, ਜਸਬੀਰ ਕੌਰ, ਜੋਗਾ ਸਿੰਘ ਅੰਮ੍ਰਿਤਪਾਲ ਸਿੰਘ, ਗੁਰਚਰਨ ਸਿੰਘ, ਅਵਤਾਰ ਸਿੰਘ ਭੱਠਲ, ਮਦਨ ਲਾਲ, ਬਲਵਿੰਦਰ ਕੁਮਾਰ, ਸੰਦੀਪ ਜੋਸ਼ੀ, ਪਵਨ ਕੁਮਾਰ, ਸੁਰਜੀਤ ਰਾਣਾ, ਮੀਹਮਲ ਸਿੰਘ, ਸੁਸ਼ੀਲ ਧੀਮਾਨ, ਜਸਬੀਰ ਸਿੰਘ, ਅਮਨਪ੍ਰੀਤ ਕੌਰ, ਸੀਮਾ ਰਾਣੀ, ਹਰਪ੍ਰੀਤ ਸਿੰਘ, ਅੰਜੂ ਸੋਨੀ, ਜਗਪਾਲ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਹਾਜ਼ਰ ਸਨ।

# ਪੈਨਸ਼ਨ ਤੇ ਫੈਮਿਲੀ ਪੈਨਸ਼ਨ ਦੇ ਕੇਸਾਂ ਦਾ ਨਿਪਟਾਰਾ ਪਹਿਲ ਦੇ ਆਧਾਰ ਤੇ ਕੀਤਾ ਜਾਵੇ : ਰਮਨਜੀਤ



ਬਠਿੰਡਾ, 2 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੂਬਾ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਅਤੇ ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੁੱਖ ਮੰਤਰੀ ਖੇਤਰੀ ਅਫ਼ਸਰ ਸ਼੍ਰੀ ਰਮਨਜੀਤ ਪੀ.ਸੀ.ਐਸ ਦੀ ਅਗਵਾਈ ਹੇਠ ਜ਼ਿਲਾ ਬਠਿੰਡਾ ਅੰਦਰ ਪੈਨਸ਼ਨ ਅਦਾਲਤ ਲਗਾਈ ਗਈ।

ਇਸ ਮੌਕੇ ਪੈਨਸ਼ਨਰਾਂ ਵੱਲੋਂ ਪੈਨਸ਼ਨ ਆਦਿ ਨੂੰ ਲੈਕੇ ਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਸਬੰਧਤ ਨੂੰ ਜਾਣੂੰ ਕਰਵਾਇਆ ਗਿਆ।

ਉਨਾ ਕਿਹਾ ਕਿ ਪੈਨਸ਼ਨ ਕੇਸ਼ਾਂ ਸਬੰਧੀ ਪਾਈਆਂ ਜਾਣ ਵਾਲੀਆਂ ਤਰੁੱਟੀਆਂ ਨੂੰ ਸਮੇਂ-ਸਿਰ ਹੱਲ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਪੈਨਸ਼ਨ ਅਦਾਲਤ ਮੌਕੇ ਤਕਰੀਬਨ 50 ਅਰਜ਼ੀਆਂ ਪ੍ਰਾਪਤ ਹੋਈਆਂ, ਜਿਨਾਂ ਵਿੱਚੋਂ ਜ਼ਿਆਦਾ ਦਾ ਮੌਕੇ ਤੇ ਨਿਪਟਾਰਾ ਕੀਤਾ ਗਿਆ ਅਤੇ ਬਾਕੀ ਦੀਆਂ ਅਰਜ਼ੀਆਂ ਸਬੰਧਤ ਵਿਭਾਗਾਂ ਨੂੰ ਲੋੜੀਂਦੀ ਕਾਰਵਾਈ ਕਰਨ ਲਈ ਨਿਰਦੇਸ਼ ਦਿੱਤੇ ਗਏ।

ਇਸ ਤੋਂ ਇਲਾਵਾ ਵੱਖ-ਵੱਖ ਮੁੱਦਿਆਂ ਨਾਲ ਸਬੰਧਤ ਵਰਕਸ਼ਾਪ ਦਾ ਆਯੋਜਿਨ ਵੀ ਕੀਤਾ ਗਿਆ ਤਾਂ ਜੋ ਪੈਨਸ਼ਨ ਨਾਲ ਸਬੰਧਤ ਕਾਰਵਾਈ ਕਰਦਿਆਂ ਕੋਈ ਤਰੁਟੀ ਨਾ ਰਹਿ ਸਕੇ।

ਇਸ ਮੌਕੇ ਏ.ਜੀ.ਪੰਜਾਬ ਤੋਂ ਸੀਨੀਅਰ ਅਕਾਊਂਟ ਅਫ਼ਸਰ ਸ਼੍ਰੀ ਸੁਮਿਤ, ਅੰਚਲ ਕੁਮਾਰ ਸੀਨੀਅਰ ਅਕਾਊਂਟੈਂਟ ਅਫ਼ਸਰ, ਸ਼੍ਰੀ ਸੰਜੀਵ ਸਹਾਇਕ ਅਕਾਊਂਟ ਅਫ਼ਸਰ, ਸ਼੍ਰੀ ਸੁਮਿਤ ਪੰਚਲ ਸਹਾਇਕ ਅਕਾਊਂਟ ਅਫ਼ਸਰ, ਅਕਾਊਂਟੈਂਟ ਸ਼੍ਰੀ ਅਰੁਣ ਖੋਲਾ, ਸ਼੍ਰੀ ਅਸ਼ੋਕ ਕੁਮਾਰ ਅਕਾਊਂਟੈਂਟ, ਜ਼ਿਲ੍ਹਾ ਖਜ਼ਾਨਾ ਅਫ਼ਸਰ ਸ੍ਰੀ ਨਰੇਜ ਕੁਮਾਰ ਪਸਰੀਜਾ, ਖਜ਼ਾਨਾ ਦਫ਼ਤਰ ਤੋਂ ਕਿਸ਼ੋਰ ਕੁਮਾਰ, ਪ੍ਰਦੀਪ ਕੁਮਾਰ ਤੋਂ ਇਲਾਵਾ ਵੱਖ-ਵੱਖ ਬੈਂਕਾਂ, ਵਿਭਾਗਾਂ ਦੇ ਨੁਮਾਇੰਦੇ, ਪੈਨਸ਼ਨਰਜ਼ ਯੂਨੀਅਨ ਦੇ ਨੁਮਾਇੰਦੇ ਅਤੇ ਪੈਨਸ਼ਨਰਜ਼ ਆਦਿ ਹਾਜ਼ਰ ਸਨ।

# ਵਾਰਡਬੰਦੀ ਵਿਚ ਆਪਣਾ ਵੱਧ ਤੋ ਵੱਧ ਯੋਗਦਾਨ ਦੇਣਾ ਯਕੀਨੀ ਬਣਾਉਣ ਸ਼ਹਿਰ ਵਾਸੀ - ਕਮਿਸ਼ਨਰ

ਹੁਸ਼ਿਆਰਪੁਰ, 2 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਕਮਿਸ਼ਨਰ, ਨਗਰ ਨਿਗਮ ਹੁਸਿਆਰਪੁਰ ਜਯੋਤੀ ਬਾਲਾ ਮੱਟੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਸ਼ਹਿਰ ਦੀ ਵਾਰਡਬੰਦੀ ਲਈ ਸ਼ਹਿਰ ਵਿਚ ਵੱਖ-ਵੱਖ ਟੀਮਾਂ ਲਗਾਇਆਂ ਗਈਆਂ ਹਨ, ਜਿਹੜੀਆਂ ਘਰ-ਘਰ ਜਾ ਕੇ ਸਹਿਰ ਵਾਸੀਆਂ ਦੀ ਜਨਗਣਨਾ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸ਼ਹਿਰ ਵਾਸੀ ਕਿਸੇ ਕਾਰਨ ਆਪਣੇ ਘਰ ਦੇ ਮੈਂਬਰਾਂ ਦੀ ਗਿਣਤੀ ਉਕਤ ਟੀਮਾਂ ਨੂੰ ਦਰਜ ਨਹੀਂ ਕਰਵਾ ਸਕਿਆ, ਤਾਂ ਉਹ ਨਗਰ ਨਿਗਮ ਹੁਸ਼ਿਆਰਪੁਰ ਦੇ ਕਮਰਾ ਨੰਬਰ 5 ਵਿਖੇ ਸੁਪਰਡੈਂਟ ਕੁਲਵਿੰਦਰ ਸਿੰਘ ਨੂੰ ਮਿਲ ਕੇ ਆਪਣੇ ਘਰ ਦੇ ਵਿਅਕਤੀਆਂ ਦੀ ਗਿਣਤੀ ਦਰਜ ਕਰਵਾ ਸਕਦਾ ਹੈ। ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵਾਰਡਬੰਦੀ ਵਿਚ ਆਪਣਾ ਵੱਧ ਤੋ ਵੱਧ ਯੋਗਦਾਨ ਦੇਣਾ ਯਕੀਨੀ ਬਣਾਉਣ।

# ਲਾਲ ਸਿੰਘ ਨਗਰ ਵਿੱਚ ਸੜਕਾਂ ਦਾ ਕਾਇਆਕਲਪ, ਮੇਅਰ ਪਦਮਜੀਤ ਸਿੰਘ ਮਹਿਤਾ ਨੇ ਪ੍ਰੀਮਿਕਸ ਕੰਮ ਦਾ ਕੀਤਾ ਸ਼ੁਭ ਆਰੰਭ

ਬਠਿੰਡਾ, 2 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕੌਂਸਲਰ ਸ਼੍ਰੀ ਆਤਮਾ ਸਿੰਘ ਦੇ ਵਾਰਡ ਨੰਬਰ 40 ਦੇ ਵਿੱਚ ਸਥਿਤ ਲਾਲ ਸਿੰਘ ਨਗਰ ਵਿੱਚ ਲਗਭਗ 24 ਲੱਖ ਰੁਪਏ ਦੀ ਲਾਗਤ ਨਾਲ ਪ੍ਰੀਮਿਕਸ ਪਾਉਣ ਦੇ ਕੰਮ ਦਾ ਸ਼ੁਭ ਆਰੰਭ ਕੀਤਾ। ਇਸ ਦੌਰਾਨ ਕੌਂਸਲਰ ਸ਼੍ਰੀ ਆਤਮਾ ਸਿੰਘ, ਸ਼੍ਰੀ ਸੂਰਜਮਲ, ਸ਼੍ਰੀ ਗੁਰਤੇਜ ਸਿੰਘ ਸਰਾਂ, ਸ਼੍ਰੀ ਭਗਵਾਨ ਸਿੰਘ, ਕੈਪਟਨ ਗੁਰੂਦੱਤ ਸਿੰਘ, ਸ਼੍ਰੀ ਸੋਹਣ ਸਿੰਘ, ਸ਼੍ਰੀ ਜਗਤਾਰ ਸਿੰਘ ਸੋਹਲ, ਸ਼੍ਰੀ ਰਾਜਵੀਰ ਸਿੰਘ ਢਿੱਲੋਂ ਅਤੇ ਇਲਾਕਾ ਨਿਵਾਸੀ ਮੌਜੂਦ ਸਨ।

ਇਸ ਮੌਕੇ ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਕਿਹਾ ਕਿ ਬਠਿੰਡਾ ਸ਼ਹਿਰ ਦੇ ਹਰੇਕ ਵਾਰਡ ਵਿੱਚ ਸਮਾਨਤਾ ਨਾਲ ਵਿਕਾਸ ਕਾਰਜ ਕੀਤੇ ਜਾ ਰਹੇ ਹਨ, ਤਾਂ ਜੋ ਲੋਕਾਂ ਲਈ ਬਿਹਤਰ ਸਹੂਲਤਾਂ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਸੜਕ ਨਿਰਮਾਣ ਦੇ ਕੰਮ ਵਿੱਚ ਕੋਈ ਕਮੀ ਨਜ਼ਰ ਆਉਂਦੀ ਹੈ, ਤਾਂ ਉਹ ਤੁਰੰਤ ਉਨ੍ਹਾਂ ਨੂੰ ਜਾਂ ਕੌਂਸਲਰ ਸ਼੍ਰੀ ਆਤਮਾ ਸਿੰਘ ਨੂੰ ਸੂਚਿਤ ਕਰਨ, ਤਾਂ ਜੋ ਸਮੇਂ ਸਿਰ ਸੁਧਾਰ ਕੀਤਾ ਜਾ ਸਕੇ।

ਉਨ੍ਹਾਂ ਮੌਕੇ ’ਤੇ ਮੌਜੂਦ ਅਧਿਕਾਰੀਆਂ ਅਤੇ ਠੇਕੇਦਾਰਾਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਕਿ ਸੜਕ ਨਿਰਮਾਣ ਦੇ ਕੰਮ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਮੇਅਰ ਸ੍ਰੀ ਮਹਿਤਾ ਨੇ ਕਿਹਾ ਕਿ ਨਗਰ ਨਿਗਮ ਦਾ ਟੀਚਾ ਬਠਿੰਡਾ ਦੀਆਂ ਸੜਕਾਂ ਨੂੰ ਬਿਹਤਰ ਅਤੇ ਮਜ਼ਬੂਤ ਬਣਾਉਣਾ ਹੈ, ਤਾਂ ਜੋ ਨਾਗਰਿਕਾਂ ਨੂੰ ਆਉਣ-ਜਾਣ ਵਿੱਚ ਕੋਈ ਮੁਸ਼ਕਲ ਨਾ ਆਵੇ।

# ਹੁਸ਼ਿਆਰਪੁਰ ਨੂੰ ਨੈੱਟ-ਜ਼ੀਰੋ ਅਤੇ ਕਲਾਈਮੇਟ ਰੇਜ਼ੀਲੀਅੰਟ ਸਿਟੀ ਬਣਾਉਣ ਵੱਲ ਵੱਡਾ ਕਦਮ

ਹੁਸ਼ਿਆਰਪੁਰ, 2 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਜਿਲ੍ਹਾ ਪ੍ਰਸ਼ਾਸਨ ਹੁਸ਼ਿਆਰਪੁਰ ਵੱਲੋਂ ਅੱਜ ਇੱਕ ਮਹੱਤਵਪੂਰਣ ਵਾਤਾਵਰਣੀਕ ਪਹਿਲ ਕਰਦਿਆਂ ਬੈਂਗਲੁਰੂ ਦੀ ਪ੍ਰਸਿੱਧ ਗੈਰ-ਮੁਨਾਫਾ ਸੰਗਠਨ ਸੈਂਟਰ ਫੋਰ ਸਟਡੀ ਆਫ ਸਾਇੰਸ, ਟੈਕਨਾਲੋਜੀ ਐਂਡ ਪਾਲਸੀ (ਸੀਐਸਟੀਈਪੀ) ਨਾਲ ਐਮਓਯੂ ਸਾਈਨ ਕੀਤਾ ਗਿਆ।

ਇਸ ਸਮਝੌਤੇ ਦਾ ਮਕਸਦ ਹੁਸ਼ਿਆਰਪੁਰ ਨੂੰ ਇੱਕ ਨੈੱਟ-ਜ਼ੀਰੋ ਅਤੇ ਕਲਾਈਮੇਟ ਰੇਜ਼ੀਲੀਅੰਟ ਸਿਟੀ ਵਜੋਂ ਵਿਕਸਤ ਕਰਨ ਲਈ ਵਿਸਤ੍ਰਿਤ ਰੋਡਮੈਪ ਤਿਆਰ ਕਰਨਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਇਹ ਭਾਗੀਦਾਰੀ ਜਿਲ੍ਹੇ ਦੇ ਸਥਾਈ ਵਿਕਾਸ ਵੱਲ ਇਕ ਇਤਿਹਾਸਕ ਕਦਮ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਹੇਠ ਸੀਐਸਟੀਈਪੀ ਸੰਗਠਨ ਹੁਸ਼ਿਆਰਪੁਰ ਲਈ ਇੱਕ ਸੰਪੂਰਨ ਕਲਾਈਮੇਟ ਐਕਸ਼ਨ ਯੋਜਨਾ ਤਿਆਰ ਕਰੇਗਾ, ਜਿਸ ਵਿੱਚ ਡਿਜੀਟਲ ਸਰਵੇਅ ਅਤੇ ਸੋਲਰ ਰੂਫ਼ਟਾਪ ਸਮਰਥਾ ਮੈਪਿੰਗ ਵੀ ਸ਼ਾਮਲ ਹੈ।

ਇਸ ਸਰਵੇਅ ਰਾਹੀਂ ਸ਼ਹਿਰ ਦੀਆਂ ਇਮਾਰਤਾਂ ’ਤੇ ਸੂਰਜੀ ਉਰਜਾ ਉਤਪਾਦਨ ਦੀ ਸੰਭਾਵਨਾ ਦਾ ਵਿਗਿਆਨਕ ਮੁਲਾਂਕਣ ਕੀਤਾ ਜਾਵੇਗਾ, ਜਿਸ ਨਾਲ ਭਵਿੱਖ ’ਚ ਸੂਰਜੀ ਉਰਜਾ ਦੇ ਉਪਯੋਗ ਨੂੰ ਪ੍ਰੋਤਸਾਹਨ ਮਿਲੇਗਾ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਜਿਲ੍ਹਾ ਪ੍ਰਸ਼ਾਸਨ ਦਾ ਟੀਚਾ ਆਉਣ ਵਾਲੇ ਸਾਲਾਂ ਵਿੱਚ ਹੁਸ਼ਿਆਰਪੁਰ ਨੂੰ ਪੰਜਾਬ ਦਾ ਪਹਿਲਾ ਕਲਾਈਮੇਟ ਰੇਜ਼ੀਲੀਅੰਟ ਮਾਡਲ ਜਿਲ੍ਹਾ ਬਣਾਉਣ ਦਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨਾਲ ਉਰਜਾ ਦੱਖਤਾ ਵਧੇਗੀ, ਕਾਰਬਨ ਉਤਸਰਜਨ ਵਿੱਚ ਕਮੀ ਆਵੇਗੀ ਅਤੇ ਵਾਤਾਵਰਣ ਸੁਰੱਖਿਆ ਨੂੰ ਨਵੀਂ ਦਿਸ਼ਾ ਮਿਲੇਗੀ।

ਆਸ਼ਿਕਾ ਜੈਨ ਨੇ ਕਿਹਾ ਕਿ ਇਹ ਪਹਿਲ ਨਾ ਸਿਰਫ ਮੌਸਮੀ ਤਬਦੀਲੀ ਨਾਲ ਨਿਪਟਣ ਵਿੱਚ ਸਹਾਇਕ ਹੋਵੇਗੀ, ਸਗੋਂ ਹੁਸ਼ਿਆਰਪੁਰ ਦੇ ਨਾਗਰਿਕਾਂ ਨੂੰ ਸਾਫ, ਹਰੇ-ਭਰੇ ਅਤੇ ਸਥਾਈ ਜੀਵਨਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰੇਗੀ।

ਇਸ ਮੌਕੇ ਸਹਾਇਕ ਕਮਿਸ਼ਨਰ ਓਇਸ਼ੀ ਮੰਡਲ ਵੀ ਮੌਜੂਦ ਸਨ। ਉਨ੍ਹਾਂ ਜਿਲ੍ਹਾ ਪ੍ਰਸ਼ਾਸਨ ਦੀ ਇਸ ਪਹਿਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੀਆਂ ਯੋਜਨਾਵਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਦੀ ਸੁਰੱਖਿਆ ਯਕੀਨੀ ਕਰਨਗੀਆਂ। ਇਸ ਮੌਕੇ ਸੀਐਸਟੀਈਪੀ ਵਲੋਂ ਸਪਤਕ ਘੋਸ਼ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਦੀ ਚੁਕਾਈ ਸਹੁੰ




ਹੁਸ਼ਿਆਰਪੁਰ, 2 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਵਿਜੀਲੈਂਸ ਬਿਊਰੋ, ਯੂਨਿਟ ਹੁਸ਼ਿਆਰਪੁਰ ਵੱਲੋਂ ਮਨਾਏ ਜਾ ਰਹੇ ਵਿਜੀਲੈਂਸ ਜਾਗਰੂਕਤਾ ਸਪਤਾਹ ਤਹਿਤ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡੀ.ਐਸ.ਪੀ ਵਿਜੀਲੈਂਸ ਮਨਦੀਪ ਸਿੰਘ ਸੇਖੋ ਵੱਲੋਂ ਸਰਕਾਰੀ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਲਈ ਸਹੁੰ ਚੁਕਾਈ ਗਈ। ਇਸ ਮੌਕੇ ਵਿਜੀਲੈਂਸ ਵਿਭਾਗ ਦੇ ਕਰਮਚਾਰੀਆਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਭਾਗ ਲਿਆ।

ਡੀ.ਐਸ.ਪੀ ਮਨਦੀਪ ਸਿੰਘ ਸੇਖੋ ਨੇ ਇਸ ਮੌਕੇ ਸਾਰਿਆ ਨੂੰ ਭ੍ਰਿਸ਼ਟਾਚਾਰ ਦੇ ਵਿਰੁੱਧ ਜਾਗਰੂਕ ਰਹਿਣ ਅਤੇ ਇਸਦੇ ਖ਼ਾਤਮੇ ਲਈ ਚੌਕਸੀ ‘ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਵਿਰੁੱਧ ਚੌਕਸੀ : ਸਾਡੀ ਸਾਂਝੀ ਜ਼ਿੰਮੇਵਾਰੀ’ ਥੀਮ ਤਹਿਤ 2 ਨਵੰਬਰ ਤੱਕ ਮਨਾਏ ਜਾ ਰਹੇ ਵਿਜੀਲੈਂਸ ਜਾਗਰੂਕਤਾ ਸਪਤਾਹ ਦੌਰਾਨ ਜ਼ਿਲ੍ਹੇ ਭਰ ਵਿਚ ਵੱਖ-ਵੱਖ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਇਸ ਦੌਰਾਨ ਭ੍ਰਿਸ਼ਟਾਚਾਰ ਵਿਰੁੱਧ ਸਾਰਿਆਂ ਨੂੰ ਇਕਜੁੱਟ ਹੋ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਹਾਜ਼ਰ ਅਧਿਕਾਰੀਆਂ/ਕਰਮਚਾਰੀਆਂ ਨੂੰ ਆਪਣੀ ਡਿਊਟੀ ਇਮਾਨਦਾਰੀ ‘ਤੇ ਮਿਹਨਤ ਨਾਲ ਨਿਭਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਏ.ਟੀ.ਓ ਸੰਦੀਪ ਭਾਰਤੀ, ਵਿਜੀਲੈਂਸ ਇੰਸਪੈਕਟਰ ਸਾਕਸ਼ੀ ਸ਼ਰਮਾ ਤੋਂ ਇਲਾਵਾ ਪੁਲਿਸ, ਸੀ.ਆਈ.ਡੀ, ਡੀ.ਸੀ ਦਫ਼ਤਰ ਅਤੇ ਹੋਰਨਾਂ ਵਿਭਾਗਾਂ ਦੇ ਕਰਮਚਾਰੀ ਹਾਜ਼ਰ ਸਨ।

# ਬਿਜਲੀ ਨਿਗਮ ਦੀਆਂ ਜਾਇਦਾਦਾਂ ਦੀ ਵਿਕਰੀ ਅਤੇ ਬਿਜਲੀ ਬਿੱਲ 2025 ਦੇ ਵਿਰੋਧ ‘ਚ ਬਿਜਲੀ ਮੁਲਾਜ਼ਮਾਂ ਵੱਲੋਂ ਜੋਨ ਪੱਧਰੀ ਰੋਸ ਧਰਨਾ




ਲੁਧਿਆਣਾ, 2 ਨਵੰਬਰ
-ਕੁਲਦੀਪ ਦੁੱਗਰੀ-
-ਕੌਮੀ ਪੱਤ੍ਰਿਕਾ ਬਿਊਰੋ-

ਬਿਜਲੀ ਨਿਗਮ ਦੀਆਂ 10 ਕੀਮਤੀ ਜਾਇਦਾਦਾਂ ਨੂੰ ਵੇਚਣ ਅਤੇ ਬਿਜਲੀ ਬਿੱਲ 2025 ਨੂੰ ਲਾਗੂ ਕਰਨ ਦੇ ਵਿਰੋਧ ਵਿੱਚ ਅੱਜ ਬਿਜਲੀ ਮੁਲਾਜ਼ਮ ਜਥੇਬੰਦੀਆਂ ਵੱਲੋਂ ਮੁੱਖ ਚੀਫ ਇੰਜਨੀਅਰ ਦਫ਼ਤਰ ਲੁਧਿਆਣਾ ਦੇ ਬਾਹਰ ਜੋਨ ਪੱਧਰੀ ਰੋਸ ਧਰਨਾ ਦਿੱਤਾ ਗਿਆ।

ਸੰਯੁਕਤ ਆਗੂਆਂ ਨੇ ਦੱਸਿਆ ਕਿ ਇਹ ਸੰਘਰਸ਼ ਬਿਜਲੀ ਮੁਲਾਜ਼ਮਾਂ, ਕਿਸਾਨਾਂ ਅਤੇ ਹੋਰ ਸਮਾਜਿਕ ਸੰਗਠਨਾਂ ਦੀ ਸਾਂਝੀ ਲੜਾਈ ਹੈ।

ਉਨ੍ਹਾਂ ਐਲਾਨ ਕੀਤਾ ਕਿ 2 ਨਵੰਬਰ ਨੂੰ ਬਿਜਲੀ ਮੰਤਰੀ ਦੀ ਲੁਧਿਆਣਾ ਸਥਿਤ ਰਿਹਾਇਸ਼ ਦੇ ਬਾਹਰ ਸੂਬਾ ਪੱਧਰੀ ਰੋਸ ਮਾਰਚ ਕੀਤਾ ਜਾਵੇਗਾ, ਜਿਸ ਨੂੰ ਸਫਲ ਬਣਾਉਣ ਲਈ ਤਿਆਰੀਆਂ ਜ਼ੋਰਾਂ ‘ਤੇ ਹਨ।

ਆਗੂਆਂ ਨੇ ਕਿਹਾ ਕਿ ਕਿਸਾਨ, ਸਮਾਜਿਕ ਅਤੇ ਵਿਦਿਆਰਥੀ ਸੰਗਠਨਾਂ ਵੱਲੋਂ ਪੂਰਾ ਸਮਰਥਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਰਕਾਰੀ ਜਾਇਦਾਦਾਂ ਦੀ ਵਿਕਰੀ ਅਤੇ ਲੋਕ ਮਾਰੂ ਬਿਜਲੀ ਬਿੱਲ 2025 ਦੇ ਵਿਰੋਧ ਵਿੱਚ ਮੁਲਾਜ਼ਮਾਂ ਨਾਲ ਮਿਲ ਕੇ ਅਵਾਜ਼ ਬੁਲੰਦ ਕਰਨ।

ਧਰਨੇ ਵਿੱਚ ਜੁਆਇੰਟ ਫੋਰਮ, ਬਿਜਲੀ ਏਕਤਾ ਮੰਚ, ਏਓਜੇਈ, ਗਰਿੱਡ ਯੂਨੀਅਨ, ਪੈਨਸ਼ਨਰ ਯੂਨੀਅਨ ਅਤੇ ਹੋਰ ਜਥੇਬੰਦੀਆਂ ਦੇ ਆਗੂ ਜਿਵੇਂ ਰਸ਼ਪਾਲ ਸਿੰਘ ਪਾਲੀ, ਰਘਵੀਰ ਸਿੰਘ ਰਾਮਗੜ੍ਹ, ਕਰਤਾਰ ਸਿੰਘ, ਜਗਤਾਰ ਸਿੰਘ, ਬਲਵਿੰਦਰ ਸਿੰਘ ਬਾਜਵਾ ਤੇ ਹੋਰ ਕਈ ਹਾਜ਼ਰ ਸਨ।

# ਕੁਰੂਕਸ਼ੇਤਰ ’ਵਰਸਿਟੀ ’ਚ ਰਤਨਾਵਲੀ ਉਤਸਵ ਦਾ ਉਦਘਾਟਨ



ਸ਼ਾਹਬਾਦ ਮਾਰਕੰਡਾ, 2 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਵਿੱਚ ਚਾਰ ਰੋਜ਼ਾ ਸੂਬਾ ਪੱਧਰੀ ਰਤਨਾਵਲੀ ਉਤਸਵ ਦਾ ਉਦਘਾਟਨ ਕੀਤਾ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਅਜਿਹੇ ਮੇਲੇ ਵਿਦਿਆਰਥੀਆਂ ਦੀ ਪ੍ਰਤਿਭਾ ਨਿਖਾਰਨ ਵਿੱਚ ਮਦਦ ਕਰਦੇ ਹਨ। ਇਸ ਮੌਕੇ ਉਨ੍ਹਾਂ ਹਰਿਆਣਵੀ ਭਾਸ਼ਾ ਵਿੱਚ ਨਿਊਜ਼ ਲੈਟਰ ਵੀ ਜਾਰੀ ਕੀਤਾ। ਰਤਨਾਵਲੀ ਉਤਸਵ ਵਿੱਚ ਦਸਤਕਾਰੀ ਮੇਲਾ ਖਿੱਚ ਦਾ ਕੇਂਦਰ ਰਿਹਾ। ਮੇਲੇ ਦਾ ਨਿਰੀਖਣ ਕਰਦੇ ਹੋਏ ਉਨ੍ਹਾਂ ਕਿਹਾ ਕਿ ਦਸਤਕਾਰੀ ਮੇਲੇ ਵਿਚ ਸਵੈ ਨਿਰਭਰ ਭਾਰਤ ਦੀ ਝਲਕ ਦਿਖਾਈ ਦਿੰਦੀ ਹੈ। ਦੇਸ਼ ਦੇ ਪ੍ਰਧਾਨ ਮੰਤਰੀ ਦੇ ਵਿਕਸਤ ਭਾਰਤ ਦੇ ਸੁਫ਼ਨੇ ਨੂੰ ਸਾਕਾਰ ਕਰਨ ਲਈ ਇਹ ਯੂਨੀਵਰਸਿਟੀ ਦੀ ਸਾਰਥਕ ਪਹਿਲ ਹੈ ਜਿਸ ਵਿੱਚ ਨੌਜਵਾਨਾਂ ਨੂੰ ਆਪਣੇ ਹੱਥੀਂ ਤਿਆਰ ਕੀਤੇ ਉਤਪਾਦਾਂ ਨੂੰ ਪ੍ਰਦਸ਼ਿਤ ਕਰਨ ਦਾ ਮੌਕਾ ਦਿੱਤਾ ਗਿਆ ਹੈ। ਇਸ ਮੌਕੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਹਰਿਆਣਵੀ ਨਿਊਜ਼ ਲੈਟਰ ਜਾਰੀ ਕੀਤਾ। ਇਹ ਲੈਟਰ ਹਰਿਆਣਵੀ ਭਾਸ਼ਾ ਨੂੰ ਪ੍ਰਫੁੱਲਤ ਕਰਨ ਲਈ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਸੋਮਨਾਥ ਸਚਦੇਵਾ ਦੀ ਅਗਵਾਈ ਹੇਠ ਇੰਸਟੀਚਿਊਟ ਆਫ਼ ਮਾਸ ਕਮਿਊਨਿਕੇਸ਼ਨ ਐਂਡ ਮੀਡੀਆ ਟੈਕਨਾਲੋਜੀ ਵਜੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਮੌਕੇ ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਅਰਵਿੰਦ ਸ਼ਰਮਾ, ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ, ਵਾਈਸ ਚਾਂਸਲਰ ਸੋਮ ਨਾਥ ਸਚਦੇਵਾ, ਰਜਿਸਟਰਾਰ ਵਰਿੰਦਰ ਪਾਲ, ਇੰਸਟੀਚਿਊਟ ਦੇ ਡਾਇਰੈਕਟਰ ਮਹਾਂ ਸਿੰਘ ਪੂਨੀਆ ਆਦਿ ਮੌਜੂਦ ਸਨ। ਮੁੱਖ ਮੰਤਰੀ ਨੇ ਵਾਈਸ ਚਾਂਸਲਰ ਨੂੰ ਹਰਿਆਣਵੀ ਬੋਲੀ ਵਿੱਚ ਨਿਊਜ਼ ਲੈਟਰ ਪ੍ਰਕਾਸ਼ਿਤ ਕਰਨ ’ਤੇ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਨਿਊਜ਼ ਲੈਟਰ ਹਰਿਆਣਵੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਵਿੱਚ ਇਕ ਕ੍ਰਾਂਤੀਕਾਰੀ ਸ਼ੁਰੂਆਤ ਹੈ। ਵਾਈਸ ਚਾਂਸਲਰ ਨੇ ਕਿਹਾ ਕਿ ਉਨ੍ਹਾਂ ਦਾ ਉਦੇਸ਼ ਸਿਰਫ ਇਕ ਨਿਊਜ਼ ਲੈਟਰ ਲਾਂਚ ਕਰਨਾ ਨਹੀਂ ਹੈ ਸਗੋਂ ਹਰਿਆਣਵੀ ਭਾਸ਼ਾ ਦਾ ਪ੍ਰਚਾਰ ਕਰਨਾ ਹੈ। ਇਹ ਭਵਿੱਖ ਵਿਚ ਹਰਿਆਣਵੀ ਨਿਊਜ਼ ਲੈਟਰ ਪੱਤਰਕਾਰੀ ਲਈ ਇਕ ਮਹੱਤਵਪੂਰਨ ਨੀਂਹ ਸਾਬਤ ਹੋਵੇਗਾ।

# ਕੂੜੇ ਦੇ ਢੇਰ ਕਾਰਨ ਲੋਕ ਪ੍ਰੇਸ਼ਾਨ

ਰਤੀਆ, 2 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਇੱਥੋਂ ਦੇ ਅਗਰਸੈਨ ਚੌਕ ਦੇ ਵਸਨੀਕ ਸਫਾਈ ਦੀ ਘਾਟ ਅਤੇ ਕਈ ਦਿਨਾਂ ਤੋਂ ਲੱਗੇ ਹੋਏ ਕੂੜੇ ਦੇ ਢੇਰਾਂ ’ਤੇ ਗੁੱਸਾ ਜ਼ਾਹਰ ਕਰ ਰਹੇ ਹਨ। ਇਸ ਸਬੰਧੀ ਲੋਕਾਂ ਨੇ ਮੰਤਰੀ ਵਿਪੁਲ ਗੋਇਲ ਤੋਂ ਢੁਕਵੀਂ ਕਾਰਵਾਈ ਕਰਨ ਦੀ ਮੰਗ ਕੀਤੀ ਹੈ।

ਅਗਰਸੈਨ ਸਮਾਜ ਦੇ ਜ਼ਿਲ੍ਹਾ ਪ੍ਰਧਾਨ ਮੋਹਿਤ ਗਰਗ ਅਤੇ ਰਤੀਆ ਦੇ ਨਗਰ ਨਿਗਮ ਦੇ ਮੁਖੀ ਲਵਕੇਸ਼ ਮਿੱਤਲ ਨੇ ਨਗਰ ਨਿਗਮ ਮੰਤਰੀ ਵਿਪੁਲ ਗੋਇਲ ਨੂੰ ਸ਼ਿਕਾਇਤ ਭੇਜੀ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਰਤੀਆ ਦੇ ਮੰਡੀ ਰੋਡ ’ਤੇ ਸਥਿਤ ਅਗਰਸੈਨ ਚੌਕ ਨੇੜੇ ਕਈ ਦਿਨਾਂ ਕੂੜੇ ਦੇ ਢੇਰ ਲੱਗੇ ਹੋਏ ਹਨ। ਨਗਰ ਨਿਗਮ ਵੱਲੋਂ ਇਸ ਕੂੜੇ ਨੂੰ ਇੱਥੋਂ ਨਹੀਂ ਚੁੱਕਿਆ ਜਾ ਰਿਹਾ।

ਜਦੋਂ ਲੋਕ ਅੱਜ ਅਗਰਸੇਨ ਜੈਅੰਤੀ ਮੌਕੇ ਅਗਰਸੈਨ ਚੌਕ ਪਹੁੰਚੇ ਤਾਂ ਉਨ੍ਹਾਂ ਨੇ ਇਸ ਦੇ ਆਲੇ-ਦੁਆਲੇ ਕੂੜੇ ਦੇ ਢੇਰ ਦੇਖੇ। ਹਾਲਾਂਕਿ, ਉਹ ਨਗਰ ਨਿਗਮ ਵੱਲੋਂ ਕਈ ਦਿਨਾਂ ਤੋਂ ਕੂੜਾ ਇਕੱਠਾ ਨਾ ਕਰਨ ’ਤੇ ਨਾਰਾਜ਼ ਸਨ। ਲੋਕਾਂ ਨੇ ਮੰਤਰੀ ਤੋਂ ਚੌਕ ਦੇ ਆਲੇ-ਦੁਆਲੇ ਸਹੀ ਸਫਾਈ ਬਹਾਲ ਕਰਨ ਦੀ ਮੰਗ ਕੀਤੀ ਹੈ।

ਜਦੋਂ ਇਸ ਬਾਰੇ ਨਗਰ ਨਿਗਮ ਦੇ ਸੈਨੀਟੇਸ਼ਨ ਇੰਸਪੈਕਟਰ ਨਾਲ ਸੰਪਰਕ ਕੀਤਾ ਗਿਆ, ਤਾਂ ਉਨ੍ਹਾਂ ਦੱਸਿਆ ਕਿ ਗੱਡੀ ਖਰਾਬ ਹੋ ਗਈ ਸੀ, ਜਿਸ ਕਾਰਨ ਕੁਝ ਕੂੜਾ ਇੱਥੇ ਪਿਆ ਰਹਿ ਗਿਆ ਸੀ।

ਛੁੱਟੀ ਹੋਣ ਕਾਰਨ ਅੱਜ ਕੂੜਾ ਇਕੱਠਾ ਕਰਨ ਦਾ ਕੰਮ ਉਪਲਬਧ ਨਹੀਂ ਸੀ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਕੂੜਾ ਇਕੱਠਾ ਕਰਨ ਦਾ ਕੰਮ ਜਲਦੀ ਹੀ ਪੂਰਾ ਹੋ ਜਾਵੇਗਾ।

# ਪਾਰਾ ਡਿੱਗਣ ਮਗਰੋਂ ਸਵੇਰ-ਸ਼ਾਮ ਠੰਢ ਨੇ ਜ਼ੋਰ ਫੜਿਆ

ਲੁਧਿਆਣਾ, 2 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੂਬੇ ਦੇ ਹੋਰਨਾਂ ਜ਼ਿਲ੍ਹਿਆਂ ਤੋਂ ਗਰਮ ਰਹਿਣ ਵਾਲੇ ਸਨਅਤੀ ਸ਼ਹਿਰ ਲੁਧਿਆਣਾ ਵਿੱਚ ਪਿਛਲੇ ਕੁੱਝ ਦਿਨਾਂ ਤੋਂ ਸਵੇਰੇ-ਸ਼ਾਮ ਠੰਢ ਵਿੱਚ ਵਾਧਾ ਹੋਇਆ ਹੈ। ਅੱਜ ਵੀ ਸਵੇਰ ਸਮੇਂ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਧੁੰਦ ਦੀ ਹਲਕੀ ਚਾਦਰ ਛਾਈ ਰਹੀ। ਕਈ ਲੋਕਾਂ ਦਾ ਮੰਨਣਾ ਹੈ ਕਿ ਦੀਵਾਲੀ ਦੇ ਤਿਉਹਾਰ ਮੌਕੇ ਚਲਾਏ ਪਟਾਕਿਆਂ ਅਤੇ ਕਿਸਾਨਾਂ ਵੱਲੋਂ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਗਾਉਣ ਦੇ ਵਧ ਰਹੇ ਕੇਸਾਂ ਕਰਕੇ ਪ੍ਰਦੂਸ਼ਣ ਵਿੱਚ ਵਾਧਾ ਹੋਇਆ ਹੈ ਜੋ ਧੁੰਦ ਦਾ ਭੁਲੇਖਾ ਪਾ ਰਿਹਾ ਹੈ।

ਲੁਧਿਆਣਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਪਿਛਲੇ ਕੁੱਝ ਦਿਨਾਂ ਤੋਂ ਸਵੇਰੇ-ਸ਼ਾਮ ਧੁੰਦ/ ਧੂੰਏ ਦੀ ਚਾਦਰ ਵਿਛੀ ਹੋਈ ਦੇਖੀ ਜਾ ਸਕਦੀ ਹੈ। ਇਹ ਧੂੰਆਂ ਕੁੱਝ ਦਿਨ ਪਹਿਲਾਂ ਲੰਘੀ ਦੀਵਾਲੀ ਅਤੇ ਹੋਰ ਤਿਆਰਾਂ ਦੌਰਾਨ ਲੋਕਾਂ ਵੱਲੋਂ ਚਲਾਏ ਪਟਾਕਿਆਂ ਅਤੇ ਅੱਜ-ਕਲ੍ਹ ਕਈ ਕਿਸਾਨਾਂ ਵੱਲੋਂ ਖੇਤਾਂ ਵਿੱਚ ਪਰਾਲੀ ਨੂੰ ਅੱਗ ਲਗਾਉਣ ਕਰਕੇ ਹੋਇਆ ਮੰਨਿਆ ਜਾ ਰਿਹਾ ਹੈ। ਲੁਧਿਆਣਾ ਵਿੱਚ ਅੱਜ ਵੀ ਸੰਘਣੇ ਧੂੰਏਂ ਅਤੇ ਧੁੰਦ ਕਰਕੇ ਮੌਸਮ ਬੱਦਲਵਾਈ ਵਾਲਾ ਜਾਪ ਰਿਹਾ ਸੀ। ਮੁੱਖ ਸੜਕਾਂ ’ਤੇ ਦੋ ਪਹੀਆ ਵਾਹਨ ਚਾਲਕਾਂ ਨੂੰ ਆਪੋ-ਆਪਣੀ ਮੰਜ਼ਿਲ ਤੱਕ ਜਾਣ ਲਈ ਪ੍ਰੇਸ਼ਾਨੀ ਵੀ ਝੱਲਣੀ ਪਈ।

ਕਈ ਇਲਾਕਿਆਂ ਵਿੱਚ ਇਹ ਧੂੰਆਂ/ਧੁੰਦ ਇੰਨੀ ਸੰਘਣੀ ਸੀ ਕਿ ਕੁੱਝ ਕੁ ਮੀਟਰ ਤੱਕ ਦੇਖਣਾ ਵੀ ਮੁਸ਼ਕਲ ਹੋ ਰਿਹਾ ਸੀ।

ਪੀ ਏ ਯੂ ਦੇ ਮੌਸਮ ਵਿਭਾਗ ਅਨੁਸਾਰ ਅੱਜ ਲੁਧਿਆਣਾ ਵਿੱਚ ਘੱਟ ਤੋਂ ਘੱਟ ਤਾਪਮਾਨ 16.4 ਅਤੇ ਵੱਧ ਤੋਂ ਵੱਧ ਤਾਪਮਾਨ 29.4 ਦਰਜ ਕੀਤਾ ਗਿਆ। ਮਾਹਿਰਾਂ ਅਨੁਸਾਰ ਆਉਂਦੇ 24 ਘੰਟਿਆਂ ਵਿੱਚ ਲੁਧਿਆਣਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਮੌਸਮ ਸਾਫ਼ ਅਤੇ ਖੁਸ਼ਕ ਰਹਿਣ ਦੀ ਸਭਾਵਨਾ ਹੈ। ਦੂਜੇ ਪਾਸੇ ਸਵੇਰੇ ਅਤੇ ਰਾਤ ਸਮੇਂ ਠੰਢੀਆਂ ਹਵਾਵਾਂ ਚੱਲਣ ਕਰਕੇ ਸਨਅਤੀ ਸ਼ਹਿਰ ਵਿੱਚ ਠੰਢ ਹੌਲੀ-ਹੌਲੀ ਪੈਰ ਪਸਾਰਨ ਲੱਗ ਗਈ ਹੈ।

# ਕੈਬਨਿਟ ਮੰਤਰੀ ਨੇ ਸੰਦੀਪ ਕੁਮਾਰ ਦੇ ਪਰਿਵਾਰ ਨਾਲ ਦੁੱਖ ਵੰਡਾਇਆ

ਜੀਂਦ, 2 ਨਵੰਬਰ
-ਕੌਮੀ ਪੱਤ੍ਰਿਕਾ ਬਿਊਰੋ-



ਵਿਰਾਸਤ ਅਤੇ ਸੈਰ ਸਪਾਟਾ ਮਾਮਲਿਆਂ ਬਾਰੇ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਜੁਲਾਣਾ ਵਿੱਚ ਏ ਐਸ ਆਈ ਸੰਦੀਪ ਕੁਮਾਰ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ।

ਇਸ ਦੌਰਾਨ ਉਨ੍ਹਾਂ ਸੰਦੀਪ ਦੀ ਮਾਤਾ ਇੰਦਰਾਵਤੀ, ਪਤਨੀ ਸੰਤੋਸ਼, ਭੈਣਾਂ ਅਤੇ ਪੁੱਤਰ ਵਿਹਾਨ ਨਾਲ ਦੁੱਖ ਸਾਂਝਾ ਕੀਤਾ।

ਉਨ੍ਹਾਂ ਕਿਹਾ ਕਿ ਸੰਦੀਪ ਕੁਮਾਰ ਦੀ ਮੌਤ ਨਾਲ ਪਰਿਵਾਰ ਅਤੇ ਸੂਬੇ ਨੂੰ ਜੋ ਨੁਕਸਾਨ ਹੋਇਆ ਹੈ ਉਸ ਦੀ ਭਰਪਾਈ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਜ਼ੁਬਾਨ ਦੇ ਪੱਕੇ ਹਨ ਅਤੇ ਉਨ੍ਹਾਂ ਨੇ ਪੂਰੇ ਮਾਮਲੇ ਦੀ ਜਾਂਚ ਸਬੰਧੀ ਪਰਿਵਾਰ ਨਾਲ ਜੋ ਵਾਅਦੇ ਕੀਤੇ ਹਨ ਉਨ੍ਹਾਂ ’ਤੇ ਖਰੇ ਉਤਰਨਗੇ। ਡਾ. ਸ਼ਰਮਾ ਨੇ ਕਿਹਾ ਕਿ ਸਰਕਾਰ ਪੀੜਤ ਪਰਿਵਾਰ ਖੜ੍ਹੀ ਹੈ। ਇਸ ਦੌਰਾਨ ਉਨ੍ਹਾਂ ਨੇ ਮਾਮਲੇ ਦੀ ਨਿਰਪੱਖ ਜਾਂਚ ਕਰਵਾਉਣ ਦਾ ਭਰੋਸਾ ਦਿੱਤਾ।

# ਅਮਨ ਅਰੋੜਾ ਅਤੇ ਤਰੁਨਪ੍ਰੀਤ ਸੌਂਦ ਨੇ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਲਈ ਗੁਜਰਾਤ ਦੇ ਮੁੱਖ ਮੰਤਰੀ ਨੂੰ ਦਿੱਤਾ ਸੱਦਾ

**ਚੰਡੀਗੜ੍ਹ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਭਾਈਚਾਰਕ ਸਾਂਝ, ਸਰਬ-ਸਾਂਝੀਵਾਲਤਾ ਤੇ ਕੌਮੀ ਏਕਤਾ ਦਾ ਸੁਨੇਹਾ ਦਿੰਦਿਆਂ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਅਤੇ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਅੱਜ ਗੁਜਰਾਤ ਦੇ ਮੁੱਖ ਮੰਤਰੀ ਸ੍ਰੀ ਭੂਪੇਂਦਰ ਪਟੇਲ ਨੂੰ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸੂਬੇ ਭਰ ਵਿੱਚ ਕਰਵਾਏ ਜਾਣ ਵਾਲੇ ਸਮਾਗਮਾਂ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ।

ਪੰਜਾਬ ਦੇ ਉੱਚ-ਪੱਧਰੀ ਵਫ਼ਦ ਦੀ ਅਗਵਾਈ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਗਾਂਧੀਨਗਰ ਵਿਖੇ ਗੁਜਰਾਤ ਦੇ ਮੁੱਖ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਕਰਵਾਏ ਜਾ ਰਹੇ ਮਹੀਨਾ ਭਰ ਚੱਲਣ ਵਾਲੇ ਸੂਬੇ ਪੱਧਰੀ ਯਾਦਗਾਰੀ ਪ੍ਰੋਗਰਾਮਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਭਾਰਤ ਦੇ ਧਰਮ ਨਿਰਪੱਖ ਤਾਣੇ-ਬਾਣੇ ਦਾ ਨੀਂਹ ਪੱਥਰ ਹੈ ਅਤੇ ਸਾਰਿਆਂ ਲਈ ਧਾਰਮਿਕ ਆਜ਼ਾਦੀ ਦੀ ਰਾਖੀ ਕਰਨ ਦਾ ਵਿਸ਼ਵਵਿਆਪੀ ਸਿਧਾਂਤ ਹੈ।

ਗੁਜਰਾਤ ਦੇ ਮੁੱਖ ਮੰਤਰੀ ਨੂੰ ਇਹਨਾਂ ਸਮਾਗਮਾਂ ਵਿੱਚ ਸ਼ਾਮਲ ਹੋਣ ਸਬੰਧੀ ਸੱਦਾ ਦਿੰਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ, ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਮਨੁੱਖੀ ਅਧਿਕਾਰਾਂ, ਮਾਨਵੀ ਕਦਰਾਂ ਕੀਮਤਾਂ ਅਤੇ ਧਾਰਮਿਕ ਆਜ਼ਾਦੀ ਦਾ ਪ੍ਰਤੀਕ ਹੈ, ਜੋ ਮਨੁੱਖਤਾ ਲਈ ਇੱਕ ਚਾਨਣ ਮੁਨਾਰਾ ਹੈ। ਗੁਰੂ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮਾਂ ਵਿੱਚ ਸ਼ਾਮਲ ਹੋਣ ਲਈ ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੂੰ ਸੱਦਾ ਦੇਣ ਦਾ ਸਾਨੂੰ ਸੁਭਾਗ ਪ੍ਰਾਪਤ ਹੋਇਆ ਹੈ। ਆਗੂਆਂ ਦੀ ਮੌਜੂਦਗੀ ਸਾਡੀ ਸਾਂਝੀ ਰਾਸ਼ਟਰੀ ਭਾਵਨਾ ਅਤੇ ਕਦਰਾਂ-ਕੀਮਤਾਂ ਦਾ ਪ੍ਰਤੀਕ ਹੋਵੇਗੀ।

ਇਸ ਮੌਕੇ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਇਹਨਾਂ ਸਮਾਗਮ ਦੀ ਸੱਭਿਆਚਾਰਕ ਅਤੇ ਅਧਿਆਤਮਿਕ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ, ਇਹ ਇਤਿਹਾਸਕ ਦਿਹਾੜਾ ਸਮੁੱਚੇ ਦੇਸ਼ ਲਈ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਵੱਲੋਂ ਦਰਸਾਏ ਨਿਆਂ, ਕੁਰਬਾਨੀ ਅਤੇ ਸੱਚਾਈ ਦੇ ਆਦਰਸ਼ਾਂ ਨੂੰ ਅਪਣਾਉਣ ਦਾ ਸੁਨੇਹਾ ਦਿੰਦਾ ਹੈ। ਅਸੀਂ ਧਾਰਮਿਕ ਸਮਾਗਮਾਂ, ਕੀਰਤਨ ਦਰਬਾਰਾਂ ਅਤੇ ਅਕਾਦਮਿਕ ਸੈਮੀਨਾਰਾਂ ਦੀ ਲੜੀ ਕਰਵਾ ਰਹੇ ਹਾਂ ਤਾਂ ਜੋ ਨੌਵੇਂ ਗੁਰੂ ਸਾਹਿਬ ਦੇ ਸਦੀਵੀ ਸੰਦੇਸ਼ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਇਆ ਜਾ ਸਕੇ। ਇਹ ਸਮਾਗਮ ਸਮੁੱਚੇ ਦੇਸ਼ ਲਈ ਬੇਹੱਦ ਮਹੱਤਵਪੂਰਨ ਹੋਣਗੇ। ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਦੁਨੀਆਂ ਭਰ ਦੇ ਲੋਕਾਂ ਨੂੰ ਗੁਰੂ ਸਾਹਿਬ ਦੀ ਲਾਸਾਨੀ ਸ਼ਹਾਦਤ ਬਾਰੇ ਜਾਣੂ ਕਰਵਾਉਣਗੇ ਅਤੇ ਪ੍ਰੇਰਿਤ ਕਰਨਗੇ।

# ਸਿਹਤ ਸੇਵਾ ਦੀ ਨਵੀਂ ਮਿਸਾਲ: ਟਰਾਈਡੈਂਟ ਗਰੁੱਪ ਦੇ ਫਰੀ ਮੈਗਾ ਮੈਡੀਕਲ ਕੈਂਪ ਨੇ ਕਾਇਮ ਕੀਤੀ ਨਵੀਂ ਮਿਸਾਲ



**ਬਰਨਾਲਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰਾਈਡੈਂਟ ਗਰੁੱਪ ਵੱਲੋਂ ਸਮਾਜ ਸੇਵਾ ਲਈ ਕੀਤੇ ਗਏ ਨੇਕ ਉਪਰਾਲੇ 'ਫਰੀ ਮੈਗਾ ਮੈਡੀਕਲ ਕੈਂਪ 2025' ਨੇ ਸਿਹਤ ਸੇਵਾ ਦੇ ਖੇਤਰ ਵਿੱਚ ਇਕ ਇਤਿਹਾਸਕ ਮਿਸਾਲ ਕਾਇਮ ਕੀਤੀ ਹੈ। ਕੇਵਲ ਦੋ ਦਿਨਾਂ (29 ਤੇ 2 ਨਵੰਬਰ) ਵਿੱਚ ਹੀ ਹਜ਼ਾਰਾਂ ਮਰੀਜ਼ਾਂ ਨੇ ਇਸ ਕੈਂਪ ਦਾ ਲਾਭ ਲੈ ਕੇ ਆਪਣੇ ਸਿਹਤ ਸੰਬੰਧੀ ਮੁਆਇਨੇ ਤੇ ਇਲਾਜ਼ ਕਰਵਾਏ। ਇਹ ਮੈਡੀਕਲ ਕੈਂਪ ਟਰਾਈਡੈਂਟ ਗਰੁੱਪ ਦੇ ਸੰਸਥਾਪਕ ਅਤੇ ਮੈਂਬਰ ਰਾਜ ਸਭਾ ਪਦਮਸ਼੍ਰੀ ਰਜਿੰਦਰ ਗੁਪਤਾ, ਸੀ.ਐੱਸ.ਆਰ ਹੈੱਡ ਮੈਡਮ ਮਧੂ ਗੁਪਤਾ ਅਤੇ ਸੀ.ਐਕਸ.ਓ ਸ਼੍ਰੀ ਅਭਿਸ਼ੇਕ ਗੁਪਤਾ ਦੀ ਸਿਹਤਮੰਦ ਸਮਾਜ ਦੀ ਦੂਰਅੰਦੇਸ਼ੀ ਸੋਚ ਦਾ ਨਤੀਜਾ ਹੈ।

ਕੈਂਪ ਵਿੱਚ ਕ੍ਰਿਸਚੀਅਨ ਮੈਡੀਕਲ ਕਾਲਜ (ਸੀ.ਐੱਮ.ਸੀ.) ਲੁਧਿਆਣਾ ਦੇ ਮਾਹਿਰ ਡਾਕਟਰਾਂ ਦੀਆਂ ਟੀਮਾਂ ਵੱਲੋਂ ਮਰੀਜ਼ਾਂ ਦੀ ਆਮ ਸਿਹਤ ਜਾਂਚ, ਅੱਖਾਂ ਦੇ ਮੋਤੀਆਬਿੰਦ ਆਪ੍ਰੇਸ਼ਨ, ਦੰਦਾਂ ਦੀ ਸਕੇਲਿੰਗ ਤੇ ਫ਼ਿਲਿੰਗ, ਐਕਸ-ਰੇ, ਈ.ਸੀ.ਜੀ., ਲੈਬ ਟੈਸਟ ਅਤੇ ਮੁਫ਼ਤ ਦਵਾਈਆਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਲੋਕਾਂ ਨੂੰ ਉਹ ਸਹੂਲਤਾਂ ਆਪਣੇ ਸ਼ਹਿਰ 'ਚ ਹੀ ਮਿਲ ਰਹੀਆਂ ਹਨ ਜੋ ਆਮ ਤੌਰ 'ਤੇ ਵੱਡੇ ਹਸਪਤਾਲਾਂ 'ਚ ਹੀ ਉਪਲਬਧ ਹੁੰਦੀਆਂ ਹਨ।

ਟਰਾਈਡੈਂਟ ਗਰੁੱਪ ਦੇ ਐਡਮਿਨ ਹੈੱਡ ਸ਼੍ਰੀ ਰੁਪਿੰਦਰ ਗੁਪਤਾ ਨੇ ਦੱਸਿਆ ਕਿ ਇਹ ਕੈਂਪ 29 ਅਕਤੂਬਰ ਤੋਂ ਸ਼ੁਰੂ ਹੋਇਆ ਹੈ ਅਤੇ ਇਹ 30, 2 ਨਵੰਬਰ, 6, 7, 8, 12, 13, 14, 19, 20, 21, 26, 27, 28 ਨਵੰਬਰ ਅਤੇ 3, 4, 5 ਦਸੰਬਰ ਤੱਕ ਜਾਰੀ ਰਹੇਗਾ। ਰਜਿਸਟ੍ਰੇਸ਼ਨ ਦਾ ਸਮਾਂ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਨਿਰਧਾਰਤ ਹੈ ਤਾਂ ਜੋ ਹਰ ਮਰੀਜ਼ ਨੂੰ ਸਮੇਂ 'ਤੇ ਸੇਵਾ ਮਿਲ ਸਕੇ। ਕੈਂਪ ਵਿੱਚ ਸੀ.ਐੱਮ.ਸੀ. ਲੁਧਿਆਣਾ ਦੇ 65 ਮੈਂਬਰਾਂ ਦੀ ਟੀਮ ਸੇਵਾਵਾਂ ਦੇ ਰਹੀ ਹੈ, ਜਿਸ ਵਿੱਚ 22 ਅੱਖਾਂ ਦੇ ਮਾਹਿਰ ਡਾਕਟਰ, ਡੈਂਟਲ ਵਿਸ਼ੇਸ਼ਗਿਆਨ ਤੇ ਡਾਇਗਨੋਸਟਿਕ ਵਿਭਾਗ ਦੇ ਡਾਕਟਰ ਸ਼ਾਮਲ ਹਨ।

ਇਨ੍ਹਾਂ ਦੇ ਨਾਲ 16 ਮੈਡੀਸਨ ਸਪੈਸ਼ਲਿਸਟ ਡਾਕਟਰ ਚਮੜੀ, ਨੱਕ, ਕੰਨ, ਜੋੜਾਂ ਤੇ ਮਹਿਲਾ ਰੋਗਾਂ ਦੀ ਜਾਂਚ ਕਰ ਰਹੇ ਹਨ। ਈ.ਸੀ.ਜੀ. ਅਤੇ ਐਕਸ-ਰੇ ਟੈਸਟ ਪੂਰੀ ਤਰ੍ਹਾਂ ਮੁਫ਼ਤ ਹਨ। ਸੀ.ਐੱਮ.ਸੀ. ਹਸਪਤਾਲ ਦੇ ਡਾਇਰੈਕਟਰ ਡਾ. ਵਿਲੀਅਮ ਭੱਟੀ, ਮੈਡੀਕਲ ਸੁਪਰੀਟੈਂਡੈਂਟ ਡਾ. ਐਲਨ ਜੋਜ਼ਫ, ਨਰਸਿੰਗ ਸੁਪਰੀਟੈਂਡੈਂਟ ਡਾ. ਸੰਗੀਤਾ ਨੀਕੋਲਸ ਅਤੇ ਐਡਮਿਨਿਸਟਰੇਟਰ ਮਿਸ ਮੇਘਲਾ ਰਾਮਾਸਵਾਮੀ ਦੀ ਅਗਵਾਈ ਹੇਠ ਟੀਮ ਮਰੀਜ਼ਾਂ ਨੂੰ ਉੱਚ ਪੱਧਰੀ ਇਲਾਜ਼ ਮੁਹੱਈਆ ਕਰਵਾ ਰਹੀ ਹੈ। ਡਾ. ਵਿਨੇ ਵਿਲਸਨ, ਇੰਚਾਰਜ਼ ਡੋਲੀ, ਅਨੁਜ਼ ਤੇ ਹੀਰਾ ਦੀ ਟੀਮ ਵੱਲੋਂ ਹਰ ਮਰੀਜ਼ ਦੀ ਸਿਹਤ ਸਮੱਸਿਆ ਨੂੰ ਧਿਆਨ ਨਾਲ ਸੁਣ ਕੇ ਇਲਾਜ ਕੀਤਾ ਜਾ ਰਿਹਾ ਹੈ।

ਮੈਡੀਕਲ ਕੈਂਪ ਵਿੱਚ ਆਏ ਮਰੀਜ਼ਾਂ ਨੇ ਟਰਾਈਡੈਂਟ ਗਰੁੱਪ ਦੀ ਇਸ ਮਿਹਨਤ ਦੀ ਭਰਪੂਰ ਸ਼ਲਾਘਾ ਕੀਤੀ।

ਬਰਨਾਲਾ ਵਾਸੀ 77 ਸਾਲਾਂ ਸੁਰਜੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਕਦੇ ਉਮੀਦ ਨਹੀਂ ਸੀ ਕਿ ਸੀ.ਐੱਮ.ਸੀ. ਲੁਧਿਆਣਾ ਦੇ ਡਾਕਟਰ ਬਰਨਾਲਾ ਆ ਕੇ ਮੁਫ਼ਤ ਇਲਾਜ ਕਰਨਗੇ। ਉਨ੍ਹਾਂ ਕਿਹਾ, ਟਰਾਈਡੈਂਟ ਗਰੁੱਪ ਨੇ ਮੇਰੀਆਂ ਅੱਖਾਂ ਦੀ ਰੌਸ਼ਨੀ ਬਚਾ ਲਈ ਹੈ।

ਅਬੋਹਰ ਵਾਸੀ ਬਲਜੀਤ ਕੌਰ ਨੇ ਕਿਹਾ ਕਿ ਉਸਦੀ ਛੋਟੀ ਬੱਚੀ ਮੰਨਤ ਦੀ ਸਰਜਰੀ ਹੋਈ ਹੈ ਤੇ ਉਸ ਨੂੰ ਚੱਲਣ 'ਚ ਦਿੱਕਤ ਸੀ। ਕੈਂਪ ਵਿੱਚ ਨਿਊਰੋਲੋਜੀ ਅਤੇ ਫ਼ਿਜਿਓਥੈਰੇਪੀ ਦੇ ਮਾਹਿਰਾਂ ਨੇ ਉਸਦਾ ਇਲਾਜ ਕੀਤਾ ਤੇ ਵਿਸ਼ਵਾਸ ਦਿਵਾਇਆ ਕਿ ਉਹ ਜਲਦੀ ਠੀਕ ਹੋ ਜਾਵੇਗੀ। ਉਨ੍ਹਾਂ ਨੇ ਟਰਾਈਡੈਂਟ ਗਰੁੱਪ ਦਾ ਧੰਨਵਾਦ ਕੀਤਾ ਕਿ ਇਹ ਕੈਂਪ ਗਰੀਬ ਪਰਿਵਾਰਾਂ ਲਈ ਵਰਦਾਨ ਹੈ।

ਕਾਹਨੇਕੇ ਵਾਸੀ ਬੀਬੀ ਅਮਰਜੀਤ ਕੌਰ ਨੇ ਦੱਸਿਆ ਕਿ ਉਸ ਨੂੰ ਦੰਦਾਂ ਅਤੇ ਸ਼ੂਗਰ ਦੀ ਸਮੱਸਿਆ ਸੀ। ਡਾਕਟਰਾਂ ਨੇ ਬੜੀ ਗੌਰ ਨਾਲ ਜਾਂਚ ਕਰਕੇ ਮੁਫ਼ਤ ਦਵਾਈਆਂ ਦਿੱਤੀਆਂ। ਉਸ ਨੇ ਕਿਹਾ, ਇਹ ਕੈਂਪ ਸਾਡੇ ਵਰਗੇ ਗਰੀਬਾਂ ਲਈ ਰੱਬ ਦਾ ਭੇਜਿਆ ਵਰਦਾਨ ਹੈ।

ਰੂੜੇਕੇ ਵਾਸੀ ਰਾਮ ਸਿੰਘ ਨੇ ਕਿਹਾ ਕਿ ਅੱਖਾਂ ਦੀ ਸੋਜ਼ਿਸ਼ ਅਤੇ ਧੁੰਦਲੇਪਨ ਤੋਂ ਪੀੜਤ ਸੀ, ਪਰ ਸੀ.ਐੱਮ.ਸੀ. ਦੇ ਮਾਹਿਰ ਡਾਕਟਰਾਂ ਨੇ ਜਾਂਚ ਕਰਕੇ ਢੀਲ ਦਾ ਇਲਾਜ ਦਿੱਤਾ। ਉਨ੍ਹਾਂ ਕਿਹਾ, ਟਰਾਈਡੈਂਟ ਗਰੁੱਪ ਦੇ ਪਦਮਸ਼੍ਰੀ ਰਾਜਿੰਦਰ ਗੁਪਤਾ ਜੀ ਨੇ ਸਾਡੇ ਲਈ ਅਸਲੀ ਸਿਹਤ ਵਰਦਾਨ ਭੇਟ ਕੀਤਾ ਹੈ।

ਟਰਾਈਡੈਂਟ ਗਰੁੱਪ ਦਾ ਇਹ ਫਰੀ ਮੈਗਾ ਮੈਡੀਕਲ ਕੈਂਪ 2025 ਸਿਹਤ ਸੇਵਾ ਦੀ ਉਸ ਦ੍ਰਿਸ਼ਟੀ ਦਾ ਪ੍ਰਤੀਕ ਹੈ ਜਿੱਥੇ ਕਾਰਪੋਰੇਟ ਜ਼ਿੰਮੇਵਾਰੀ ਸਮਾਜਕ ਭਲਾਈ ਨਾਲ ਜੁੜਦੀ ਹੈ। ਇਹ ਉਪਰਾਲਾ ਨਿਸ਼ਚਤ ਤੌਰ 'ਤੇ ਬਰਨਾਲਾ ਸਮੇਤ ਆਲੇ-ਦੁਆਲੇ ਦੇ ਇਲਾਕਿਆਂ ਲਈ ਸਿਹਤਕ੍ਰਾਂਤੀ ਦੀ ਸ਼ੁਰੂਆਤ ਸਾਬਤ ਹੋ ਰਿਹਾ ਹੈ।

# ਪਿੰਡ ਸੁਨਿਆਰਹੇੜੀ 'ਚ ਜਨ ਸੁਵਿਧਾ ਕੈਂਪ ਦਾ ਆਯੋਜਨ



**ਸਨੌਰ,2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਨੌਰ ਦੇ ਪਿੰਡ ਸੁਨਿਆਰਹੇੜੀ 'ਚ ਜਨ ਸੁਵਿਧਾ ਕੈਂਪ ਲਗਾਇਆ ਗਿਆ। ਇਸ ਕੈਂਪ ਚ ਵੱਖ ਵੱਖ ਮਹਿਕਮਿਆਂ ਨੇ ਸੇਵਾਵਾਂ ਪ੍ਰਦਾਨ ਕੀਤਿਆ।

ਪਿੰਡਾ ਵਾਸੀਆਂ ਨੇ ਜਨ ਸੁਵਿਧਾ ਕੈਂਪ ਦਾ ਲਾਭ ਉਠਾਇਆ। ਪਿੰਡ ਸੁਨਿਆਰਹੇੜੀ ਦੇ ਸਰਪੰਚ ਵਿੱਕੀ ਨੇ ਜਨ ਸੁਵਿਧਾ ਕੈਂਪ ਦੇ ਵੱਖ ਵੱਖ ਮਹਿਕਮਿਆਂ ਤੋਂ ਆਏ ਅਧਿਕਾਰੀਆ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਡੇ ਪਿੰਡ ਸੁਨਿਆਰਹੜੀ ਦਾ ਬੱਸ ਅੱਡਾ ਮਨਜ਼ੂਰ ਹੋ ਬੱਸ ਦੀ ਸਹੂਲਤ ਮਿਲ ਚੁੱਕੀ ਹੈ। ਪੀ ਆਰ ਟੀ ਸੀ ਦਾ ਵਿਸ਼ੇਸ ਤੌਰ ਤੇ ਧੰਨਵਾਦ ਕਰਦੇ ਹੋਏ ਪੀ ਆਰ ਟੀ ਸੀ ਚੇਅਰਮੈਨ ਰਣਜੋਧ ਸਿੰਘ ਹਡਾਣਾ ( ਹਲਕਾ ਇੰਚਾਰਜ ਸਨੌਰ)ਦਾ ਵਿਸ਼ੇਸ ਤੌਰ ਤੇ ਧੰਨਵਾਦ ਕੀਤਾ। ਇਸ ਅਵਸਰ ਮੌਕੇ ਵਿਕੀ ਸਰਪੰਚ, ਕਰਮ ਸਿੰਘ ਪੰਚ, ਅਮਨਦੀਪ ਕੌਰ ਸੈਕਟਰੀ,ਬਲਦੇਵ ਸਿੰਘ ਪੰਚ, ਰਾਮ ਕੁਮਰ ਪੰਚ, ਰਮਨਦੀਪ ਕੌਰ ਪੰਚ, ਜਸਵਿੰਦਰ ਕੌਰ ਨਰੇਗਾ ਮੇਟ,ਸਤਿੰਦਰ ਹਾਂਡਾ ਬਲਾਕ ਪ੍ਰਧਾਨ, ਹਰਭਿੰਦਰ ਸਿੰਘ ਢੀਂਡਸਾ, ਗੁਰਜੰਟ ਸਿੰਘ ਸਾਬਕਾ ਪ੍ਰਧਾਨ ਕੋ ਅਪਰੇਟਿਵਸੁਸਾਇਟੀ, ਮੋਤੀ ਸਿੰਘ ਸਾਬਕਾ ਸਰਪੰਚ, ਰਣਧੀਰ ਸਿੰਘ ਮੀਤ ਪ੍ਰਧਾਨ, ਉਜਾਗਰ ਸਿੰਘ, ਮਹਿੰਦਰ ਸਿੰਘ ਖਾਲਸਾ, ਜੱਥੇਦਾਰ ਗੁਲਜ਼ਾਰ ਸਿੰਘ, ਭੋਲਾ ਬਿਟੂ ਸਿੰਘ ਆਦਿ ਹਾਜ਼ਰ ਸਨ।

# ਖ਼ੂਨਦਾਨੀ ਦਾ ਕੋਈ ਖਰਚਾ ਜਾਂ ਫੀਸ ਨਹੀਂ ਲੱਗਦੀ : ਹਰਦੀਪ ਸਨੌਰ

**ਪਟਿਆਲਾ, 2 ਨਵੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਸਰਕਾਰੀ ਰਜਿੰਦਰਾ ਹਸਪਤਾਲ ਤੇ ਪ੍ਰਾਈਵੇਟ ਹਸਪਤਾਲਾਂ ਵਿਚ ਡੇਂਗੂ ਪੀੜ੍ਹਿਤਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪੀੜ੍ਹਿਤਾਂ ਨੂੰ ਡੇਂਗੂ ਦੇ ਕਹਿਰ ਤੋਂ ਬਚਾਉਣ ਲਈ ਪੰਜਾਬ ਸਰਕਾਰ 'ਡੇਂਗੂ' ਨੂੰ ਕੁਦਰਤੀ ਆਫਤ ਐਲਾਨੇ ਅਤੇ ਇਸ ਦੇ ਇਲਾਜ ਵਿਚ ਵਰਤੀ ਜਾਂਦੀ 'ਏ-ਫਰੈਸਿਸ ਕਿੱਟ' ਮੁਫਤ ਮੁਹੱਈਆ ਕਰਵਾਵੇ। ਇਸ ਸੰਬੰਧੀ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਨੇ ਮੁੱਖ ਮੰਤਰੀ ਪੰਜਾਬ ਸਰਕਾਰ ਨੂੰ ਡਿਪਟੀ ਕਮਿਸ਼ਨਰ ਪਟਿਆਲਾ ਰਾਹੀਂ ਮੰਗ ਪੱਤਰ ਭੇਜਿਆ ਹੈ। ਉਨ੍ਹਾਂ ਕਿਹਾ ਕਿ ਜੇਕਰ ਡੇਂਗੂ ਕਾਰਨ ਕਿਸੇ ਮਰੀਜ਼ ਦੀ ਮੌਤ ਹੋ ਜਾਂਦੀ ਹੈ ਤਾਂ ਉਸਦੇ ਪਰਿਵਾਰ ਨੂੰ 10 ਲੱਖ ਰੁਪਏ ਮੁਆਵਜ਼ਾ ਰਾਸ਼ੀ ਦਿੱਤੀ ਜਾਵੇ। ਹਰਦੀਪ ਸਿੰਘ ਸਨੌਰ ਨੇ ਕਿਹਾ ਕਿ ਪਟਿਆਲਾ ਅੰਦਰ ਮਰੀਜ਼ ਮਿੱਤਰਾ ਵੈਲਫੇਅਰ ਆਰਗੇਨਾਈਜੇਸ਼ਨ ਦੇ ਪ੍ਰਧਾਨ ਗੁਰਮੁੱਖ ਗੁਰੂ, ਸਹਿਯੋਗ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਜਸਪਾਲ ਸਿੰਘ ਜੋਸ਼ਨ, ਯਸ਼ਪਾਲ ਪੰਵਾਰ ਤੇ ਲੋਕ ਸੇਵਾ ਤੋਂ ਹੈਪੀ ਬਾਈ ਪਲੇਟਲੈੱਟ ਸੈੱਲਾਂ ਦੇ ਦਾਨ ਵਿਚ ਵੱਡਮੁੱਲਾ ਯੋਗਦਾਨ ਪਾ ਰਹੇ ਹਨ, ਜਿਨ੍ਹਾਂ ਨੂੰ ਦੇਖ ਕੇ ਮਿਸ਼ਨ ਲਾਲੀ ਤੇ ਹਰਿਆਲੀ ਨਾਲ ਜੁੜੇ ਮਿਸ਼ਨਰੀ ਕਾਰਕੁੰਨ ਮੱਖਣ ਸਿੰਘ ਸਨੌਰ ਨੇ ਲੋੜਵੰਦ ਮਰੀਜ਼ ਲਈ ਪਲੇਟਲੈੱਟ ਸੈੱਲ ਦਾਨ ਕੀਤੇ, ਇਸ ਮੌਕੇ ਅਮਰਜੀਤ ਸਿੰਘ ਸਨੌਰ ਤੇ ਮਨਜੀਤ ਸਿੰਘ ਬਹਿਲ ਹਾਜ਼ਰ ਸਨ। ਹਰਦੀਪ ਸਿੰਘ ਸਨੌਰ ਨੇ ਦੱਸਿਆ ਕਿ ਜਦੋਂ ਕਿਸੇ ਸੰਸਥਾ ਜਾਂ ਵਿਅਕਤੀ ਵੱਲੋਂ ਕਿਸੇ ਖ਼ੂਨਦਾਨੀ ਨੂੰ ਬਲੱਡ ਬੈਂਕ ਬੁਲਾਇਆ ਜਾਂਦਾ ਹੈ ਤਾਂ ਉਸ ਖ਼ੂਨਦਾਨੀ ਦਾ ਕੋਈ ਖਰਚਾ ਜਾਂ ਫੀਸ ਨਹੀਂ ਲੱਗਦੀ, ਖ਼ੂਨਦਾਨੀ ਸਿਰਫ ਮਰੀਜ਼ ਦੀ ਜਾਨ ਬਚਾਉਣ ਲਈ ਅਤੇ ਸੇਵਾ ਕਰਨ ਦੀ ਭਾਵਨਾ ਨਾਲ ਲਈ ਹੀ ਬਲੱਡ ਬੈਂਕ ਆਉਂਦਾ ਹੈ। ਜੇਕਰ ਕੋਈ ਝੋਲਾ-ਚੁੱਕ ਕਿਸਮ ਦੇ ਵਿਅਕਤੀ ਐਮਰਜੈਂਸੀ ਵਿਚ ਖ਼ੂਨ ਜਾਂ ਪਲੇਟਲੈੱਟ ਸੈੱਲ ਦੇਣ ਲਈ ਡੋਨਰ ਨੂੰ ਬਲੱਡ ਬੈਂਕ ਬੁਲਾਉਣ ਦੀ ਗੱਲ ਕਰਕੇ 'ਡੋਨਰ ਕਾ ਖਰਚਾ ਲਗਾ' ਆਖ ਕੇ ਮਰੀਜ਼ ਦੇ ਵਾਰਸਾਂ ਤੋਂ ਪੈਸੇ ਮੰਗੇ ਤਾਂ ਇਸ ਸੰਬੰਧੀ ਤੁਰੰਤ ਪੁਲਸ ਨੂੰ, ਬਲੱਡ ਬੈਂਕ ਇੰਚਾਰਜ ਜਾਂ ਸਿਹਤ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਇਤਲਾਹ ਦਿਓ ਤਾਂ ਜੋ ਸੇਵਾ ਦੇ ਨਾਮ 'ਤੇ ਪੈਸੇ ਬਟੋਰਨ ਵਾਲੇ ਠੱਗਾਂ ਦਾ ਪਰਦਾਫਾਸ਼ ਕੀਤਾ ਜਾ ਸਕੇ।

# ਕੇਂਦਰ ਦੀ ਭਾਜਪਾ ਸਰਕਾਰ ਨੇ ਹਰ ਵਰਗ ਲਈ ਸਕੀਮਾਂ ਕੀਤੀਆਂ ਪ੍ਰਦਾਨ: ਐਡਵੋਕੇਟ ਖੱਟੜਾ



**ਪਟਿਆਲਾ, 2 ਨਵੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਹਰ ਵਰਗ ਲਈ ਵੱਖੋ-ਵੱਖਰੀਆਂ ਸਕੀਮਾਂ ਤਹਿਤ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਭਾਵੇਂ ਉਹ ਕੇਂਦਰੀ ਵਿਭਾਗਾਂ ਵਿਚ ਨੌਕਰੀਆਂ ਹੋਣ ਜਾਂ ਕਿਸਾਨਾਂ ਦੇ ਖਾਤਿਆਂ ਵਿਚ ਕਿਸਾਨ ਸਨਮਾਨ ਨਿਧੀ ਯੋਜਨਾ ਰਾਹੀਂ ਖਾਤਿਆਂ ਵਿਚ ਪੈਸੇ ਪਾਉਣੇ ਹੋਣ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪਟਿਆਲਾ ਦਿਹਾਤੀ ਹਲਕੇ ਤੋਂ ਭਾਜਪਾ ਦੇ ਸੀਨੀਅਰ ਆਗੂ ਐਡਵੋਕੇਟ ਸਤਬੀਰ ਸਿੰਘ ਖੱਟੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਖੱਟੜਾ ਨੇ ਕਿਹਾ ਕਿ ਭਵਿੱਖ ਵਿਚ ਸੂਬੇ ਅੰਦਰ ਭਾਜਪਾ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੇਗੀ। ਕਿਉਂਕਿ ਪੰਜਾਬ ਦੇ ਲੋਕ ਕੇਂਦਰ ਸਰਕਾਰ ਦੀਆਂ ਚਲਾਈਆਂ ਗਈਆਂ ਯੋਜਨਾਵਾਂ ਦੀ ਚੁਫੇਰਿਓਂ ਸ਼ਲਾਘਾ ਕਰ ਰਹੇ ਹਨ। ਲਿਹਾਜ਼ਾ ਸੂਬੇ ਅੰਦਰ ਵੱਖ-ਵੱਖ ਰਾਜਾਂ ਨੂੰ ਸਿੱਧੇ ਤੌਰ 'ਤੇ ਜੋੜਨ ਲਈ ਵੱਡੇ ਰਾਸ਼ਟਰੀ ਮਾਰਗਾਂ ਰਾਹੀਂ ਪੰਜਾਬ ਨੂੰ ਜੋੜਿਆ ਗਿਆ ਹੈ। ਜਿਸ ਨਾਲ ਹੋਰਨਾਂ ਸੂਬਿਆਂ ਵਿਚ ਵਪਾਰ ਅਤੇ ਨਿੱਤ ਦੇ ਆਉਣ-ਜਾਣ ਵਾਲਿਆਂ ਨੂੰ ਵੱਡੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਸਕੀਮਾਂ ਤਹਿਤ ਐਮ. ਐਸ. ਐਮ. ਈ. ਰਾਹੀਂ ਵੱਡੇ ਸਬਸਿਡੀ ਵਾਲੇ ਲੋਨ ਪ੍ਰਦਾਨ ਕਰਕੇ ਨੌਜਵਾਨਾਂ ਨੂੰ ਛੋਟੇ ਤੋਂ ਲੈ ਕੇ ਵੱਡੇ ਉਦਯੋਗ ਲਗਾਉਣ ਲਈ ਵੱਡੀ ਯੋਜਨਾਵਾਂ ਤਹਿਤ ਬੇਰੋਜ਼ਗਾਰੀ ਨੂੰ ਖਤਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਤਰਨਤਾਰਨ ਵਿਖੇ ਹੋ ਰਹੀ ਜਿਮਨੀ ਚੋਣ ਵਿਚ ਭਾਜਪਾ ਦਾ ਉਮੀਦਵਾਰ ਵੱਡੀ ਲੀਡ ਨਾਲ ਜਿੱਤੇਗਾ। ਕਿਉਂਕਿ ਪਿਛਲੀਆਂ ਹੋਈਆਂ ਜਿਮਨੀ ਚੋਣਾਂ ਦੌਰਾਨ ਭਾਜਪਾ ਦੇ ਉਮੀਦਵਾਰਾਂ ਨੂੰ ਲੋਕਾਂ ਨੇ ਵੋਟਾਂ ਪਾ ਕੇ ਅਥਾਹ ਪਿਆਰ ਦਿੱਤਾ ਹੈ। ਜਿਸ ਤੋਂ ਸਾਫ ਹੁੰਦਾ ਹੈ ਕਿ ਲੋਕ ਭਾਜਪਾ ਦੀਆਂ ਨੀਤੀਆਂ ਨੂੰ ਪਸੰਦ ਕਰ ਰਹੇ ਹਨ ਤਾਂ ਹੀ ਆਪ ਮੁਹਾਰੇ ਵੋਟਾਂ ਪਾ ਕੇ ਭਵਿੱਖ ਲਈ ਭਾਜਪਾ ਨੂੰ ਕਾਮਯਾਬ ਕਰਨ ਵਿਚ ਹੁਣ ਤੋਂ ਹੀ ਜੁਟ ਗਏ ਹਨ। ਖੱਟੜਾ ਨੇ ਕਿਹਾ ਕਿ 2027 ਦੀਆਂ ਚੋਣਾਂ ਵਿਚ ਭਾਜਪਾ ਦੇ ਉਮੀਦਵਾਰ ਸੂਬੇ ਅੰਦਰ ਹੂੰਝਾ ਫੇਰ ਜਿੱਤ ਪ੍ਰਾਪਤ ਕਰਨਗੇ ਅਤੇ ਹੁਣ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਵੱਖੋ-ਵੱਖਰੇ ਪੈਕੇਜ਼ਾਂ ਰਾਹੀਂ ਕੇਂਦਰ ਸਰਕਾਰ ਫੰਡ ਮੁਹੱਈਆ ਕਰਵਾ ਰਹੀ ਹੈ। ਪਰ ਪੰਜਾਬ ਸਰਕਾਰ ਵੱਲੋਂ ਆਪਣੀ ਬਣਦੀ ਕਾਗਜ਼ੀ ਕਾਰਵਾਈ ਪੂਰੀ ਨਹੀਂ ਕਰ ਕੇ ਦਿੱਤੀ ਜਾਂਦੀ ਜਿਸ ਕਾਰਨ ਭਵਿੱਖ ਲਈ ਮੁਸ਼ਕਲਾਂ ਖੜੀਆਂ ਹੁੰਦੀਆਂ ਹਨ। ਜਿਸ ਨਾਲ ਪੰਜਾਬ ਦੀ ਤਰੱਕੀ ਵਿਚ ਰੁਕਾਵਟ ਲੱਗਦੀ ਹੈ। ਇਸ ਮੌਕੇ ਜਿਲ੍ਹਾ ਪ੍ਰਧਾਨ ਵਿਜੇ ਕੂਕਾ, ਹਰਭਜਨ ਸਿੰਘ ਲਚਕਾਣੀ, ਪ੍ਰਧਾਨ ਬਲਵਿੰਦਰ ਸਿੰਘ ਕੰਗ, ਸੂਬੇਦਾਰ ਗੁਰਨਾਹਰ ਸਿੰਘ ਅਜਨੌਦਾ, ਗੁਰਬਾਜ਼ ਸਿੰਘ ਸੇਖੋਂ, ਤਰਸੇਮ ਸਿੰਘ ਕਸਿਆਣਾ, ਨੰਬਰਦਾਰ ਸੁਖਵਿੰਦਰ ਸਿੰਘ ਰੋੜੇਵਾਲ, ਗੁਰੀ ਸਿੱਧੂਵਾਲ ਆਦਿ ਹਾਜ਼ਰ ਸਨ।

# ਪਾਵਰਗਰਿੱਡ ਅਤੇ ਤੋਸ਼ੀਬਾ ਨੇ ਭਾਰਤ ਦਾ ਪਹਿਲਾ ਸਵਦੇਸ਼ੀ 220 kV ਮੋਬਾਇਲ GIS (m-GIS) ਸਿਸਟਮ ਸ਼ੁਰੂ ਕੀਤਾ



**ਚੰਡੀਗੜ੍ਹ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੇ ਪਾਵਰ ਟ੍ਰਾਂਸਮਿਸ਼ਨ ਸੈਕਟਰ ਲਈ ਇੱਕ ਇਤਿਹਾਸਕ ਉਪਲਬਧੀ ਵਿੱਚ, ਦੇਸ਼ ਦਾ ਪਹਿਲਾ ਸਵਦੇਸ਼ੀ ਤਰੀਕੇ ਨਾਲ ਬਣਿਆ B@@kV ਮੋਬਾਇਲ ਗੈਸ-ਇੰਸੂਲੇਟਿਡ ਸਵਿੱਚਗਿਅਰ (m-GIS) ਸਿਸਟਮ ਤੋਸ਼ੀਬਾ ਟ੍ਰਾਂਸਮਿਸ਼ਨ ਐਂਡ ਡਿਸਟ੍ਰੀਬਿਊਸ਼ਨ ਸਿਸਟਮਜ਼ (ਇੰਡੀਆ) ਪ੍ਰਾਈਵੇਟ ਲਿਮਟਿਡ (TTDI) ਦੁਆਰਾ ਪਾਵਰ ਗਰਿੱਡ ਕਾਰਪੋਰੇਸ਼ਨ ਆਫ ਇੰਡੀਆ (ਪਾਵਰਗਰਿੱਡ) ਨੂੰ ਦਿੱਤਾ ਗਿਆ ਸੀ।

ਇਹ ਸ਼ੁਰੂਆਤ ਭਾਰਤ ਦੇ ਟ੍ਰਾਂਸਮਿਸ਼ਨ ਨੈੱਟਵਰਕ ਵਿੱਚ ਤਕਨੀਕੀ ਨਵੀਨਤਾ, ਮਿਆਰੀਕਰਣ, ਅਤੇ ਸਵਦੇਸ਼ੀਕਰਣ ਨੂੰ ਉਤਸ਼ਾਹਿਤ ਕਰਨ ਵਿੱਚ ਪਾਵਰਗਰਿੱਡ ਦੀ ਅਗਵਾਈ ਦੀ ਪੁਸ਼ਟੀ ਕਰਦੀ ਹੈ। 220 kV m-GIS ਸਿਸਟਮ ਨੂੰ ਪਾਵਰਗਰਿੱਡ ਦੀਆਂ ਸੰਚਾਲਨ ਲੋੜਾਂ ਦੇ ਅਨੁਸਾਰ ਪੂਰੀ ਤਰ੍ਹਾਂ ਡਿਜਾਇਨ ਕੀਤਾ ਅਤੇ ਬਣਾਇਆ ਗਿਆ ਹੈ।

ਇਸ ਸਿਸਟਮ ਨੂੰ ਉਪਚਾਰਕ ਤੌਰ 'ਤੇ ਸ਼੍ਰੀ ਵਾਮਸੀ ਰਾਮਾ ਮੋਹਨ ਬੁੱਰਾ (ਡਾਇਰੈਕਟਰ - ਪ੍ਰੋਜੈਕਟਜ਼), ਸ਼੍ਰੀ ਰਾਜਿਲ ਸ਼੍ਰੀਵਾਸਤਵਾ (ਈਡੀ - ਜਾਇਦਾਦ ਪ੍ਰਬੰਧਨ), ਅਤੇ ਸ਼੍ਰੀ ਅਭੈ ਕੁਮਾਰ (CGM-I/C ਇੰਜਨੀਅਰਿੰਗ) ਦੀ ਮੌਜੂਦਗੀ ਵਿੱਚ ਤੇਲੰਗਾਨਾ ਵਿੱਚ ""49 ਦੀ ਨਿਰਮਾਣ ਸੁਵਿਧਾ ਤੋਂ ਰਵਾਨਾ ਕੀਤਾ ਗਿਆ ਸੀ।

ਗੈਸ-ਇੰਸੂਲੇਟਿਡ ਸਵਿੱਚਗਿਅਰ (GIS) ਇੱਕ ਕੰਪੈਕਟ ਅਤੇ ਕੁਸ਼ਲ ਵਧੇਰੇ ਭਰੋਸੇਮੰਦ ਸਿਸਟਮ ਹੈ ਜਿਸ ਦੀ ਵਰਤੋਂ ਹਾਈ-ਵੋਲਟੇਜ ਪਾਵਰ ਦੀ ਡਿਸਟ੍ਰੀਬਿਊਸ਼ਨ ਲਈ ਕੀਤੀ ਜਾਂਦੀ ਹੈ, ਖਾਸ ਤੌਰ 'ਤੇ ਸੀਮਿਤ ਸਥਾਨ ਵਾਲੇ ਵਾਤਾਵਰਣਾਂ ਵਿੱਚ। ਗਤੀਸ਼ੀਲਤਾ ਅਤੇ ਤਤਕਾਲ ਪ੍ਰਤੀਕਿਰਿਆ ਲਈ ਲੋੜ ਨੂੰ ਸਮਝਦੇ ਹੋਏ, ਪਾਵਰਗਰਿੱਡ ਨੇ ਮੋਬਾਇਲ GIS (m-GIS) ਸਮਾਧਾਨ ਦੇ ਤਕਨੀਕੀ ਰੂਪਾਂ ਦੀ ਅਵਧਾਰਨਾ ਬਣਾਉਣ ਅਤੇ ਪਰਿਭਾਸ਼ਿਤ ਕਰਨ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪਾਵਰਗਰਿੱਡ ਦੀ ਪਹਿਲਕਦਮੀ ਤਹਿਤ ""49 ਦੁਆਰਾ ਵਿਕਸਿਤ ਅਤੇ ਬਣਾਇਆ ਗਿਆ, m-GIS ਤੁਰੰਤ ਤੈਨਾਤੀ ਦੀ ਪੇਸ਼ਕਸ਼ ਕਰਦਾ ਹੈ ਅਤੇ ਗਰਿੱਡ ਦੀ ਲਚਕਤਾ, ਮੁੜ ਉਭਾਰ, ਅਤੇ ਆਪਦਾ-ਤਿਆਰੀ ਵਿੱਚ ਵਾਧਾ ਕਰਦਾ ਹੈ।

22@kV m-GIS ਪਾਵਰਗਰਿੱਡ ਦੇ ਸਖ਼ਤ ਡਿਜਾਇਨ, ਗੁਣਵੱਤਾ, ਅਤੇ ਕਾਰਗੁਜ਼ਾਰੀ ਦੇ ਮਾਪਦੰਡ ਨੂੰ ਪੂਰਾ ਕਰਦਾ ਹੈ, ਘੱਟੋ-ਘੱਟ ਬੁਨਿਆਦੀ ਢਾਂਚੇ ਅਤੇ ਸਮੇਂ ਦੇ ਨਾਲ ਗਰਿੱਡ ਦੀ ਤੇਜੀ ਨਾਲ ਬਹਾਲੀ, ਬਿਜਲੀ ਦੀ ਅਸਥਾਈ ਨਿਕਾਸੀ, ਅਤੇ ਸਬਸਟੇਸ਼ਨ ਦੇ ਵਾਧੇ ਨੂੰ ਯੋਗ ਬਣਾਉਂਦਾ ਹੈ। ਇਸ ਦੀ ਮਾਡੂਲਰ ਕਨੈਕਟ-ਡਿਸਕਨੈਕਟ-ਰੀਡਿਪਲੋਏ ਸੁਵਿਧਾ ਸੰਚਾਲਨ ਦੀ ਤੇਜੀ ਨੂੰ ਯਕੀਨੀ ਬਣਾਉਂਦੀ ਹੈ, ਜੋ ਇਸ ਨੂੰ ਐਮਰਜੈਂਸੀ ਨਾਲ ਨਿਪਟਣ ਅਤੇ ਗਰਿੱਡ ਦੀਆਂ ਲਚਕਦਾਰ ਲੋੜਾਂ ਲਈ ਇੱਕ ਗੇਮ-ਚੇਂਜਰ ਬਣਾ ਰਿਹਾ ਹੈ। m-GIS ਸਮਾਧਾਨ ਨੂੰ ਮਿਆਰੀ ਟ੍ਰੇਲਰ ਦੇ ਪ੍ਰੀਮਾਪਾਂ ਨੂੰ ਅਨੁਕੂਲ ਬਣਾਉਣ ਲਈ ਅਤੇ ਇਸ ਦੀ ਆਵਾਜਾਈ ਅਤੇ ਤੈਨਾਤੀ ਦੌਰਾਨ ਜ਼ਰੂਰੀ ਬਿਜਲਈ ਕਲੀਰੈਂਸਾਂ ਅਤੇ ਮਕੈਨੀਕਲ ਤਣਾਅ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਹੈ।

ਸਾਨੂੰ ਇਸ ਮੀਲਪੱਥਰ ਨੂੰ ਸੰਭਵ ਬਣਾਉਣ ਲਈ ਪਾਵਰਗਰਿੱਡ ਨਾਲ ਸਹਿਯੋਗ ਕਰਨ ਅਤੇ ਭਾਰਤ ਵਿੱਚ EHV GRID ਨੈੱਟਵਰਕ ਵਿੱਚ ਮਹੱਤਵਪੂਰਣ ਉਪਯੋਗ ਅਤੇ ਲੋੜਾਂ ਦਾ ਸਮਰਥਨ ਕਰਨ ਲਈ ਇੱਕ ਸਵਦੇਸ਼ੀ ਸਮਾਧਾਨ ਸਾਕਾਰ ਕਰਨ 'ਤੇ ਮਾਣ ਹੈ। ਆਪਣੀ ਮੇਕ ਇਨ ਇੰਡੀਆ ਵਚਨਬੱਧਤਾ ਨੂੰ ਪੂਰਾ ਕਰਦੇ ਹੋਏ, ਭਾਰਤ ਵਿੱਚ ਆਪਣੀ ਕਿਸਮ ਦੇ ਪਹਿਲੇ ਮੋਬਾਇਲ 220kV m-GIS ਸਮਾਧਾਨ ਦੀ ਡਿਲਿਵਰੀ ਸਾਡੇ ਲਈ ਇੱਕ ਅਨੋਖੀ ਉਪਲਬਧੀ ਹੈ।

# ਏ ਟੀ ਐੱਮ ਵਿਚੋਂ ਪੈਸੇ ਕਢਵਾਉਂਦੇ ਵਿਅਕਤੀ ਦੀ ਜੇਬ ਵਿਚੋਂ 2500 ਰੁਪਏ ਕੱਢਣ ਵਾਲਾ ਵਿਅਕਤੀ ਪੁਲਿਸ ਅੜਿੱਕੇ

**ਪਾਤੜਾਂ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਤੜਾਂ ਪੁਲਸ ਨੇ ਈ ਟੀ ਐੱਮ ਵਿਚੋਂ ਪੈਸੇ ਕਢਵਾ ਰਹੇ ਵਿਅਕਤੀ ਦੀ ਜੇਬ ਵਿਚੋਂ 2500 ਰੁਪਏ ਕੱਢਣ ਵਾਲੇ ਵਿਅਕਤੀ ਨੂੰ ਪੁਲਸ ਗਿਰਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ । ਸ਼ਿਕਾਇਤ ਦਰਜ ਕਰਵਾਉਂਦਿਆਂ ਸੂਰਜ ਖਾਨ ਪੁੱਤਰ ਰੌਸ਼ਨ ਖਾਨ ਵਾਸੀ ਢੰਡਿਆਲ ਰੋਡ ਪਾਤੜਾਂ ਨੇ ਦੱਸਿਆ ਕਿ ਮਿਤੀ 27-10-2025 ਨੂੰ ਦਿਨੇ ਲਗਭਗ ਸਾਢੇ 4 ਵਜੇ ਦੇ ਕਰੀਬ ਉਹ ਨਰਵਾਣਾ ਰੋਡ ਪਾਤੜਾਂ ਵਿਖੇ ਯੂਨੀਅਨ ਬੈਂਕ ਦੇ ਏ ਟੀ ਐੱਮ ਵਿਚੋਂ ਪੈਸੇ ਕਢਵਾ ਰਿਹਾ ਸੀ , ਜਿਥੇ ਇਕ ਵਿਅਕਤੀ ਉਸ ਨਜ਼ਦੀਕ ਆ ਕੇ ਖੜ੍ਹ ਗਿਆ ਅਤੇ ਉਸ ਦੀ ਜੇਬ ਵਿਚੋਂ 2500 ਰੁਪਏ ਕੱਢ ਲਏ ? ਜਦੋਂ ਉਸ ਨੇ ਬਾਹਰ ਆ ਕੇ ਵੇਖਿਆ ਤਾਂ ਉਸ ਦੀ ਜੇਬ ਵਿਚੋਂ 2500 ਰੁਪਏ ਗਾਇਬ ਸਨ ।

ਪੁਲਿਸ ਨੇ ਪੀੜਤ ਦੇ ਬਿਆਨਾਂ 'ਤੇ ਕਥਿਤ ਦੋਸ਼ੀ ਰਿੰਕੂ ਪੁੱਤਰ ਜੈ ਸਿੰਘ ਵਾਸੀ ਪਿੰਡ ਮੁਰਥਲੀ ਜ਼ਿਲ੍ਹਾ ਕੁਰਕਸ਼ੇਤਰ ਹਰਿਆਣਾ ਖਿਲਾਫ ਮੁਕੱਦਮਾ ਨੰਬਰ 248, ਮਿਤੀ 28-10-2025, ਧਾਰਾ 303 (2) ਬੀ ਐੱਨ ਐੱਸ ਤਹਿਤ ਥਾਣਾ ਪਾਤੜਾਂ ਵਿਖੇ ਕੇਸ ਦਰਜ ਕਰਕੇ ਗਿਰਫ਼ਤਾਰ ਕਰ ਲਿਆ।

# ਖੇਤੀਬਾੜੀ ਮਸ਼ੀਨਰੀ ਲੈਣ ਸਬੰਧੀ ਐਸ.ਸੀ. ਕਿਸਾਨਾਂ ਤੋਂ ਬਿਨੈ ਪੱਤਰ 3 ਨਵੰਬਰ ਤੱਕ ਮੰਗੇ : ਮੁੱਖ ਖੇਤੀਬਾੜੀ ਅਫਸਰ

**ਪਟਿਆਲਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪਟਿਆਲਾ ਦੇ ਮੁੱਖ ਖੇਤੀਬਾੜੀ ਅਫ਼ਸਰ ਡਾ. ਜਸਵਿੰਦਰ ਸਿੰਘ ਨੇ ਪਰਾਲੀ ਦੀ ਸਾਂਭ-ਸੰਭਾਲ ਸਬੰਧੀ ਵੱਖ-ਵੱਖ ਮਸ਼ੀਨਾਂ ਉਤੇ ਸਬਸਿਡੀ ਪ੍ਰਾਪਤ ਕਰਨ ਲਈ ਜ਼ਿਲ੍ਹੇ ਦੇ ਐਸ.ਸੀ. ਕਿਸਾਨਾਂ ਨੂੰ ਐਗਰੀਮਸ਼ੀਨਰੀਪੀਬੀ ਡਾਟ ਕਾਮ www.agarimachinarypb.com ਉਤੇ ਰਜਿਸਟਰ ਕਰਨ ਲਈ ਅਪੀਲ ਕੀਤੀ ਹੈ।

ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਸੁਪਰ ਐਸ.ਐਮ.ਐਸ., ਹੈਪੀ ਸੀਡਰ, ਪੈਡੀ ਸਟਰਾਅ ਚੌਪਰ, ਸਰੈਡਰ, ਮਲਚਰ, ਸਮਾਰਟ ਸੀਡਰ, ਜੀਰੋ ਟਿੱਲ ਡਰਿੱਲ, ਸੁਪਰ ਸੀਡਰ, ਬੇਲਰ, ਰੇਕ, ਸਰਬ ਮਾਸਟਰ, ਰੋਟਰੀ ਸਲੈਸ਼ਰ, ਕਰਾਪ ਰੀਪਰ, ਉਲਟਾਵੇਂ ਹੱਲ ਦੀ ਸਬਸਿਡੀ ਲਈ ਐਸ.ਸੀ. ਕਿਸਾਨ ਮਿਤੀ 03.11.2025 ਤੱਕ ਅਪਲਾਈ ਕਰ ਸਕਦੇ ਹਨ। ਇਹਨਾਂ ਮਸ਼ੀਨਾਂ ਉਪਰ ਸਬਸਿਡੀ ਦੀ ਦਰ ਸੀ.ਆਰ.ਐਮ ਸਕੀਮ ਦੀਆਂ ਗਾਇਡਲਾਈਨਜ ਅਨੁਸਾਰ ਹੋਵੇਗੀ।

ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਕਸਟੱਮ ਹਾਇਰਿੰਗ ਸੈਂਟਰ ਅਤੇ ਪੈਡੀ ਸਪਲਾਈ ਚੇਨ ਸੈਂਟਰ ਸਥਾਪਿਤ ਕਰਨ ਲਈ ਵੀ ਅਰਜੀਆਂ ਦੀ ਮੰਗ ਕੀਤੀ ਗਈ ਹੈ ਅਤੇ ਇਸ ਸਬੰਧੀ ਕਿਸਾਨ ਵਿਭਾਗ ਦੀ ਵੈਬਸਾਇਟ ਜਾਂ ਆਪਣੇ ਬਲਾਕ ਦੇ ਖੇਤੀਬਾੜੀ ਅਫਸਰ ਨਾਲ ਸੰਪਰਕ ਕਰ ਸਕਦੇ ਹਨ।

ਉਨ੍ਹਾਂ ਦੱਸਿਆ ਕਿ ਕਿਸਾਨ ਇਸ ਸਬੰਧੀ ਬਲਾਕ ਪਟਿਆਲਾ ਦੇ ਡਾ. ਗੁਰਮੀਤ ਸਿੰਘ (97791-60950), ਬਲਾਕ ਨਾਭਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਗਿੱਲ (97805-60004), ਬਲਾਕ ਭੁਨਰਹੇੜੀ ਦੇ ਕਿਸਾਨ ਡਾ. ਮਨਦੀਪ ਸਿੰਘ (70092-27488), ਬਲਾਕ ਸਮਾਣਾ ਦੇ ਕਿਸਾਨ ਡਾ. ਸਤੀਸ਼ ਕੁਮਾਰ (97589-00047), ਬਲਾਕ ਰਾਜਪੁਰਾ ਦੇ ਕਿਸਾਨ ਡਾ. ਜੁਪਿੰਦਰ ਸਿੰਘ ਪੰਨੂੰ (73070-59201) ਅਤੇ ਬਲਾਕ ਘਨੌਰ ਦੇ ਕਿਸਾਨ ਡਾ. ਰਣਜੋਧ ਸਿੰਘ (99883-12299) ਨਾਲ ਸੰਪਰਕ ਕਰ ਸਕਦੇ ਹਨ।

# ਪਟਿਆਲਾ ਦੇ ਰੇਲ ਇੰਜਣ ਕਾਰਖਾਨੇ ਵਿਖੇ 2 ਨਵੰਬਰ ਨੂੰ ਸਵੇਰੇ 11.30 ਵਜੇ ਮੌਕ ਡਰਿੱਲ ਵਜੋਂ ਸਾਇਰਨ ਵੱਜੇਗਾ

**ਪਟਿਆਲਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਰੇਲ ਇੰਜਣ ਕਾਰਖਾਨੇ ਵਿਖੇ 2 ਨਵੰਬਰ ਨੂੰ ਸਵੇਰੇ 11.30 ਸਾਇਰਨ ਵਜਾ ਕੇ ਮੌਕ ਡ੍ਰਿਲ ਕੀਤੀ ਜਾਵੇਗੀ। ਇਹ ਮੌਕ ਅਭਿਆਸ ਕੇਵਲ ਸਿਵਲ ਡਿਫੈਂਸ ਤਿਆਰੀ ਨੂੰ ਮਜ਼ਬੂਤ ਕਰਨ ਲਈ ਇੱਕ ਸਰਗਰਮ ਕਦਮ ਵਜੋਂ, ਕੀਤੀ ਜਾਵੇਗੀ। ਇਸ ਬਾਰੇ ਜਾਣਕਾਰੀ ਦਿੰਦਿਆਂ ਪਟਿਆਲਾ ਲੋਕੋਮੋਟਿਵ ਵਰਕਸ਼ਾਪ ਦੇ ਫੈਕਟਰੀ ਮੈਨੇਜਰ ਨਿਸ਼ਾਂਤ ਬੰਸੀਵਾਲ ਨੇ ਦੱਸਿਆ ਕਿ ਪਟਿਆਲਾ ਦੇ ਰੇਲ ਕਾਰਖਾਨੇ ਵਿਖੇ ਥ੍ਰੀ ਫੇਜ਼ 5 ਐਚਪੀ ਇਲੈਕਟ੍ਰਿਕ ਸਾਇਰਨ ਨਵਾਂ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਮਈ ਮਹੀਨੇ ਦੌਰਾਨ ਉਪਰੇਸ਼ਨ ਸਿੰਧੂਰ ਮੌਕੇ ਇਸ ਖੇਤਰ ਵਿਖੇ ਇੱਕ ਵੱਡੇ ਸਾਇਰਨ ਦੀ ਲੋੜ ਮਹਿਸੂਸ ਕੀਤੀ ਗਈ ਸੀ, ਜਿਸ ਕਰਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਿਪਟੀ ਕਮਿਸ਼ਨਰ ਡਾ ਪ੍ਰੀਤੀ ਯਾਦਵ ਦੀਆਂ ਹਦਾਇਤਾਂ ਮੁਤਾਬਕ ਇਹ ਨਵਾਂ ਸਾਇਰਨ ਲਗਾਇਆ ਗਿਆ ਹੈ।



ਰੇਲ ਫੈਕਟਰੀ ਮੈਨੇਜਰ ਮੁਤਾਬਕ ਹੁਣ ਜਦੋਂ ਇਹ ਸਾਇਰਨ ਲਗਾ ਦਿਤਾ ਗਿਆ ਹੈ ਤਾਂ ਇਸ ਦੀ ਮੌਕ ਡਰਿੱਲ ਕੀਤੀ ਜਾਵੇਗੀ, ਜਿਸ ਲਈ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਹਦਾਇਤਾਂ ਮੁਤਾਬਕ 2 ਨਵੰਬਰ ਨੂੰ ਸਵੇਰੇ 11.30 ਵਜਾ ਕੇ ਟੈਸਟਿੰਗ ਕੀਤੀ ਜਾਵੇਗੀ, ਤਾਂ ਕਿ ਭਵਿੱਖ ਵਿੱਚ ਕਿਸੇ ਵੀ ਹੰਗਾਮੀ ਸਥਿਤੀ ਵਿੱਚ ਲੋਕਾਂ ਨੂੰ ਸੁਚੇਤ ਕਰਨ ਲਈ ਇਸ ਸਾਇਰਨ ਨੂੰ ਵਜਾਇਆ ਜਾ ਸਕੇ। ਇਸ ਲਈ ਲੋਕਾਂ ਨੂੰ ਅਪੀਲ ਹੈ ਕਿ ਹੁਣ ਮੌਕ ਡਰਿੱਲ ਸਮੇਂ ਇਸ ਨੂੰ ਇੱਕ ਟੈਸਟਿੰਗ ਵਜੋਂ ਹੀ ਲਿਆ ਜਾਵੇ ਨਾ ਕਿ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਫੈਲਾਈ ਜਾਵੇ ਜਾਂ ਕਿਸੇ ਅਫ਼ਵਾਹ ਉਪਰ ਵਿਸ਼ਵਾਸ਼ ਕੀਤਾ ਜਾਵੇ।

ਇਸ ਦਾ ਕੇਵਲ ਤੇ ਕੇਵਲ ਮੰਤਵ ਬਚਾਅ ਏਜੰਸੀਆਂ ਅਤੇ ਸਿਵਲ ਪ੍ਰਸ਼ਾਸਨ ਵਿਚਕਾਰ ਤਾਲਮੇਲ ਦਾ ਮੁਲਾਂਕਣ ਕਰਨ ਲਈ ਇੱਕ ਜਨਤਕ ਖੇਤਰ ਵਿੱਚ ਐਮਰਜੈਂਸੀ ਸਥਿਤੀਆਂ ਦੀ ਨਕਲ ਕਰਨ ਸਮੇਤ ਸਿਵਲ ਡਿਫੈਂਸ ਤੇ ਹੋਮ ਗਾਰਡਜ਼ ਦੀਆਂ ਐਮਰਜੈਂਸੀ ਪ੍ਰਤੀਕਿਰਿਆ ਪ੍ਰਣਾਲੀਆਂ ਦਾ ਮੁਲਾਂਕਣ ਕਰਨ ਲਈ ਇੱਕ ਵਿਆਪਕ ਪਹਿਲਕਦਮੀ ਦਾ ਹਿੱਸਾ ਹੈ। ਇਹ ਕੇਵਲ ਗ੍ਰਹਿ ਮੰਤਰਾਲੇ ਤੇ ਡਾਇਰੈਕੋਰੇਟ ਜਨਰਲ ਆਫ਼ ਫਾਇਰ ਸਰਵਿਸ, ਨਾਗਰਿਕ ਸੁਰੱਖਿਆ ਤੇ ਹੋਮ ਗਾਰਡਜ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਇਹ ਅਭਿਆਸ ਪਹਿਲਾਂ ਤੋਂ ਯੋਜਨਾਬੱਧ ਹੈ।

ਇਸੇ ਦੌਰਾਨ ਰੇਲ ਫੈਕਟਰੀ ਦੇ ਸੇਫਟੀ ਅਫ਼ਸਰ ਰਾਮ ਸਿੰਘ ਨੇ ਦੱਸਿਆ ਕਿ ਇਸ ਸਾਇਰਨ ਨੂੰ ਟੈਸਟਿੰਗ ਰਾਹੀਂ ਵਜਾਉਣ ਦਾ ਉਦੇਸ਼ ਕੇਵਲ ਐਮਰਜੈਂਸੀ ਸਥਿਤੀਆਂ ਨੂੰ ਨਿਯੰਤਰਿਤ ਅਤੇ ਅਜਿਹੀਆਂ ਸਥਿਤੀਆਂ ਦੀ ਸੁਰੱਖਿਅਤ ਢੰਗ ਨਾਲ ਨਕਲ ਕਰਨਾ ਹੈ ਤਾਂ ਜੋ ਨਾਗਰਿਕ ਅਤੇ ਪ੍ਰਸ਼ਾਸਨ ਦੋਵੇਂ ਅਸਲ ਸੰਕਟ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਬਿਹਤਰ ਢੰਗ ਨਾਲ ਤਿਆਰ ਹੋਣ, ਇਸ ਲਈ ਸਾਇਰਨ ਵੱਜਦੇ ਸਮੇਂ ਕਿਸੇ ਵੀ ਤਰ੍ਹਾਂ ਘਬਰਾਓਣ ਦੀ ਲੋੜ ਨਹੀਂ ਹੈ।

ਉਨ੍ਹਾਂ ਕਿਹਾ ਕਿ ਅਜਿਹੀਆਂ ਮੌਕ ਡਰਿੱਲ ਪਹਿਲਾਂ ਵੀ ਹੁੰਦੀਆਂ ਰਹੀਆਂ ਹਨ ਇਸ ਲਈ ਕਿਸੇ ਨਾਗਰਿਕ ਨੂੰ ਕਿਸੇ ਵੀ ਤਰ੍ਹਾਂ ਡਰਨ ਜਾ ਘਬਰਾਹਟ ਵਿੱਚ ਆਉਣ ਦੀ ਕੋਈ ਲੋੜ ਨਹੀਂ ਕਿਉਂਕਿ ਇਹ ਕੇਵਲ ਇੱਕ ਅਭਿਆਸ ਹੈ ਜੋ ਕਿ ਕਿਸੇ ਵੀ ਹੰਗਾਮੀ ਸਥਿਤੀ ਨਾਲ ਨਜਿੱਠਣ ਲਈ ਸਿਵਲ ਡਿਫੈਂਸ ਵਜੋਂ ਹੀ ਕੀਤਾ ਜਾ ਰਿਹਾ ਹੈ।

# ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਸਿਵਲ ਸਰਜਨ ਡਾ. ਜਗਪਾਲ ਇੰਦਰ ਸਿੰਘ ਸਨਮਾਨਿਤ



**ਪਟਿਆਲਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਸਿਵਲ ਸਰਜਨ ਡਾ. ਜਗਪਾਲ ਇੰਦਰ ਸਿੰਘ ਬਹੁਤ ਹੀ ਵਧਿਆ ਇਨਸਾਨ ਹਨ ਸਿਵਲ ਸਰਜਨ ਵਜੋਂ ਇਹਨਾਂ ਦਾ ਕਾਰਜਕਾਲ ਬਹੁਤ ਹੀ ਵਧਿਆ ਰਿਹਾ ਹੈ ਅਤੇ ਮਰੀਜਾਂ ਦੀ ਭਲਾਈ ਲਈ ਕੰਮ ਕੀਤਾ ਹੈ। ਮੈਡੀਕਲ ਸੁਪਰਡੈਂਟ ਵਲੋਂ ਵੀ ਚੰਗਾ ਕੰਮ ਕੀਤਾ। ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਚੰਗੇ ਕੰਮ ਕਰਨ ਵਾਲੇ ਦਾ ਹਮੇਸ਼ਾ ਸਨਮਾਨ ਕਰਦੀ ਹੈ। ਸੋਸਾਇਟੀ ਵਲੋਂ ਵੀ ਇਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਅਵਸਰ ਤੇ ਡਾ. ਸੁੰਨਦਾ ਨਰੋਲਾ, ਡਾ. ਵਿਕਾਸ ਗੋਇਲ ਸੀਨੀਅਰ ਮੈਡੀਕਲ ਅਫਸਰ ਅਤੇ ਪਵਨ ਵੀ ਹਾਜਰ ਸਨ। ਡਾ. ਜਗਪਾਲ ਇੰਦਰ ਸਿੰਘ ਸਿਵਲ ਸਰਜਨ ਨੇ ਕਿਹਾ ਕਿ ਉਹ ਹਮੇਸ਼ਾ ਹੀ ਲੋਕ ਭਲਾਈ ਦੇ ਕਾਰਜ ਕਰਦੇ ਰਹੇ ਹਨ ਅਤੇ ਆਉਣ ਵਾਲੇ ਸਮੇਂ ਵੀ ਉਹ ਲੋਕ ਭਲਾਈ ਦੇ ਕੰਮਾਂ ਨੂੰ ਤਰਜੀਹ ਦੇਣਗੇ ਅਤੇ ਜਦ ਵੀ ਪਟਿਆਲਾ ਸ਼ੋਸ਼ਲ ਵੈਲਫੇਅਰ ਸੋਸਾਇਟੀ ਨੂੰ ਉਹਨਾਂ ਦੀ ਸੋਸਾਇਟੀ ਨੂੰ ਜ਼ਰੂਰਤ ਹੋਵੇਗੀ ਮਦਦ ਕਰਨਗੇ ਵਿਜੇ ਕੁਮਾਰ ਗੋਇਲ ਪ੍ਰਧਾਨ ਦੀ ਅਗਵਾਈ ਵਿੱਚ ਬਹੁਤ ਸ਼ਾਨਦਾਰ ਕਾਰਜ ਕਰ ਰਹੀ ਹੈ।

# ਸ੍ਰੀ ਸਿਆਮ ਸੰਕੀਰਤਨ 2 ਨਵੰਬਰ 2025 ਦਿਨ ਐਤਵਾਰ ਨੂੰ ਖਾਟੂ ਸ਼ਿਆਮ ਮੰਦਰ ਨਾਭਾ 'ਚ

**ਨਾਭਾ, 2 ਨਵੰਬਰ/ਪਰਸ਼ੋਤਮ ਬੇਦੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਘਾਟੂ ਸਿਆਮ ਮੰਦਰ ਕਮੇਟੀ ਰਜਿ: ਨਾਭਾ ਵੱਲੋ ਸ੍ਰੀ ਸਿਆਮ ਜਨਮ ਉਤਸਵ ਦੇ ਸਬੰਧ 'ਚ ਸ੍ਰੀ ਸਿਆਮ ਸੰਕੀਰਤਨ 2 ਨਵੰਬਰ 2025 ਦਿਨ ਐਤਵਾਰ ਨੂੰ ਨੇੜੇ ਗੁੱਗਾ ਮਾੜੀ ਦੁਲੱਦੀ ਗੇਟ ਨਾਭਾ ਵਿਖੇ ਕਰਵਾਇਆ ਜਾ ਰਿਹਾ ਹੈ। ਖਾਟੂ ਸਿਆਮ ਦੇ ਭਜਨਾ ਦਾ ਗੁਣਗਾਣ ਕਰਨ ਲਈ ਕੇਸ਼ਵ ਗਰਗ ਬਰਨਾਲੇ ਵਾਲੇ ਆਪਣੀ ਭਜਨ ਮੰਡਲੀ ਸਮੇਤ ਸ਼ਾਮ 4 ਵਜੇ ਤੋਂ ਲੈ ਕੇ ਹਰੀ ਇੱਛਾ ਤੱਕ ਕਰਨਗੇ। ਸਮਾਗਮ ਦੇ ਮੁੱਖ ਮਹਿਮਾਨ ਗੁਰਦੇਵ ਸਿੰਘ ਦੇਵ ਮਾਨ ਐਮ.ਐਲ.ਏ. ਨਾਭਾ ਅਤੇ ਪੂਜਾ ਦੀ ਰਸਮ ਰਾਜੇਸ਼ ਬਾਂਸਲ ਸੀਨੀਅਰ ਮੀਤ ਪ੍ਰਧਾਨ ਭਾਜਪਾ ਵਪਾਰ ਵਿੰਗ ਪੰਜਾਬ ਕਰਨਗੇ। ਇਸ ਮੌਕੇ ਤੇ ਅਤੁੱਟ ਲੰਗਰ ਵਰਤੇਗਾ।\

# ਚਿਹਰੇ ਤੇ ਵਾਲ਼ਾਂ ਦੀ ਖ਼ੂਬਸੂਰਤੀ ਲਈ ਰੋਜ਼ਾਨਾ ਖਾਓ 'ਛੋਟੀ ਇਲਾਇਚੀ'

ਭਾਰਤੀ ਰਸੋਈ 'ਚ ਖਾਣੇ ਦਾ ਸੁਆਦ ਵਧਾਉਣ ਲਈ ਛੋਟੀ ਇਲਾਇਚੀ ਦੀ ਵਰਤੋਂ ਬਹੁਤ ਕੀਤੀ ਜਾਂਦੀ ਹੈ। ਛੋਟੀ ਜਿਹੀ ਦਿੱਸਣ ਵਾਲੀ ਹਰੀ ਇਲਾਇਚੀ ਤੁਹਾਡੀਆਂ ਸਰੀਰਕ ਅਤੇ ਖ਼ੂਬਸੂਰਤੀ ਨਾਲ ਸਬੰਧਿਤ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰ ਦਿੰਦੀ ਹੈ। ਜੇਕਰ ਤੁਹਾਨੂੰ ਪੱਥਰੀ, ਗਲੇ ਦੀ ਸਮੱਸਿਆ, ਕੱਫ਼, ਗੈਸ, ਬਵਾਸੀਰ, ਟੀ.ਬੀ., ਕਿੱਲ ਅਤੇ ਝੜਦੇ ਵਾਲਾਂ ਵਰਗੀਆਂ ਸਮੱਸਿਆ ਹਨ ਤਾਂ ਤੁਹਾਨੂੰ ਹਰੀ ਇਲਾਇਚੀ ਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਇਲਾਇਚੀ ਇਨ੍ਹਾਂ ਸਾਰੀਆਂ ਪ੍ਰੇਸ਼ਾਨੀਆਂ ਨੂੰ ਚੁਟਕੀਆਂ 'ਚ ਦੂਰ ਕਰ ਦਿੰਦੀ ਹੈ। ਇਲਾਇਚੀ ਖਾਣ ਨਾਲ ਹੋਰ ਕਿਹੜੇ ਫ਼ਾਇਦੇ ਹੁੰਦੇ ਹਨ, ਆਓ ਜਾਣਦੇ ਹਾਂ....

**ਪੱਥਰੀ ਅਤੇ ਜੋੜਾਂ ਦੇ ਦਰਦ ਤੋਂ ਰਾਹਤ**

ਸੌਣ ਤੋਂ ਪਹਿਲਾਂ ਇੱਕ ਇਲਾਇਚੀ ਨੂੰ ਗਰਮ ਪਾਣੀ ਦੇ ਨਾਲ ਖਾਣ ਨਾਲ ਪੱਥਰੀ ਜਲਦੀ ਟੁੱਟ ਕੇ ਪੇਸ਼ਾਬ ਰਾਹੀਂ ਬਾਹਰ ਆ ਜਾਂਦੀ ਹੈ। ਨਾਲ ਹੀ ਇਸ ਨਾਲ ਸੀਨੇ 'ਚ ਜਲਨ ਅਤੇ ਜੋੜਾਂ ਦੇ ਦਰਦ ਤੋਂ ਵੀ ਰਾਹਤ ਮਿਲਦੀ ਹੈ।

**ਦੂਰ ਹੁੰਦੀ ਹੈ ਨੀਂਦ ਦੀ ਸਮੱਸਿਆ**

ਕੁਝ ਲੋਕਾਂ ਨੂੰ ਢੇਰ ਸਾਰਾ ਕੰਮ ਕਰਨ ਦੇ ਬਾਅਦ ਵੀ ਰਾਤ ਨੂੰ ਨੀਂਦ ਨਹੀਂ ਆਉਂਦੀ। ਸੌਣ ਲਈ ਲੋਕ ਦਵਾਈਆਂ ਦਾ ਸਹਾਰਾ ਲੈਂਦੇ ਹਨ ਜਿਸ ਦਾ ਸਰੀਰ 'ਤੇ ਗਲਤ ਅਸਰ ਪੈਂਦਾ ਹੈ। ਨੈਚੁਰਲ ਤਰੀਕੇ ਨਾਲ ਨੀਂਦ ਲੈਣ ਲਈ ਰੋਜ਼ਾਨਾ ਰਾਤ ਨੂੰ ਸੌਣ ਤੋਂ ਪਹਿਲਾਂ ਇਲਾਇਚੀ ਨੂੰ ਗਰਮ ਪਾਣੀ ਦੇ ਨਾਲ ਖਾਓ। ਇਸ ਨਾਲ ਨੀਂਦ ਆਵੇਗੀ ਅਤੇ ਖਰਾਟੇ ਦੀ ਸਮੱਸਿਆ ਵੀ ਦੂਰ ਹੋ ਜਾਵੇਗੀ।

**ਤਣਾਅ ਤੋਂ ਮੁਕਤੀ**

ਰੋਜ਼ਾਨਾ ਇਸ ਦਾ ਕਾੜ੍ਹਾ ਪੀਣੀ ਨਾਲ ਮਾਨਸਿਕ ਤਣਾਅ ਦੂਰ ਹੁੰਦਾ ਹੈ। ਇਸ ਦਾ ਕਾੜ੍ਹਾ ਬਣਾਉਣ ਲਈ ਇਲਾਇਚੀ ਪਾਊਡਰ ਨੂੰ ਪਾਣੀ 'ਚ ਉਬਾਲੋ। ਹੁਣ ਕਾੜ੍ਹੇ 'ਚ ਥੋੜ੍ਹਾ ਜਿਹਾ ਸ਼ਹਿਦ ਮਿਲਾ ਕੇ ਪੀਓ। ਕੁਝ ਦਿਨ ਪੀਣ ਨਾਲ ਤੁਹਾਨੂੰ ਫ਼ਰਕ ਦਿਖਾਈ ਦੇਣ ਲੱਗੇਗਾ।

**ਕੈਲੋਰੀ ਬਰਨ ਕਰਨ 'ਚ ਕਰਦੀ ਹੈ ਮਦਦ**

ਜੇਕਰ ਤੁਸੀਂ ਆਪਣੇ ਵਧੇ ਹੋਏ ਢਿੱਡ ਨੂੰ ਅੰਦਰ ਕਰਨਾ ਚਾਹੁੰਦੇ ਹੋ ਤਾਂ ਰਾਤ ਨੂੰ 2 ਇਲਾਇਚੀ ਖਾ ਕੇ ਗਰਮ ਪਾਣੀ ਪੀ ਲਓ। ਇਸ 'ਚ ਪੋਟਾਸ਼ੀਅਮ, ਮੈਗਨੀਸ਼ੀਅਮ, ਵਿਟਾਮਿਨ-ਬੀ1, ਬੀ6





ਅਤੇ ਵਿਟਾਮਿਨ-ਸੀ ਹੁੰਦਾ ਹੈ, ਜੋ ਐਕਸਟਰਾ ਕੈਲੋਰੀ ਬਰਨ ਕਰਨ 'ਚ ਮਦਦ ਕਰਦਾ ਹੈ।

**ਢਿੱਡ ਨਾਲ ਜੁੜੀਆਂ ਪ੍ਰੇਸ਼ਾਨੀਆਂ**

ਕੁਝ ਲੋਕਾਂ ਨੂੰ ਹਮੇਸ਼ਾ ਪੇਟ ਨਾਲ ਸੰਬੰਧਤ ਪ੍ਰੇਸ਼ਾਨੀਆਂ ਰਹਿੰਦੀਆਂ ਹਨ। ਪੇਟ ਠੀਕ ਨਾ ਰਹਿਣ ਦੇ ਕਾਰਨ ਵਾਲ ਝੜਣ ਲੱਗਦੇ ਹਨ। ਇਨ੍ਹਾਂ ਦੋਵਾਂ ਸਮੱਸਿਆਵਾਂ ਤੋਂ ਬਚਣ ਲਈ ਸਵੇਰੇ ਖਾਲੀ ਪੇਟ 1 ਇਲਾਇਚੀ ਕੋਸੇ ਪਾਣੀ ਦੇ ਨਾਲ ਖਾਓ। ਕੁਝ ਦਿਨਾਂ ਤੱਕ ਲਗਾਤਾਰ ਖਾਣ ਨਾਲ ਫ਼ਰਕ ਦਿਖਾਈ ਦੇਣ ਲੱਗੇਗਾ।

**ਗੈਸ ਅਤੇ ਐਸਡਿਟੀ**

ਗੈਸ, ਐਸਡਿਟੀ, ਕਬਜ਼ ਦੀ ਸਮੱਸਿਆ ਨੂੰ ਇਲਾਇਚੀ ਨਾਲ ਦੂਰ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਹਿਚਕੀ ਤੋਂ ਵੀ ਰਾਹਤ ਮਿਲਦੀ ਹੈ। ਇਸ ਇੱਕ ਚੀਜ਼ ਨੂੰ ਚਬਾਉਣ ਨਾਲ ਭਾਰ ਵੀ ਘੱਟ ਹੋਵੇਗਾ।

**ਵਧੀਆ ਬਲੱਡ ਸਰਕੁਲਰ**

ਹਰੀ ਇਲਾਇਚੀ ਫ਼ੇਫੜਿਆਂ 'ਚ ਖ਼ੂਨ ਦੀ ਸੰਚਾਰ ਗਤੀ ਨੂੰ ਠੀਕ ਰੱਖਦਾ ਹੈ। ਇਸ ਦੇ ਨਾਲ ਹੀ ਇਹ ਅਸਥਮਾ, ਜ਼ੁਕਾਮ, ਖਾਂਸੀ ਵਰਗੀਆਂ ਸਮੱਸਿਆਵਾਂ ਤੋਂ ਵੀ ਰਾਹਤ ਪਹੁੰਚਦੀ ਹੈ। ਇਹ ਬਲਗਮ ਅਤੇ ਕੱਫ਼ ਨੂੰ ਬਾਹਰ ਕੱਢ ਕੇ ਛਾਤੀ ਦੀ ਜਕੜਨ ਨੂੰ ਘੱਟ ਕਰਨ 'ਚ ਮਦਦ ਕਰਦੀ ਹੈ।

**ਗਰਭਵਤੀ ਜਨਾਨੀਆਂ ਲਈ ਫ਼ਾਇਦੇਮੰਦ**

ਗਰਭਵਤੀ ਜਨਾਨੀਆਂ ਨੂੰ ਹਮੇਸ਼ਾ ਚੱਕਰ ਆਉਣ ਦੀ ਸਮੱਸਿਆ ਰਹਿੰਦੀ ਹੈ। ਇਸ ਤੋਂ ਰਾਹਤ ਪਾਉਣ ਲਈ ਇਲਾਇਚੀ ਦੇ ਕਾੜ੍ਹੇ 'ਚ ਗੁੜ ਮਿਲਾ ਕੇ ਸਵੇਰੇ ਅਤੇ ਸ਼ਾਮ ਪੀਣ ਨਾਲ ਚੱਕਰ ਆਉਣ ਦੀ ਸਮੱਸਿਆ ਦੂਰ ਹੋ ਜਾਵੇਗੀ।

**ਮੂੰਹ 'ਚੋਂ ਬਦਬੂ ਆਉਣਾ**

ਮੂੰਹ ਤੋਂ ਆਉਣ ਵਾਲੀ ਬਦਬੂ ਨੂੰ ਇਲਾਇਚੀ ਖਾਣ ਨਾਲ ਦੂਰ ਕੀਤਾ ਜਾ ਸਕਦਾ ਹੈ। ਇਸ ਨੂੰ ਖਾਣ ਨਾਲ ਗਲੇ 'ਚ ਹੋਣ ਵਾਲੀ ਖਰਾਸ਼ ਦੂਰ ਹੁੰਦੀ ਹੈ ਅਤੇ ਆਵਾਜ਼ 'ਚ ਸਧਾਰ ਆਉਂਦਾ ਹੈ।

**ਕਿੱਲ ਅਤੇ ਦਾਗ ਧੱਬੇ**

ਇੱਕ ਚਮਚ ਇਲਾਇਚੀ ਪਾਊਡਰ ਦੇ ਨਾਲ ਸ਼ਹਿਦ ਮਿਕਸ ਕਰੋ ਅਤੇ ਕਿੱਲ 'ਤੇ ਲਗਾਓ। ਅਜਿਹਾ ਕਰਨ ਨਾਲ ਇਲਾਇਚੀ ਦੀ ਐਂਟੀ-ਬੈਕਟੀਰੀਅਲ ਪ੍ਰਾਪਰਟੀ ਦੇ ਕਾਰਨ ਸਕਿਨ ਕਲੀਅਰ ਹੁੰਦੀ ਹੈ। ਤੁਸੀਂ ਇਸ ਪੇਸਟ ਨੂੰ ਕਿੱਲਾਂ 'ਤੇ ਲਗਾ ਕੇ ਰਾਤ ਭਰ ਲਗਾ ਕੇ ਰੱਖੋ ਅਤੇ ਸਵੇਰੇ ਠੰਡੇ ਨਾਲ ਚਿਹਰਾ ਧੋ ਲਓ।

**ਫ਼ਟੇ ਬੁੱਲ੍ਹ ਹੋਣਗੇ ਠੀਕ**

ਬਦਲਦੇ ਮੌਸਮ 'ਚ ਬੁੱਲ੍ਹ ਫ਼ੱਟਣ ਦੀ ਸਮੱਸਿਆ ਆਮ ਹੈ ਅਜਿਹੇ 'ਚ ਇਲਾਇਚੀ ਨੂੰ ਪੀਸ ਕੇ ਮੱਖਣ ਦੇ ਨਾਲ ਮਿਲਾ ਕੇ ਦਿਨ 'ਚ ਦੋ ਵਾਰ ਲਗਾਓ। ਸੱਤ ਦਿਨਾਂ 'ਚ ਹੀ ਤੁਹਾਨੂੰ ਫ਼ਰਕ ਦਿਖਾਈ ਦੇਣ ਲੱਗੇਗਾ।

**ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।**

# ਸਹੀ ਸਮੇਂ 'ਤੇ ਖਾਓ ਅੰਡਾ ਤਾਂ ਤੇਜ਼ੀ ਨਾਲ ਘਟੇਗਾ ਭਾਰ

ਅੰਡਾ ਪ੍ਰੋਟੀਨ ਦਾ ਸਭ ਤੋਂ ਚੰਗਾ ਸਰੋਤ ਮੰਨਿਆ ਜਾਂਦਾ ਹੈ। ਇਹ ਭਾਰ ਘਟਾਉਣ ਵਾਲਿਆਂ ਅਤੇ ਬਾਡੀ ਬਿਲਡਰਸ ਦਾ ਪਸੰਦੀਦਾ ਭੋਜਨ ਮੰਨਿਆ ਜਾਂਦਾ ਹੈ। ਅੰਡੇ 'ਚ ਕਈ ਤਰ੍ਹਾਂ ਦੇ ਪੋਸ਼ਕ ਤੱਤ ਪਾਏ ਜਾਂਦੇ ਹਨ, ਜੋ ਸਰੀਰ ਨੂੰ ਐਨਰਜੀ ਪ੍ਰਦਾਨ ਕਰਦੇ ਹਨ ਅਤੇ ਭਾਰ ਨੂੰ ਵੀ ਕੰਟਰੋਲ 'ਚ ਰੱਖਦੇ ਹਨ। ਸਭ ਤੋਂ ਖਾਸ ਗੱਲ ਇਹ ਹੈ ਕਿ ਅੰਡੇ ਨੂੰ ਪਕਾਉਣਾ ਬਹੁਤ ਆਸਾਨ ਹੈ ਅਤੇ ਇਸ ਨੂੰ ਆਪਣੇ ਰੋਜ਼ ਦੇ ਆਹਾਰ 'ਚ ਸ਼ਾਮਲ ਕੀਤਾ ਜਾ ਸਕਦਾ ਹੈ।



ਭਾਰ ਘਟਾਉਣ ਲਈ ਜ਼ਿਆਦਾਤਰ ਲੋਕ ਉਬਲੇ ਅੰਡੇ ਨੂੰ ਟੋਸਟ ਜਾਂ ਸ਼ਿਮਲਾ ਮਿਰਚ ਅਤੇ ਪਾਲਕ ਵਰਗੀਆਂ ਵੱਖ-ਵੱਖ ਤਰ੍ਹਾਂ ਦੀਆਂ ਸਬਜ਼ੀਆਂ ਦੇ ਨਾਲ ਮਿਲਾ ਕੇ ਖਾਂਦੇ ਹਨ। ਪਰ ਖਾਣ ਪੀਣ ਦੀਆਂ ਦੂਜੀਆਂ ਚੀਜ਼ਾਂ ਦੀ ਤਰ੍ਹਾਂ ਅੰਡੇ ਖਾਣ ਦਾ ਵੀ ਸਹੀ ਅਤੇ ਗਲਤ ਸਮਾਂ ਹੁੰਦਾ ਹੈ। ਜੇਕਰ ਅੰਡੇ ਨੂੰ ਸਹੀ ਸਮੇਂ 'ਤੇ ਖਾਧਾ ਜਾਵੇ ਤਾਂ ਭਾਰ ਕਾਫ਼ੀ ਤੇਜ਼ੀ ਨਾਲ ਘਟਦਾ ਹੈ।

**ਨਾਸ਼ਤੇ 'ਚ**

ਸਵੇਰੇ ਨਾਸ਼ਤੇ 'ਚ ਅੰਡਾ ਖਾਣਾ ਜ਼ਿਆਦਾ ਫ਼ਾਇਦੇਮੰਦ ਹੈ। ਅੰਡੇ ਦੀ ਡਿਸ਼ ਤਿਆਰ ਕਰਨ 'ਚ 5 ਤੋਂ 10 ਮਿੰਟ ਦਾ ਸਮਾਂ ਲੱਗਦਾ ਹੈ। ਇਸ 'ਚ ਮੈਗਨੀਸ਼ੀਅਮ, ਜਿੰਕ, ਆਇਰਨ ਅਤੇ ਪ੍ਰੋਟੀਨ ਵਰਗੇ ਪੋਸ਼ਕ ਤੱਤ ਪੂਰੀ ਮਾਤਰਾ 'ਚ ਪਾਏ ਜਾਂਦੇ ਹਨ। ਪ੍ਰੋਟੀਨ ਨਾਲ ਭਰਪੂਰ ਨਾਸ਼ਤਾ ਲੈਣ ਨਾਲ ਲੰਬੇ ਸਮੇਂ ਤੱਕ ਭੁੱਖ ਨਹੀਂ ਲੱਗਦੀ। ਇਸ ਨਾਲ ਤੁਸੀਂ ਜ਼ਿਆਦਾ ਖਾਣਾ ਖਾਣ ਤੋਂ ਬਚ ਸਕਦੇ ਹੋ।

ਵਰਕਆਊਟ ਤੋਂ ਬਾਅਦ ਕਾਫ਼ੀ ਤੇਜ਼ੀ ਨਾਲ ਭੁੱਖ ਲੱਗਦੀ ਹੈ। ਇਸ ਲਈ ਇਸ ਦੌਰਾਨ ਅੰਡਾ ਖਾਣਾ ਫ਼ਾਇਦੇਮੰਦ ਹੁੰਦਾ ਹੈ। ਇਹ ਭੁੱਖ ਨੂੰ ਸ਼ਾਂਤ ਕਰਦਾ ਹੈ, ਸਰੀਰ ਨੂੰ ਐਨਰਜੀ ਦਿੰਦਾ ਹੈ ਅਤੇ ਮਾਸਪੇਸ਼ੀਆਂ ਨੂੰ ਰਿਪੇਅਰ ਕਰਨ 'ਚ ਮਦਦ ਕਰਦਾ ਹੈ। ਸਾਡੇ ਸਰੀਰ ਨੂੰ ਪੂਰੇ ਪੋਸ਼ਣ ਦੀ ਲੋੜ ਹੁੰਦੀ ਹੈ ਅਤੇ ਅੰਡੇ ਤੋਂ ਬਿਹਤਰ ਕੁਝ ਵੀ ਨਹੀਂ ਹੈ। ਵਰਕਆਊਟ ਦੇ ਬਾਅਦ ਦੋ ਉਬਲੇ ਅੰਡੇ ਜਾਂ ਟਮਾਟਰ, ਸ਼ਿਮਲਾ ਮਿਰਚ ਅਤੇ ਪਾਲਕ ਮਿਲਾ ਕੇ ਆਮਲੇਟ ਬਣਾ ਕੇ ਖਾਧਾ ਜਾ ਸਕਦਾ ਹੈ। ਇਸ ਨਾਲ ਸਰੀਰ ਨੂੰ ਤੁਰੰਤ ਐਨਰਜੀ ਮਿਲਦੀ ਹੈ।

**ਰਾਤ ਨੂੰ**

ਕੁਝ ਸਟਡੀ ਮੁਤਾਬਕ ਰਾਤ ਦੇ ਖਾਣੇ ਤੋਂ ਬਾਅਦ ਅੰਡਾ ਖਾਣਾ ਇੱਕ ਹੈਲਦੀ ਆਪਸ਼ਨ ਹੈ। ਜਦਕਿ ਹੋਰ ਸਟਡੀ 'ਚ ਪਾਇਆ ਗਿਆ ਹੈ ਕਿ ਰਾਤ ਦੇ ਖਾਣੇ ਦੇ ਬਾਅਦ ਅੰਡੇ ਖਾਣ ਨਾਲ ਨੀਂਦ ਪ੍ਰਭਾਵਿਤ ਹੁੰਦੀ ਹੈ। ਦਰਅਸਲ ਰਾਤ ਦੇ ਖਾਣੇ ਤੋਂ ਬਾਅਦ ਅੰਡਾ ਖਾਣ ਨਾਲ ਐਸਿਡ ਰਿਫ਼ਲਕਸ ਤੋਂ ਪੀੜਤ ਮਰੀਜ਼ਾਂ 'ਚ ਅਨਿੰਦਰਾ ਦੀ ਸਮੱਸਿਆ ਵੱਧ ਸਕਦੀ ਹੈ। ਅੰਡੇ ਦੀ ਜਰਦੀ 'ਚ ਵਸਾ ਦੀ ਮਾਤਰਾ ਹੁੰਦੀ ਹੈ ਜੋ ਨੀਂਦ ਨੂੰ ਪ੍ਰਭਾਵਿਤ ਕਰਦੀ ਹੈ। ਹਾਲਾਂਕਿ ਹੋਰ ਸਟਡੀ ਕਹਿੰਦੀ ਹੈ ਕਿ ਰਾਤ ਦੇ ਖਾਣੇ ਤੋਂ ਬਾਅਦ ਅੰਡੇ ਖਾਣ ਨਾਲ ਚੰਗੀ ਨੀਂਦ ਆਉਂਦੀ ਹੈ। ਜੇਕਰ ਸੌਣ ਤੋਂ ਪਹਿਲਾਂ ਅੰਡੇ ਖਾਣ ਨਾਲ ਤੁਹਾਡੀ ਨੀਂਦ 'ਤੇ ਕੋਈ ਅਸਰ ਨਹੀਂ ਪੈਂਦਾ ਹੈ ਤਾਂ ਇਹ ਤੁਹਾਡੇ ਲਈ ਬੈਸਟ ਹੈ।

**ਭਾਰ ਘਟਾਉਣ ਲਈ ਅੰਡਾ ਪਕਾਉਣ ਦਾ ਤਰੀਕਾ**

—ਹਮੇਸ਼ਾ ਹੈਲਦੀ ਆਇਲ 'ਚ ਅੰਡਾ ਬਣਾਓ।

—ਅੰਡਾ ਪਕਾਉਣ ਲਈ ਘੱਟ ਤੋਂ ਘੱਟ ਤੇਲ ਦੀ ਵਰਤੋਂ ਕਰੋ।

—ਅੰਡੇ ਨੂੰ ਬਹੁਤ ਜ਼ਿਆਦਾ ਨਾ ਪਕਾਓ ਨਹੀਂ ਤਾਂ ਇਸ 'ਚ ਮੌਜੂਦ ਪੋਸ਼ਕ ਤੱਤ ਘੱਟ ਸਕਦੇ ਹਨ।

ਸਹੀ ਸਮੇਂ 'ਤੇ ਅੰਡੇ ਦੀ ਵਰਤੋਂ ਕਰਨ ਨਾਲ ਭਾਰ ਕੰਟਰੋਲ 'ਚ ਰਹਿੰਦਾ ਹੈ। ਤੁਸੀਂ ਸਵੇਰੇ ਨਾਸ਼ਤੇ 'ਚ, ਰਾਤ ਦੇ ਖਾਣੇ ਜਾਂ ਵਰਕਆਊਟ ਤੋਂ ਬਾਅਦ ਉਬਲੇ ਅੰਡੇ ਜਾਂ ਆਮਲੇਟ ਦੀ ਵਰਤੋਂ ਕਰ ਸਕਦੇ ਹੋ।

ਚੰਗੀ ਸਿਹਤ ਲਈ ਸਾਰੀਆਂ ਬੀਮਾਰੀਆਂ, ਜਿਵੇਂ ਗਠੀਆ, ਅਧਰੰਗ, ਲਕਵਾ, ਲਿਵਰ ਦੀ ਖ਼ਰਾਬੀ, ਗੁਪਤ ਰੋਗ, ਲਿਊਕੋਰੀਆ, ਮਾਹਵਾਰੀ ਦਾ ਦਰਦ, ਖ਼ੂਨ ਦੀ ਕਮੀ, ਤੇਜ਼ਾਬ, ਅਪਾਚਣ, ਭੁੱਖ ਨਾ ਲੱਗਣ, ਪੁਰਾਣੇ ਰੋਗਾਂ ਜਾਂ ਦਿਮਾਗ਼ੀ ਖ਼ਰਾਬੀ, ਦੌਰੇ ਪੈਣ, ਮਿਰਗੀ, ਕਮਜ਼ੋਰ ਯਾਦਾਸ਼ਤ, ਹੱਥਾਂ ਪੈਰਾਂ ਦੇ ਦਰਦ, ਨਿਮੋਨੀਆ, ਕਾਲੀ ਖੰਘ, ਦਮਾ, ਖਾਜ, ਮੁਹਾਂਸਿਆਂ, ਛਾਈਆਂ, ਆਦਿ ਦੇ ਪੱਕੇ ਤੌਰ 'ਤੇ ਹੋਮਿਓਪੈਥਿਕ ਇਲਾਜ ਲਈ ਅੱਜ ਹੀ ਗੁਡ ਹੈੱਲਥ ਹੋਮਿਓਪੈਥਿਕ ਸੈਂਟਰ ਨੂੰ 416-274-1512 'ਤੇ ਫ਼ੋਨ ਕਰੋ। ਠੀਕ ਨਾ ਹੋਵੋ ਤਾਂ ਸਾਰੇ ਪੈਸੇ ਵਾਪਿਸ।

# ਪੋਸ਼ਟਿਕ ਤੱਤਾਂ ਨਾਲ ਭਰਪੂਰ ਹੁੰਦੀ ਹੈ 'ਸ਼ਿਮਲਾ ਮਿਰਚ', ਵਰਤੋਂ ਕਰਨ 'ਤੇ ਇਨ੍ਹਾਂ ਬੀਮਾਰੀਆਂ ਤੋਂ ਪਾ ਸਕਦੇ ਹੋ ਮੁਕਤੀ

ਸ਼ਿਮਲਾ ਮਿਰਚ ਗੁਣਕਾਰੀ ਹਰੀ ਸਬਜ਼ੀ ਹੈ, ਜੋ ਸਾਡੇ ਸਰੀਰ ਲਈ ਬਹੁਤ ਫ਼ਾਇਦੇਮੰਦ ਹੈ। ਇਸ ਵਿੱਚ ਵਿਟਾਮਿਨ-ਏ, ਵਿਟਾਮਿਨ-ਸੀ, ਫ਼ਾਈਬਰ ਅਤੇ ਬੀਟਾ ਕੈਰਟੀਨ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਸ਼ਿਮਲਾ ਮਿਰਚ ਦੀ ਵਰਤੋਂ ਕਈ ਤਰੀਕਿਆਂ ਦੇ ਨਾਲ ਕੀਤੀ ਜਾਂਦੀ ਹੈ। ਇਸ ਵਿੱਚ ਕੈਲੋਰੀ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਸ਼ਿਮਲਾ ਮਿਰਚ ਨੂੰ ਖਾਣ ਨਾਲ ਮੋਟਾਪਾ ਘੱਟ ਹੁੰਦਾ ਹੈ ਅਤੇ ਕਲੈਸਟਰੋਲ ਕਾਬੂ 'ਚ ਰਹਿੰਦਾ ਹੈ। ਸਬਜ਼ੀ, ਨਿਊਡਲਸ, ਸਲਾਦ ਅਤੇ ਬੇਕਰੀ ਉਤਪਾਦਾਂ 'ਚ ਇਸਤੇਮਾਲ ਹੋਣ ਵਾਲੀ ਸ਼ਿਮਲਾ ਮਿਰਚ ਹੁਣ ਐਨੀਮੀਆ ਦੂਰ ਕਰਨ ਦਾ ਮੁੱਖ ਸਰੋਤ ਬਣੇਗੀ। ਆਓ ਜਾਣਦੇ ਹਾਂ ਲਾਭਕਾਰੀ ਸ਼ਿਮਲਾ ਮਿਰਚ ਦੇ ਫ਼ਾਇਦਿਆਂ ਬਾਰੇ-

**ਭਾਰ ਘੱਟ ਕਰਦੀ ਹੈ**

ਸ਼ਿਮਲਾ ਮਿਰਚ ਅਜਿਹੀ ਸਬਜ਼ੀ ਹੈ, ਜਿਸ 'ਚ ਕੈਲੋਰੀ ਦੀ ਮਾਤਰਾ ਬਹੁਤ ਘੱਟ ਹੁੰਦੀ ਹੈ। ਇਸ ਦਾ ਸੇਵਨ ਚਰਬੀ ਘਟਾਉਣ 'ਚ ਵੀ ਮਦਦਗਾਰ ਸਾਬਿਤ ਹੁੰਦਾ ਹੈ। ਇਸ ਦੀ ਵਰਤੋਂ ਕਰਨ ਨਾਲ ਜ਼ਹਿਰੀਲੇ ਤੱਤ ਸਰੀਰ ਤੋਂ ਬਾਹਰ ਨਿਕਲ ਜਾਂਦੇ ਹਨ।

**ਕਬਜ਼ ਦੀ ਸਮੱਸਿਆ ਤੋਂ ਛੁਟਕਾਰਾ**

ਬਹੁਤ ਸਾਰੇ ਲੋਕ ਕਬਜ਼ ਦੀ ਸਮੱਸਿਆ ਤੋਂ ਪ੍ਰੇਸ਼ਾਨ ਰਹਿੰਦੇ ਹਨ। ਸ਼ਿਮਲਾ ਮਿਰਚ ਦੀ ਵਰਤੋਂ ਦੇ ਨਾਲ ਇਸ



ਪ੍ਰੇਸ਼ਾਨੀ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਇਸ ਹਰੀ ਸਬਜ਼ੀ 'ਚ ਫ਼ਾਇਬਰ ਦੀ ਭਰਪੂਰ ਮਾਤਰਾ ਹੋਣ ਕਾਰਨ ਇਹ ਕਬਜ਼ ਦੀ ਸਮੱਸਿਆ ਤੋਂ ਛੁਟਕਾਰਾ ਦਿਵਾਉਣ 'ਚ ਮਦਦ ਕਰਦੀ ਹੈ। ਇਸ ਦੇ ਸੇਵਨ ਦੇ ਨਾਲ ਪਾਚਨ ਕਿਰਿਆ ਸਹੀ ਢੰਗ ਦੇ ਨਾਲ ਕੰਮ ਕਰਦੀ ਹੈ।

**ਸ਼ੂਗਰ ਨੂੰ ਕਰੇ ਕਾਬੂ**

ਅੱਜ ਕੱਲ ਦੀ ਖਾਣ-ਪੀਣ ਦੀਆਂ ਆਦਤਾਂ ਕਰਕੇ ਬਹੁਤ ਸਾਰੇ ਲੋਕ ਸ਼ੂਗਰ ਤੋਂ ਪੀੜਤ ਹੋ ਜਾਂਦੇ ਨੇ। ਸ਼ੂਗਰ ਦੇ ਮਰੀਜ਼ਾਂ ਲਈ ਸ਼ਿਮਲਾ ਮਿਰਚ ਬਹੁਤ ਹੀ ਗੁਣਕਾਰੀ ਹੈ। ਇਸ ਦੇ ਸੇਵਨ ਦੇ ਨਾਲ ਬਲੱਡ ਸ਼ੂਗਰ ਘੱਟ ਹੁੰਦੀ ਹੈ।

**ਕੋਲੈਸਟਰੋਲ ਨੂੰ ਕੰਟਰੋਲ**

ਸ਼ਿਮਲਾ ਮਿਰਚ 'ਚ ਭਰਪੂਰ ਮਾਤਰਾ 'ਚ ਪੋਸ਼ਕ ਤੱਤ ਮੌਜੂਦ ਹੁੰਦੇ ਹਨ ਜੋ ਬੈਡ ਕੋਲੈਸਟਰੋਲ ਨੂੰ ਖਤਮ ਕਰਦੇ ਹਨ ਅਤੇ ਸਰੀਰ 'ਚ ਕੋਲੈਸਟਰੋਲ ਦੀ ਮਾਤਰਾ ਨੂੰ ਕੰਟਰੋਲ 'ਚ ਰੱਖਦੇ ਹਨ।

**ਦਿਲ ਦੀਆਂ ਬੀਮਾਰੀਆਂ**

ਮਿਸ਼ਲਾ ਮਿਰਚ ਦੇ ਸੇਵਨ ਨਾਲ ਦਿਲ ਦੀਆਂ ਬੀਮਾਰੀਆਂ ਤੋਂ ਵੀ ਬਚਾਓ ਹੁੰਦਾ ਹੈ। ਇਸ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੀ ਬੀਮਾਰੀ ਤੋਂ ਵੀ ਛੁਟਕਾਰਾ ਮਿਲਦਾ ਹੈ।

**ਅਨੀਮੀਆ ਨੂੰ ਕਰੇ ਦੂਰ**

ਸਰੀਰ ਵਿੱਚ ਆਇਰਨ ਜਜ਼ਬ ਕਰਨ ਲਈ ਵਿਟਾਮਿਨ-ਸੀ ਦੀ ਜ਼ਰੂਰਤ ਹੁੰਦੀ ਹੈ। ਸ਼ਿਮਲਾ ਮਿਰਚ ਵਿੱਚ ਆਇਰਨ ਭਰਪੂਰ ਮਾਤਰਾ ਵਿੱਚ ਪਾਇਆ ਜਾਂਦਾ ਹੈ। ਅਜਿਹੀ ਸਥਿਤੀ ਵਿੱਚ ਸਰੀਰ ਆਇਰਨ ਦੀ ਚੰਗੀ ਤਰ੍ਹਾਂ ਵਰਤੋਂ ਕਰਨ ਦੇ ਯੋਗ ਹੁੰਦਾ ਹੈ ਅਤੇ ਤੁਹਾਨੂੰ ਅਨੀਮੀਆ ਜਾਂ ਇੱਥੋਂ ਤੱਕ ਕਿ ਅਨੀਮੀਆ ਵੀ ਨਹੀਂ ਹੁੰਦੀ।

**ਪੋਸ਼ਟਿਕ ਤੱਤਾਂ ਨਾਲ ਭਰਪੂਰ**

ਸ਼ਿਮਲਾ ਮਿਰਚ ਵਿੱਚ ਕਈ ਅਜਿਹੇ ਪੋਸ਼ਟਿਕ ਤੱਤ ਹੁੰਦੇ ਹਨ, ਜੋ ਸਰੀਰ ਲਈ ਬੇਹਦ ਜ਼ਰੂਰੀ ਹੁੰਦੇ ਹਨ। ਇਸ ਵਿੱਚ ਵਿਟਾਮਿਨ ਏ, ਵਿਟਾਮਿਨ ਸੀ, ਫ਼ਲੇਵਾਨਾਇਡਸ, ਐਲਕਾਕਾਇਡਸ, ਟੈਨਿਨ ਭਰਪੂਰ ਮਾਤਰਾ ਵਿੱਚ ਹੁੰਦੇ ਹਨ। ਜੋ ਐਂਟੀ-ਇੰਫ਼ਲੇਮੇਟਰੀ, ਐਨਾਲਜੇਸਟਿਕ ਅਤੇ ਐਂਟੀਆਕਸਾਈਡ ਦੇ ਤੌਰ ਉਤੇ ਕੰਮ ਕਰਦੇ ਹਨ।

# ਖ਼ੂਬਸੂਰਤੀ ਵਧਾਉਣ ਦੇ ਨਾਲ-ਨਾਲ ਕਈ ਬੀਮਾਰੀਆਂ ਨੂੰ ਦੂਰ ਕਰਦੈ 'ਸੰਤਰਾ', ਜਾਣੋ ਹੋਰ ਵੀ ਫ਼ਾਇਦੇ

ਸੰਤਰਾ ਗੁਣਕਾਰੀ ਫ਼ਲਾਂ 'ਚੋਂ ਇੱਕ ਫ਼ਲ ਹੈ। ਸੰਤਰੇ ਦੀ ਵਰਤੋਂ ਕਰਨਾ ਸਿਹਤ ਲਈ ਬਹੁਤ ਫ਼ਾਇਦੇ ਹੈ। ਇਸ ਦੇ ਸੇਵਨ ਨਾਲ ਸਰੀਰ ਦੀਆਂ ਕਈ ਤਰ੍ਹਾਂ ਦੀਆਂ ਬੀਮਾਰੀਆਂ ਤੋਂ ਨਿਜ਼ਾਤ ਮਿਲਦੀ ਹੈ। ਇਸ ਤੋਂ ਇਲਾਵਾ ਇਹ ਚਿਹਰੇ ਦੀ ਸੁੰਦਰਤਾ ਨੂੰ ਨਿਖ਼ਾਰਨ 'ਚ ਵੀ ਬਹੁਤ ਫ਼ਾਇਦੇਮੰਦ ਹੈ। ਸੰਤਰੇ ਦੇ ਗੁੱਦੇ ਵਿੱਚ ਸੈਲੁਯਲੋਜ ਹੈਮੀਸੇਲੂਲੋਜ, ਪ੍ਰੋਟੋਪੈਕਟਿਨ, ਪੈਕਟਿਨ, ਫ਼ਰੂਟ ਸ਼ੂਗਰ, ਗੰਧ, ਅਮੀਨੋ ਐਸਿਡ, ਵਿਟਾਮਿਨ 'ਸੀ', ਖਣਿਜ ਲਵਣ ਅਤੇ ਹੋਰ ਵੀ ਕਈ ਤਰ੍ਹਾਂ ਦੇ ਪੌਸ਼ਕ ਤੱਤ ਪਾਏ ਜਾਂਦੇ ਹਨ। ਸੰਤਰੇ ਖਾਣ ਨਾਲ ਹੋਰ ਕਿਹੜੇ ਫ਼ਾਇਦੇ ਹੁੰਦੇ ਹਨ, ਆਓ ਜਾਣਦੇ ਹਾਂ.....

**ਭਾਰ ਘੱਟ ਕਰਨ 'ਚ ਕਰਦੈ ਮਦਦ**

ਜ਼ਿਆਦਾ ਭਾਰ ਦੇ ਕਾਰਨ ਵੀ ਕਈ ਲੋਕ ਚਿੰਤਾ 'ਚ ਰਹਿੰਦੇ ਹਨ। ਭਾਰ ਘੱਟ ਕਰਨ ਲਈ ਸੰਤਰੇ ਦਾ ਸੇਵਨ ਕਰਨਾ ਕਾਫ਼ੀ ਫ਼ਾਇਦੇਮੰਦ ਸਾਬਤ ਹੋ ਸਕਦਾ ਹੈ। ਸੰਤਰੇ ਦੇ ਸੇਵਨ ਨਾਲ ਸਰੀਰ ਦਾ ਭਾਰ ਘੱਟ ਕੀਤਾ ਜਾ ਸਕਦਾ ਹੈ।

**ਪਿੰਪਲਸ ਨੂੰ ਦੂਰ ਕਰਨ 'ਚ ਮਦਦ ਕਰੇ**

ਸੰਤਰੇ ਦੇ ਰਸ 'ਚ ਭਰਪੂਰ ਮਾਤਰਾ ਵਿੱਚ ਸਾਇਟਰਿਕ ਐਸਿਡ ਪਾਇਆ ਜਾਂਦਾ ਹੈ ਜੋ ਪਿੰਪਲਸ ਨੂੰ ਦੂਰ ਕਰਨ 'ਚ ਮਦਦ ਕਰਦਾ ਹੈ। ਆਪਣੇ ਚਿਹਰੇ 'ਤੇ ਥੋੜ੍ਹਾ ਜਿਹਾ ਸੰਤਰੇ ਦਾ ਰਸ ਲਗਾਕੇ ਰਗੜੋ। ਸੁੱਕ ਜਾਣ 'ਤੇ ਚਿਹਰੇ ਨੂੰ ਧੋ ਲਓ। ਇਸ ਤੋਂ ਇਲਾਵਾ ਤੁਸੀਂ ਸੰਤਰੇ ਦਾ ਫ਼ੇਸ ਪੈਕ ਵੀ ਲਗਾ ਸੱਕਦੇ ਹੋ।

**ਬਲੱਡ ਪ੍ਰੈਸ਼ਰ ਨੂੰ ਕਾਬੂ ਕਰੇ**

ਬਲੱਡ ਪ੍ਰੈਸ਼ਰ ਨੂੰ ਕਾਬੂ ਵਿੱਚ ਰੱਖਣ ਲਈ ਸੋਡੀਅਮ ਦੀ ਮਾਤਰਾ ਠੀਕ ਹੋਣੀ ਚਾਹੀਦੀ ਹੈ। ਸੰਤਰਾ ਸੋਡੀਅਮ ਦੀ ਮਾਤਰਾ ਨੂੰ ਕਾਬੂ ਕਰਕੇ ਬਲੱਡ ਪ੍ਰੈਸ਼ਰ ਨੂੰ ਸਹੀ ਰੱਖਦਾ ਹੈ। ਇਸੇ ਲਈ ਆਪਣੇ ਭੋਜਨ ਵਿੱਚ ਸੰਤਰੇ ਨੂੰ ਜ਼ਰੂਰ ਸ਼ਾਮਲ ਕਰੋ।

**ਮੂੰਹ ਦੇ ਰੋਗ ਹੁੰਦੇ ਨੇ ਦੂਰ**

ਵਿਟਾਮਿਨ 'ਸੀ' ਦੀ ਕਮੀ ਕਾਰਨ ਸਕਰਵੀ ਰੋਗ ਹੋ ਜਾਂਦਾ ਹੈ। ਮਸੂੜੇ ਸੁੱਜ ਜਾਂਦੇ ਹਨ, ਜਿਸ ਕਰਕੇ ਉਨ੍ਹਾਂ 'ਚੋਂ ਖ਼ੂਨ ਨਿਕਲਣ ਲਗਦਾ ਹੈ। ਸੰਤਰੇ ਦੀ ਰੋਜ਼ਾਨਾ ਵਰਤੋਂ ਕਰਨ ਦੇ ਨਾਲ ਇਸ ਰੋਗ ਨੂੰ ਜਲਦੀ ਠੀਕ ਕੀਤਾ ਜਾ ਸਕਦਾ ਹੈ।

**ਅੱਖਾਂ ਦੀ ਰੋਸ਼ਨੀ ਲਈ ਹੈ ਲਾਭਕਾਰੀ**

ਜ਼ਾਨਾ ਸੰਤਰੇ ਦੀ ਵਰਤੋਂ ਕਰਨ ਨਾਲ ਅੱਖਾਂ ਦੀ ਰੋਸ਼ਨੀ ਤੇਜ਼ ਹੁੰਦੀ ਹੈ। ਇਸ ਲਈ ਨਿਯਮਤ ਰੂਪ ਵਿੱਚ ਸੰਤਰੇ ਦੀ ਵਰਤੋਂ ਕਰਨੀ ਚਾਹੀਦੀ ਹੈ।





**ਜ਼ੁਕਾਮ ਤੋਂ ਰਾਹਤ**

ਔਲੇ ਤੋਂ ਬਾਅਦ ਜੇ ਕਿਸੇ ਫ਼ਲ ਵਿੱਚ ਸਭ ਤੋਂ ਵੱਧ ਵਿਟਾਮਿਨ 'ਸੀ' ਹੈ ਤਾਂ ਉਹ ਫ਼ਲ ਸੰਤਰਾ ਹੀ ਹੈ। ਜਿਸ ਕਰਕੇ ਸੰਤਰੇ ਦੇ ਸੇਵਨ ਦੇ ਨਾਲ ਜ਼ੁਕਾਮ ਤੋਂ ਰਾਹਤ ਮਿਲਦੀ ਹੈ।

**ਮਾਨਸਿਕ ਤਣਾਅ ਦੂਰ ਕਰੋ**

ਸੰਤਰੇ ਫ਼ਲ ਦੇ ਸੇਵਨ ਨਾਲ ਦਿਮਾਗੀ ਥਕਾਨ ਅਤੇ ਚਿੜਚਿੜਾਪਨ ਦੂਰ ਹੁੰਦਾ ਹੈ। ਜਿਸ ਨਾਲ ਮਾਨਸਿਕ ਤਣਾਅ ਦੂਰ ਹੁੰਦਾ ਹੈ।

**ਕਿਡਨੀ ਸਟੋਨ**

ਸੰਤਰੇ ਦਾ ਸੇਵਨ ਗੁਰਦੇ ਲਈ ਬਹੁਤ ਹੀ ਫ਼ਾਇਦੇਮੰਦ ਹੈ। ਇਸ ਫ਼ਲ ਦੀ ਵਰਤੋਂ ਕਰਨ ਨਾਲ ਕਿਡਨੀ ਦੀ ਪੱਥਰੀ ਦਾ ਖਤਰਾ ਵੀ ਘੱਟ ਹੁੰਦਾ ਹੈ। ਇਸ ਤੋਂ ਇਲਾਵਾ ਇਹ ਯੂਰਿਕ ਐਸਿਡ ਨੂੰ ਵੀ ਘੱਟ ਕਰਦਾ ਹੈ।

**ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।**

# ਲਸਣ ਖਾਣ ਨਾਲ ਹੋਣਗੇ ਸਰੀਰ ਨੂੰ ਕਮਾਲ ਦੇ ਫ਼ਾਇਦੇ



ਸ਼ਹਿਦ ਅਤੇ ਲਸਣ ਦੇ ਬਾਰੇ 'ਚ ਕਹੀਆਂ ਗਈਆਂ ਗੱਲਾਂ ਤੋਂ ਸਮਝਿਆ ਜਾ ਸਕਦਾ ਹੈ ਕਿ ਇਹ ਦੋਵੇਂ ਹੀ ਭੋਜਨ ਪਦਾਰਥ ਗੁਣਾਂ ਦੀ ਖਾਨ ਹਨ। ਆਓ ਜਾਣਦੇ ਹਾਂ ਇਨ੍ਹਾਂ ਨੂੰ ਇਕੱਠੇ ਮਿਲਾ ਕੇ ਖਾਣ ਨਾਲ ਸਰੀਰ 'ਚ ਕਿਸ ਤਰ੍ਹਾਂ ਦੇ ਹੈਰਾਨੀਜਨਕ ਬਦਲਾਅ ਦੇਖਣ ਨੂੰ ਮਿਲਦੇ ਹਨ।

ਲਸਣ ਦੇ ਇਨ੍ਹਾਂ ਗੁਣਾਂ ਨਾਲ ਮਿਲਦੇ ਹਨ ਅਜਿਹੇ ਫ਼ਾਇਦੇ

ਲਸਣ 'ਚ ਕਈ ਤਰ੍ਹਾਂ ਦੇ ਬਾਇਓਐਕਟਿਵ ਕੰਪਾਊਂਡਸ ਪਾਏ ਜਾਂਦੇ ਹਨ ਜੋ ਤੁਹਾਡੇ ਸਰੀਰ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਂਦੇ ਹਨ। ਇਨ੍ਹਾਂ 'ਚ ਹਾਰਟ ਦੀ ਬਿਮਾਰੀ ਤੋਂ ਲੈ ਕੇ ਸਕਿਨ ਸੰਬੰਧੀ ਰੋਗ ਵੀ ਸ਼ਾਮਲ ਹਨ।

— ਜੋ ਲੋਕ ਨਿਯਮਿਤ ਤੌਰ 'ਤੇ ਆਪਣੇ ਭੋਜਨ 'ਚ ਲਸਣ ਦੀ ਵਰਤੋਂ ਕਰਦੇ ਹਨ, ਉਨ੍ਹਾਂ ਦਾ ਹਾਰਟ ਲੰਬੇ ਸਮੇਂ ਤੱਕ ਸੁਰੱਖਿਅਤ ਰਹਿੰਦਾ ਹੈ ਅਤੇ ਆਮ ਤੌਰ 'ਤੇ ਅਜਿਹੇ ਲੋਕਾਂ ਨੂੰ ਦਿਲ ਸਬੰਧੀ ਬਿਮਾਰੀਆਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ।

ਤੇਜ਼ ਖ਼ੁਸ਼ਬੂ ਅਤੇ ਸੁਆਦ ਦਾ ਕਮਾਲ

—ਐਲੀਸਿਨ ਲਸਣ ਦਾ ਇੱਕ ਅਜਿਹਾ ਬਾਇਓਐਕਟਿਵ ਕੰਪਾਊਂਡ ਹੈ, ਜੋ ਮੁੱਖ ਰੂਪ ਨਾਲ ਤਾਜ਼ੇ ਕੱਟੇ ਲਸਣ 'ਚ ਹੀ ਪਾਇਆ ਜਾਂਦਾ ਹੈ। ਇਸ ਕੰਪਾਊਂਡ ਦਾ ਲਸਣ ਦੇ ਗੁਣ, ਸੁਆਦ ਅਤੇ ਸਿਹਤ ਦੇ ਗੁਣਾਂ 'ਚ ਮੁੱਖ ਰੋਲ ਹੁੰਦਾ ਹੈ।

ਗੁਣਾਂ ਦਾ ਖਜ਼ਾਨਾ ਲਸਣ

—ਲਸਣ 'ਚ ਕੈਲਸ਼ੀਅਮ, ਆਇਰਨ, ਕਾਪਰ, ਪੋਟਾਸ਼ੀਅਮ ਅਤੇ ਫ਼ਾਸਫ਼ੋਰੇਸ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ। ਇਸ ਦੇ ਇਹ ਗੁਣ ਇਸ ਨੂੰ ਉੱਤਮ ਔਸ਼ਦੀ ਬਣਾਉਂਦੇ ਹਨ। ਕਿਉਂਕਿ ਇਹ ਸਾਰੇ ਪੋਸ਼ਕ ਤੱਤ ਤੁਹਾਡੇ ਸਰੀਰ ਨੂੰ ਅੰਦਰ ਤੋਂ ਪੋਸ਼ਣ ਦੇਣ ਲਈ ਜ਼ਰੂਰੀ ਹਨ।

—ਆਇਰਨ ਬਲੱਡ ਸਰਕੁਲੇਸ਼ਨ ਹੈ ਤਾਂ ਕੈਲਸ਼ੀਅਮ ਹੱਡੀਆਂ ਨੂੰ ਮਜ਼ਬੂਤੀ ਦਿੰਦਾ ਹੈ। ਫ਼ਾਸਫ਼ੋਰਸ ਮਾਸ ਦੀ ਸਿਹਤ ਬਣਾਏ ਰੱਖਦਾ ਹੈ ਤਾਂ ਕਾਪਰ ਅਤੇ ਪੋਟਾਸ਼ੀਅਮ ਸੰਪੂਰਨ ਸਿਹਤ ਨੂੰ ਬਣਾਏ ਰੱਖਣ ਲਈ ਇਨ੍ਹਾਂ ਸਾਰੇ ਤੱਤਾਂ ਦਾ ਸਾਥ ਨਿਭਾਉਂਦੇ ਹਨ।

—ਦਰਅਸਲ, ਸਰੀਰ ਨੂੰ ਸਿਹਤਮੰਦ ਰੱਖਣ 'ਚ ਇਹ ਸਾਰੇ ਪੋਸ਼ਕ ਤੱਤ ਇੱਕ ਦੂਜੇ ਦੇ ਪੂਰਕ ਰੂਪ 'ਚ ਕੰਮ ਕਰਦੇ ਹਨ। ਕਿਸੇ ਇੱਕ ਵੀ ਤੱਤ ਦੀ ਕਮੀ ਸਰੀਰ ਨੂੰ ਕਮਜ਼ੋਰ ਅਤੇ ਰੋਗੀ ਬਣਾਉਣ ਲਈ ਕਾਫ਼ੀ ਹੁੰਦੀ ਹੈ। ਪਰ ਹਰ ਦਿਨ ਲਸਣ ਦੀ ਵਰਤੋਂ ਨਾਲ ਤੁਸੀਂ ਆਪਣੇ ਸਰੀਰ ਦੀਆਂ ਇਹ ਸਾਰੀਆਂ ਜ਼ਰੂਰਤਾਂ ਪੂਰੀਆਂ ਕਰ ਸਕਦੇ ਹੋ।

ਹੁਣ ਗੱਲ ਸ਼ਹਿਦ ਦੀ ਕਰਦੇ ਹਾਂ।

ਸ਼ਹਿਦ ਦੇ ਬਾਰੇ 'ਚ ਤੁਸੀਂ ਜਾਣਦੇ ਹੋ ਕਿ ਇਹ ਇੱਕ ਸੰਪੂਰਨ ਆਹਾਰ ਹੈ। ਭਾਵ ਸਰੀਰ ਲਈ ਜ਼ਰੂਰੀ ਸਾਰੇ ਪੋਸ਼ਕ ਤੱਤਾਂ ਦਾ ਇੱਕ ਸੰਤੁਲਿਤ ਮਿਸ਼ਰਨ।

ਇੰਝ ਤਿਆਰ ਕਰੋ ਲਸਣ ਅਤੇ ਸ਼ਹਿਦ ਦਾ ਮਿਸ਼ਰਨ

ਤੁਸੀਂ ਇੱਕ ਲਸਣ ਦੀਆਂ ਕਲੀਆਂ ਨੂੰ ਵੱਖ-ਵੱਖ ਕਰਕੇ ਉਨ੍ਹਾਂ ਨੂੰ ਛਿੱਲ ਲਓ ਅਤੇ ਕੱਚ ਦੇ ਇੱਕ ਛੋਟੇ ਡੱਬੇ 'ਚ ਪਾ ਕੇ ਰੱਖੋ।

—ਜਦੋਂ ਸਾਰੀਆਂ ਕਲੀਆਂ ਛਿੱਲੀਆਂ ਜਾਣ ਤਾਂ ਇਸ ਡੱਬੇ 'ਚ ਓਨਾ ਹੀ ਸ਼ਹਿਦ ਮਿਕਸ ਕਰ ਲਓ ਕਿ ਲਸਣ 'ਤੇ ਚੰਗੀ ਤਰ੍ਹਾਂ ਨਾਲ ਸ਼ਹਿਦ ਦੀ ਕੋਟਿੰਗ ਹੋ ਜਾਵੇ।

—ਹੁਣ ਤੁਸੀਂ ਇਸ ਡੱਬੇ ਨੂੰ ਚੰਗੀ ਤਰ੍ਹਾਂ ਬੰਦ ਕਰ ਦਿਓ ਅਤੇ ਤਿੰਨ ਤੋਂ ਚਾਰ ਦਿਨ ਬਾਅਦ ਇਸ ਡੱਬੇ 'ਚੋਂ ਹਰ ਸਵੇਰੇ ਇੱਕ ਕਲੀ ਕੱਢ ਕੇ ਖਾਓ।

—ਜੇਕਰ ਤੁਸੀਂ ਆਪਣੇ ਸਰੀਰ ਦੀ ਚਰਬੀ ਨੂੰ ਘੱਟ ਕਰਨਾ ਚਾਹੁੰਦੇ ਹੋ ਤਾਂ ਇਸ ਡੱਬੇ 'ਚੋਂ ਲਸਣ ਦੀ ਇੱਕ ਕਲੀ ਹਰ ਦਿਨ ਸਵੇਰੇ ਖਾਲੀ ਪੇਟ ਖਾਓ। ਤੁਹਾਨੂੰ ਲਾਭ ਮਿਲੇਗਾ। ਤੁਹਾਡਾ ਢਿੱਡ ਸਾਫ਼ ਰਹੇਗਾ ਅਤੇ ਸਰੀਰ 'ਚ ਦਿਨ ਭਰ ਐਨਰਜੀ ਬਣੀ ਰਹੇਗੀ।

ਚੰਗੀ ਸਿਹਤ ਲਈ ਸਾਰੀਆਂ ਬੀਮਾਰੀਆਂ, ਜਿਵੇਂ ਗਠੀਆ, ਅਧਰੰਗ, ਲਕਵਾ, ਲਿਵਰ ਦੀ ਖ਼ਰਾਬੀ, ਗੁਪਤ ਰੋਗ, ਲਿਊਕੋਰੀਆ, ਮਾਹਵਾਰੀ ਦਾ ਦਰਦ, ਖ਼ੂਨ ਦੀ ਕਮੀ, ਤੇਜ਼ਾਬ, ਅਪਾਚਣ, ਭੁੱਖ ਨਾ ਲੱਗਣ, ਪੁਰਾਣੇ ਰੋਗਾਂ ਜਾਂ ਦਿਮਾਗ਼ੀ ਖ਼ਰਾਬੀ, ਦੌਰੇ ਪੈਣ, ਮਿਰਗੀ, ਕਮਜ਼ੋਰ ਯਾਦਾਸ਼ਤ, ਹੱਥਾਂ ਪੈਰਾਂ ਦੇ ਦਰਦ, ਨਿਮੋਨੀਆ, ਕਾਲੀ ਖੰਘ, ਦਮਾ, ਖਾਜ, ਮੁਹਾਂਸਿਆਂ, ਛਾਈਆਂ, ਆਦਿ ਦੇ ਪੱਕੇ ਤੌਰ 'ਤੇ ਹੋਮਿਓਪੈਥਿਕ ਇਲਾਜ ਲਈ ਅੱਜ ਹੀ ਗੁਡ ਹੈੱਲਥ ਹੋਮਿਓਪੈਥਿਕ ਸੈਂਟਰ ਨੂੰ 416-274-1512 'ਤੇ ਫ਼ੋਨ ਕਰੋ। ਠੀਕ ਨਾ ਹੋਵੇ ਤਾਂ ਸਾਰੇ ਪੈਸੇ ਵਾਪਿਸ।

# ਫ਼ੇਸ਼ੀਅਲ ਕਰਵਾਉਣ ਤੋਂ ਬਾਅਦ ਭੁੱਲ ਕੇ ਵੀ ਨਾ ਕਰੋ ਇਹ ਗਲਤੀਆਂ, ਹੋਵੇਗਾ ਚਿਹਰੇ ਨੂੰ ਨੁਕਸਾਨ

ਸਕਿਨ ਦੀ ਡਰਾਈਨੈੱਸ ਅਤੇ ਡਲਨੈੱਸ ਨੂੰ ਦੂਰ ਕਰਨ ਲਈ ਫ਼ੇਸ਼ੀਅਲ ਕਰਵਾਉਣਾ ਬੈਸਟ ਆਪਸ਼ਨ ਹੈ। ਇਸ ਨਾਲ ਚਿਹਰੇ ਦੀ ਡੂੰਘਾਈ ਨਾਲ ਸਫ਼ਾਈ ਹੋਣ ਦੇ ਨਾਲ ਡੈੱਡ ਸਕਿਨ ਸੈਲਸ ਰਿਮੂਵ ਹੋ ਕੇ ਨਵੀਂ ਸਕਿਨ ਬਣਨ 'ਚ ਮਦਦ ਮਿਲਦੀ ਹੈ। ਸਕਿਨ ਦੇ ਪੋਰਸ ਖੁੱਲ੍ਹਣ ਦੇ ਨਾਲ ਬਲੱਡ ਸਰਕੁਲੇਸ਼ਨ ਵਧੀਆ ਤਰੀਕੇ ਨਾਲ ਹੁੰਦਾ ਹੈ। ਇਸ ਨਾਲ ਸਕਿਨ 'ਤੇ ਜਮ੍ਹਾ ਸਾਰੀ ਗੰਦਗੀ ਸਾਫ਼ ਹੋ ਕੇ ਸਕਿਨ ਫ਼ਰੈੱਸ਼ ਫ਼ੀਲ ਕਰਦੀ ਹੈ। ਪਰ ਬਹੁਤ ਸਾਰੀਆਂ ਲੜਕੀਆਂ ਫ਼ੇਸ਼ੀਅਲ ਕਰਨ ਦੇ ਬਾਅਦ ਕੁਝ ਗਲਤੀਆਂ ਕਰ ਬੈਠਦੀਆਂ ਹਨ ਜਿਸ ਕਾਰਨ ਨਿਖਾਰ ਆਉਣ ਦੀ ਜਗ੍ਹਾ ਸਕਿਨ ਨਾਲ ਜੁੜੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਤਾਂ ਚੱਲੋ ਅੱਜ ਅਸੀਂ ਤੁਹਾਨੂੰ ਕੁਝ ਅਜਿਹੀਆਂ ਹੀ ਚੀਜ਼ਾਂ ਦੇ ਬਾਰੇ 'ਚ ਦੱਸਦੇ ਹਾਂ ਜਿਨ੍ਹਾਂ ਨੂੰ ਫ਼ੇਸ਼ੀਅਲ ਦੇ ਤੁਰੰਤ ਬਾਅਦ ਕਰਨ ਤੋਂ ਸਾਵਧਾਨ ਰਹਿਣਾ ਚਾਹੀਦਾ...

**ਫ਼ੇਸਵਾਸ਼ ਕਰਨ ਤੋਂ ਬਚਣਾ ਚਾਹੀਦਾ**

ਫ਼ੇਸ਼ੀਅਲ ਕਰਵਾਉਣ ਦੇ ਘੱਟ ਤੋਂ ਘੱਟ 3-4 ਘੰਟਿਆਂ ਤੱਕ ਫ਼ੇਸ਼ਵਾਸ਼ ਨਹੀਂ ਕਰਨਾ ਚਾਹੀਦਾ। ਇਸ ਨਾਲ ਪਾਣੀ ਅਤੇ ਕੈਮੀਕਲ ਰਿਐਕਸ਼ਨ ਕਰਨ ਨਾਲ ਸਕਿਨ ਨੂੰ ਖਰਾਬ ਕਰ ਸਕਦੇ ਹਨ। ਇਸ ਦੇ ਨਾਲ ਹੀ ਜੇਕਰ ਤੁਸੀਂ ਮੂੰਹ ਧੋਣਾ ਵੀ ਚਾਹੁੰਦੇ ਹੋ ਤਾਂ ਫ਼ੇਸ਼ੀਅਲ ਦੇ 3-4 ਘੰਟਿਆਂ ਦੇ ਬਾਅਦ ਸਾਬਣ ਜਾਂ ਫ਼ੇਸਵਾਸ਼ ਦੀ ਵਰਤੋਂ ਕਰਨ ਦੀ ਥਾਂ ਤਾਜ਼ੇ ਪਾਣੀ ਨਾਲ ਇਸ ਨੂੰ ਧੋਵੋ। ਉਸ ਦੇ ਬਾਅਦ ਚਿਹਰੇ ਨੂੰ ਤੌਲੀਏ ਦੀ ਮਦਦ ਨਾਲ ਹਲਕੇ ਹੱਥਾਂ ਨਾਲ ਸੁਕਾਓ।

**ਧੁੱਪ 'ਚ ਜਾਣ ਤੋਂ ਬਚੋ**

ਫ਼ੇਸ਼ੀਅਲ ਕਰਵਾਉਣ ਦੇ ਤੁਰੰਤ ਬਾਅਦ ਧੁੱਪ 'ਚ ਜਾਣ ਦੀ ਕਦੇ ਵੀ ਗਲਤੀ ਨਾ ਕਰੋ। ਇਸ ਨਾਲ ਚਿਹਰੇ 'ਤੇ ਰੈਡਨੈੱਸ ਵਧਣ ਦੇ ਨਾਲ ਪਿੰਪਲਸ ਹੋਣ ਦਾ ਖਤਰਾ ਰਹਿੰਦਾ ਹੈ। ਜੇਕਰ ਤੁਹਾਡਾ ਘਰ ਪਾਰਲਰ ਤੋਂ ਜ਼ਿਆਦਾ ਦੂਰ ਹੈ ਤਾਂ ਫ਼ੇਸ਼ੀਅਲ ਕਰਵਾਉਣ ਤੋਂ ਬਾਅਦ ਚਿਹਰੇ ਨੂੰ ਕੱਪੜੇ ਨਾਲ ਢੱਕ ਕੇ ਹੀ ਜਾਓ।

**ਫ਼ੇਸ ਵੈਕਸ਼ਿੰਗ ਕਰਵਾਉਣ ਦੀ ਗਲਤੀ ਨਾ ਕਰੋ**

ਫ਼ੇਸ਼ੀਅਲ ਕਰਨ ਨਾਲ ਸਕਿਨ ਬਹੁਤ ਸਾਫ਼ਟ ਹੋਣ ਦੇ ਨਾਲ ਸਕਿਨ ਪੋਰਸ ਖੁੱਲ੍ਹ ਜਾਂਦੇ ਹਨ। ਅਜਿਹੇ 'ਚ ਫ਼ੇਸ਼ੀਅਲ ਦੇ ਤੁਰੰਤ ਬਾਅਦ ਫ਼ੇਸ ਵੈਕਸਿੰਗ ਕਰਵਾਉਣ ਦੀ ਗਲਤੀ ਨਾ ਕਰੋ। ਇਸ ਨਾਲ ਚਿਹਰੇ 'ਤੇ ਪਿੰਪਲਸ, ਦਾਗ-ਧੱਬੇ, ਰੈਸ਼ੇਜ ਆਦਿ ਹੋਣ ਦਾ ਖਤਰਾ ਵੱਧਦਾ ਹੈ। ਅਜਿਹੇ 'ਚ ਹਮੇਸ਼ਾ ਫ਼ੇਸ਼ੀਅਲ ਕਰਵਾਉਣ ਨਾਲ ਕਰੀਬ 4-5 ਦਿਨ ਬਾਅਦ ਹੀ ਫ਼ੇਸ ਵੈਕਸਿੰਗ ਕਰਵਾਓ।



**ਫ਼ੇਸ਼ੀਅਲ ਦੇ ਤੁਰੰਤ ਬਾਅਦ ਮੇਕਅੱਪ ਨਾ ਕਰੋ**

ਹਮੇਸ਼ਾ ਲੜਕੀਆਂ ਫ਼ੇਸ਼ੀਅਲ ਦੇ ਠੀਕ ਬਾਅਦ ਮੇਕਅੱਪ ਕਰਨ ਲੱਗਦੀਆਂ ਹਨ। ਪਰ ਅਜਿਹਾ ਕਰਨ ਨਾਲ ਸਕਿਨ ਨੂੰ ਨੁਕਸਾਨ ਪਹੁੰਚਦਾ ਹੈ। ਇਸ ਲਈ ਫ਼ੇਸ਼ੀਅਲ ਦੇ ਬਾਅਦ ਸਕਿਨ ਨੂੰ ਸਾਹ ਲੈਣ ਲਈ ਛੱਡ ਦੇਣਾ ਚਾਹੀਦਾ ਹੈ। ਨਾਲ ਹੀ ਇਸ ਨਾਲ ਫ਼ੇਸ਼ੀਅਲ ਦਾ ਗਲੋਅ ਵੀ ਦਿੱਸਦਾ ਹੈ। ਇਸ ਦੇ ਇਲਾਵਾ ਬਿਊਟੀ ਟ੍ਰੀਟਮੈਂਟ ਦੇ ਬਾਅਦ ਥੋੜ੍ਹੀ ਦੇਰ ਸੌਣਾ ਬੈਸਟ ਆਪਸ਼ਨ ਹੈ। ਇਸ ਨਾਲ ਸਕਿਨ ਨੂੰ ਚੰਗੀ ਤਰ੍ਹਾਂ ਨਾਲ ਸਾਹ ਮਿਲਣ ਦੇ ਨਾਲ ਫ਼ਰੈੱਸ਼ ਫ਼ੀਲ ਹੋਣ 'ਚ ਮਦਦ ਮਿਲਦੀ ਹੈ।

**ਫ਼ੇਸਪੈਕ ਨੂੰ ਕਰੋ ਇੱਕ ਹਫ਼ਤੇ ਤੱਕ ਮਨ੍ਹਾ**

ਜੇਕਰ ਤੁਸੀਂ ਫ਼ੇਸ਼ੀਅਲ ਕਰਵਾਉਣ ਤੋਂ 1-2 ਦਿਨ ਬਾਅਦ ਹੀ ਫ਼ੇਸਪੈਕ ਲਗਾਉਂਦੀ ਹੋ ਤਾਂ ਆਪਣੀ ਇਸ ਆਦਤ ਨੂੰ ਛੇਤੀ ਹੀ ਬਦਲ ਲਓ। ਇਸ ਨਾਲ ਫ਼ੇਸ਼ੀਅਲ ਦਾ ਗਲੋਅ ਘੱਟ ਹੋ ਜਾਵੇਗਾ। ਸਕਿਨ ਸਾਫ਼ ਅਤੇ ਗਲੋਇੰਗ ਦਿੱਸਣ ਦੀ ਜਗ੍ਹਾ ਡਲ ਅਤੇ ਡਰਾਈ ਹੋਣ ਲੱਗੇਗੀ। ਨਾਲ ਫ਼ੇਸ਼ੀਅਲ ਦਾ ਗਲੋਅ 1-2 ਦਿਨ ਦੇ ਬਾਅਦ ਨਜ਼ਰ ਆਉਂਦਾ ਹੈ। ਇਸ ਲਈ ਫ਼ੇਸ਼ੀਅਲ ਕਰਵਾਉਣ ਦੇ 1 ਹਫ਼ਤੇ ਤੱਕ ਕੋਈ ਵੀ ਫ਼ੇਸਪੈਕ ਨਾ ਲਗਾਓ।

ਜੇਕਰ ਤੁਸੀਂ ਉੱਪਰ ਬਿਆਨ ਕੀਤੇ ਕਿਸੇ ਵੀ ਮਸਲੇ ਤੋਂ ਪਰੇਸ਼ਾਨ ਹੋ ਜਾਂ ਕਿਸੇ ਗੁਪਤ ਰੋਗ ਤੋਂ ਪੀੜਤ ਹੋ ਤਾਂ ਇੱਕ ਵਾਰ ਸੂਰਜਵੰਸ਼ੀ ਦਵਾਖ਼ਾਨੇ ਨਾਲ ਜ਼ਰੂਰ ਸੰਪਰਕ ਕਰੋ। ਸੂਰਜਵੰਸ਼ੀ ਦਵਾਖ਼ਾਨਾ ਉੱਤਰੀ ਅਮਰੀਕਾ ਵਿੱਚ ਪਿੱਛਲੇ 25 ਸਾਲਾਂ ਤੋਂ ਲਗਾਤਾਰ ਸੇਵਾ ਨਿਭਾਉਂਦਾ ਆ ਰਿਹਾ ਹੈ। ਮੈਡੀਕਲ ਸਾਇੰਸ ਵਲੋਂ ਸਾਰੀ ਦੁਨੀਆ 'ਚ ਇਹ ਗੱਲ ਪੂਰੀ ਤਰ੍ਹਾਂ ਸਥਾਪਤ ਕੀਤੀ ਜਾ ਚੁੱਕੀ ਹੈ ਕਿ ਪਿਛਲੇ 100 ਸਾਲਾਂ ਵਿੱਚ ਮੈਡੀਕਲ ਸਾਇੰਸ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਧਿਆਨ ਦੇਣ ਦੀ ਗੱਲ ਇਹ ਹੈ ਕਿ ਫ਼ਿਰ ਵੀ ਮਰਦਾਂ ਵਿੱਚ ਇਰੈਕਟਾਇਲ ਡਿਸਫ਼ੰਕਸ਼ਨ ਭਾਵ ਮਰਦਾਨਾ ਕਮਜ਼ੋਰੀ, ਸ਼ੀਘਰ ਪਤਨ, ਸ਼ੂਗਰ, ਗਠੀਆ ਤੇ ਰੀੜ੍ਹ ਦੀ ਹੱਡੀ ਦੀਆਂ ਬੀਮਾਰੀਆਂ ਨੂੰ ਅੰਗ੍ਰੇਜ਼ੀ ਦਵਾਈਆਂ ਨਾਲ ਸਿਰਫ਼ ਕੁਝ ਹੱਦ ਤਕ ਕੰਟਰੋਲ ਹੀ ਕੀਤਾ ਜਾ ਰਿਹਾ ਹੈ। ਇਨ੍ਹਾਂ ਬੀਮਾਰੀਆਂ ਨੂੰ ਹਮੇਸ਼ਾ ਲਈ ਖਤਮ ਕਰ ਕੇ ਮਰੀਜ਼ ਨੂੰ ਸਿਹਤਮੰਦ ਨਹੀਂ ਬਣਾਇਆ ਜਾ ਰਿਹਾ। ਮਰਦਾਂ ਨੂੰ ਇੰਦਰੀ ਵਰਧਕ ਨੁਸਖ਼ਾ ਚਾਹੀਦਾ ਹੋਵੇ ਤਾਂ ਉਹ ਸਾਡੇ ਕੋਲੋਂ 150 ਡੌਲਰ ਵਾਲੀ ਸਪੈਸ਼ਲ ਮਸ਼ੀਨ ਬਾਰੇ ਪੁੱਛਣਾ ਬਿਲਕੁਲ ਨਾ ਭੁੱਲਣ। ਮਰਦਾਨਾ ਤਾਕਤ ਦਾ ਫ਼ੌਲਾਦੀ ਨੁਸਖ਼ਾ ਖ਼ਰੀਦਣ 'ਤੇ ਮਸ਼ੀਨ ਬਿਲਕੁਲ ਮੁਫ਼ਤ ਹਾਸਿਲ ਕਰੋ। ਕੁਝ ਸਮੇਂ ਦੇ ਇਲਾਜ ਤੋਂ ਬਾਅਦ ਹੀ ਰੋਗੀ ਤੰਦਰੁਸਤ ਹੋ ਜਾਂਦੇ ਹਨ ਅਤੇ ਫ਼ਿਰ ਸਾਰੀ ਉਮਰ ਉਹ ਬਿਨਾਂ ਦਵਾਈਆਂ ਦੇ ਆਪਣਾ ਗ੍ਰਹਿਸਥ ਜੀਵਨ ਜੀ ਸਕਦੇ ਹਨ। ਸਪਰਮ ਕਾਊਂਟ ਘੱਟ ਹੋਵੇ ਤਾਂ ਵੀ ਸਾਡੇ ਕੋਲ ਸ਼ਰਤੀਆ ਇਲਾਜ ਮੌਜੂਦ ਹੈ। ਵਧੇਰੇ ਜਾਣਕਾਰੀ ਲਈ ਅੱਜ ਹੀ ਖ਼ਾਨਦਾਨੀ ਹਕੀਮ ਕੇ.ਬੀ. ਸਿੰਘ ਨਾਲ 416-992-5489 'ਤੇ ਸੰਪਰਕ ਕਰੋ ਜਾਂ ਇਸ ਅਖ਼ਬਾਰ ਵਿੱਚ ਲੱਗਾ ਸੂਰਜਵੰਸ਼ੀ ਦਵਾਖ਼ਾਨੇ ਦਾ ਇਸ਼ਤਿਹਾਰ ਦੇਖੋ।

# 2020 ਦਿੱਲੀ ਦੰਗਿਆਂ ਨਾਲ ਮੈਨੂੰ ਜੋੜਨ ਵਾਲਾ ਕੋਈ ਸਬੂਤ ਨਹੀਂ: ਉਮਰ ਖਾਲਿਦ

**ਨਵੀਂ ਦਿੱਲੀ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਰਵਰੀ 2020 ਦੇ ਦਿੱਲੀ ਦੰਗਿਆਂ ਨਾਲ ਜੁੜੇ ਯੂਏਪੀਏ ਕੇਸ ਵਿੱਚ ਜ਼ਮਾਨਤ ਦੀ ਮੰਗ ਕਰਦੇ ਹੋਏ ਕਾਰਕੁਨ ਉਮਰ ਖਾਲਿਦ ਨੇ ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਨੂੰ ਦੱਸਿਆ ਕਿ ਉਸ ਨੂੰ ਹਿੰਸਾ ਨਾਲ ਜੋੜਨ ਵਾਲਾ ਕੋਈ ਸਬੂਤ ਨਹੀਂ ਹੈ ਅਤੇ ਉਸਨੇ ਆਪਣੇ ਖ਼ਿਲਾਫ਼ ਲੱਗੇ ਸਾਜ਼ਿਸ਼ ਦੇ ਦੋਸ਼ਾਂ ਤੋਂ ਇਨਕਾਰ ਕੀਤਾ।

ਖਾਲਿਦ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਜਸਟਿਸ ਅਰਵਿੰਦ ਕੁਮਾਰ ਅਤੇ ਐਨ.ਵੀ. ਅੰਜਾਰੀਆ ਦੇ ਬੈਂਚ ਨੂੰ ਦੱਸਿਆ ਕਿ 2020 ਦੇ ਦਿੱਲੀ ਦੰਗਿਆਂ ਨਾਲ ਉਸ ਨੂੰ ਜੋੜਨ ਵਾਲੇ ਫੰਡਾਂ, ਹਥਿਆਰਾਂ ਜਾਂ ਕਿਸੇ ਵੀ ਭੌਤਿਕ ਸਬੂਤ ਦੀ ਕੋਈ ਬਰਾਮਦਗੀ ਨਹੀਂ ਹੋਈ ਹੈ।

ਸਿੱਬਲ ਨੇ ਕਿਹਾ, ÷751 ਐੱਫ.ਆਈ.ਆਰ. ਹਨ ਮੇਰੇ 'ਤੇ ਇੱਕ ਵਿੱਚ ਦੋਸ਼ ਲਗਾਇਆ ਗਿਆ ਹੈ ਅਤੇ ਜੇ ਇਹ ਕੋਈ ਸਾਜ਼ਿਸ਼ ਹੈ, ਤਾਂ ਇਹ ਥੋੜ੍ਹਾ ਹੈਰਾਨੀਜਨਕ ਹੈ! ਜੇ ਮੈਂ (ਉਮਰ ਖਾਲਿਦ) ਦੰਗਿਆਂ ਦੀ ਸਾਜ਼ਿਸ਼ ਰਚੀ ਸੀ, ਤਾਂ ਜਿਨ੍ਹਾਂ ਤਰੀਕਾਂ ਨੂੰ ਦੰਗੇ ਹੋਏ ਸਨ, ਮੈਂ ਦਿੱਲੀ ਵਿੱਚ ਨਹੀਂ ਸੀ,÷ ਅਤੇ ਅੱਗੇ ਕਿਹਾ ਕਿ ਉਸ ਨੂੰ ਹਿੰਸਾ ਨਾਲ ਜੋੜਨ ਵਾਲੇ ਕੋਈ ਫੰਡ, ਹਥਿਆਰ ਅਤੇ ਭੌਤਿਕ ਸਬੂਤ ਅਜੇ ਤੱਕ ਨਹੀਂ ਮਿਲੇ ਹਨ।

ਉਨ੍ਹਾਂ ਇਸ਼ਾਰਾ ਕੀਤਾ, "ਕਿਸੇ ਵੀ ਗਵਾਹ ਦਾ ਬਿਆਨ ਅਸਲ ਵਿੱਚ ਪਟੀਸ਼ਨਰ ਨੂੰ ਹਿੰਸਾ ਦੀ ਕਿਸੇ ਵੀ ਕਾਰਵਾਈ ਨਾਲ ਨਹੀਂ ਜੋੜਦਾ ਹੈ।"



ਸਿੱਬਲ ਨੇ ਦਲੀਲ ਦਿੱਤੀ ਕਿ ਖਾਲਿਦ ਸਮਾਨਤਾ ਦੇ ਆਧਾਰ 'ਤੇ ਜ਼ਮਾਨਤ ਦਾ ਹੱਕਦਾਰ ਹੈ, ਇਹ ਨੋਟ ਕਰਦੇ ਹੋਏ ਕਿ ਸਾਥੀ ਕਾਰਕੁਨਾਂ ਨਤਾਸ਼ਾ ਨਰਵਾਲ, ਦੇਵਾਂਗਨਾ ਕਲਿਤਾ ਅਤੇ ਆਸਿਫ਼ ਇਕਬਾਲ ਤਨਹਾ ਨੂੰ ਜੂਨ 2021 ਵਿੱਚ ਜ਼ਮਾਨਤ ਦਿੱਤੀ ਗਈ ਸੀ। ਸਿੱਬਲ ਨੇ ਕਿਹਾ ਕਿ ਦਿੱਲੀ ਹਾਈ ਕੋਰਟ ਨੇ ਜ਼ਮਾਨਤ ਦੇਣ ਤੋਂ ਇਨਕਾਰ ਕਰਦੇ ਹੋਏ ਉਮਰ ਖਾਲਿਦ ਦੇ 17 ਫਰਵਰੀ, 2020 ਦੇ ਅਮਰਾਵਤੀ ਵਿੱਚ ਦਿੱਤੇ ਭਾਸ਼ਣ ਨੂੰ ÷ਭੜਕਾਊ÷ ਕਰਾਰ ਦਿੱਤਾ ਸੀ। ਸਿੱਬਲ ਨੇ ਅੱਗੇ ਕਿਹਾ, "ਇਹ ਯੂਟਿਊਬ 'ਤੇ ਉਪਲਬਧ ਹੈ। ਇਹ ਇੱਕ ਜਨਤਕ ਭਾਸ਼ਣ ਸੀ ਜਿੱਥੇ ਮੈਂ (ਖਾਲਿਦ) ਗਾਂਧੀਵਾਦੀ ਸਿਧਾਂਤਾਂ ਬਾਰੇ ਗੱਲ ਕੀਤੀ ਸੀ।"

ਗੁਲਫਿਸ਼ਾ ਫਾਤਿਮਾ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੇ ਦਲੀਲ ਦਿੱਤੀ ਕਿ ਉਹ ਅਪਰੈਲ 2020 ਤੋਂ ਪਿਛਲੇ ਪੰਜ ਸਾਲ ਅਤੇ ਪੰਜ ਮਹੀਨਿਆਂ ਤੋਂ ਜੇਲ੍ਹ ਵਿੱਚ ਹੈ।

ਸਿੰਘਵੀ ਨੇ ਦੱਸਿਆ ਕਿ ਜਦੋਂ ਕਿ ਮੁੱਖ ਚਾਰਜਸ਼ੀਟ 16 ਸਤੰਬਰ, 2020 ਨੂੰ ਦਾਇਰ ਕੀਤੀ ਗਈ ਸੀ, ਪ੍ਰੌਸੀਕਿਊਸ਼ਨ ਨੇ ਹਰ ਸਾਲ ਸਪਲੀਮੈਂਟਰੀ ਚਾਰਜਸ਼ੀਟਾਂ ਦਾਇਰ ਕਰਨਾ ਇੱਕ ਸਾਲਾਨਾ ਰਿਵਾਜ ਬਣਾ ਲਿਆ ਹੈ।

ਉਨ੍ਹਾਂ ਨੇ ਦੱਸਿਆ ਕਿ ਫਾਤਿਮਾ ਦੀ ਜ਼ਮਾਨਤ ਅਰਜ਼ੀ 'ਤੇ ਵਿਚਾਰ ਕਰਨ ਵਿੱਚ ਬਹੁਤ ਜ਼ਿਆਦਾ ਦੇਰੀ ਹੋਈ ਹੈ, ਜਿਸਨੂੰ 2020 ਤੋਂ ਲੈ ਕੇ 90 ਤੋਂ ਵੱਧ ਵਾਰ ਸੂਚੀਬੱਧ ਕੀਤਾ ਗਿਆ ਹੈ।

ਸਿੰਘਵੀ ਨੇ ਕਿਹਾ ਕਿ ਉਸ ਦੇ ਮੁਵੱਕਿਲ ਦੇ ਖ਼ਿਲਾਫ਼ ਦੋਸ਼ ਸਿਰਫ ਇਹ ਹੈ ਕਿ ਉਸ ਨੇ ਤਾਲਮੇਲ ਜਾਂ ਸਮਰਥਨ ਜੁਟਾਉਣ ਲਈ ਇੱਕ ਵਟਸਐਪ ਗਰੁੱਪ ਬਣਾਇਆ ਸੀ।

ਉਨ੍ਹਾਂ ਕਿਹਾ, ਪਰ ਕਾਨੂੰਨ ਵਿੱਚ ਅਸਲ ਪ੍ਰੀਖਿਆ, ਜਿਵੇਂ ਕਿ ਸੁਪਰੀਮ ਕੋਰਟ ਵੱਲੋਂ ਨਿਰਧਾਰਤ ਕੀਤੀ ਗਈ ਹੈ, ਇਹ ਹੈ ਕਿ ਕੀ ਹਿੰਸਾ ਭੜਕਾਉਣ ਜਾਂ ਅਸਹਿਮਤੀ ਪੈਦਾ ਕਰਨ ਦਾ ਕੋਈ ਇਰਾਦਾ ਸੀ।"

ਸ਼ਰਜੀਲ ਇਮਾਮ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਸਿਧਾਰਥ ਦਵੇ ਨੇ ਦੱਸਿਆ ਕਿ ਪੁਲਿਸ ਨੇ ਆਪਣੀ ਜਾਂਚ ਪੂਰੀ ਕਰਨ ਲਈ ਤਿੰਨ ਸਾਲ ਲਏ।

ਇਸ ਮਾਮਲੇ ਦੀ ਸੁਣਵਾਈ ਅਧੂਰੀ ਰਹੀ ਅਤੇ 3 ਨਵੰਬਰ ਨੂੰ ਜਾਰੀ ਰਹੇਗੀ।

# ਭਾਰਤ ਤੇ ਅਮਰੀਕਾ ਵੱਲੋਂ ਨਵੇਂ ਰੱਖਿਆ ਚੌਖਟੇ ਲਈ ਦਸ ਸਾਲਾ ਸਮਝੌਤਾ ਸਹੀਬੰਦ

**ਨਵੀਂ ਦਿੱਲੀ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਪਾਰ ਤੇ ਟੈਰਿਫ ਨੂੰ ਲੈ ਕੇ ਦੋਵਾਂ ਮੁਲਕਾਂ ਵਿਚ ਜਾਰੀ ਤਲਖ਼ੀ ਦਰਮਿਆਨ ਭਾਰਤ ਤੇ ਅਮਰੀਕਾ ਨੇ ਸ਼ੁੱਕਰਵਾਰ ਨੂੰ ਪ੍ਰਮੁੱਖ ਰੱਖਿਆ ਭਾਈਵਾਲੀ ਲਈ ਨਵੇਂ ਚੌਖਟੇ 'ਤੇ ਸਹੀ ਪਾਈ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ, ਜਿਨ੍ਹਾਂ ਆਪਣੇ ਅਮਰੀਕੀ ਹਮਰੁਤਬਾ Peter Hegseth ਨਾਲ ਇਸ ਸਮਝੌਤੇ 'ਤੇ ਦਸਤਖ਼ਤ ਕੀਤੇ, ਨੇ ਕਿਹਾ ਦੋਵਾਂ ਮੁਲਕਾਂ ਦੇ ਦੁਵੱਲੇ ਰਿਸ਼ਤਿਆਂ ਵਿਚ ਰੱਖਿਆ ਅਹਿਮ ਥੰਮ੍ਹ ਰਹੇਗਾ।



ਸਿੰਘ ਤੇ Hegseth ਮਲੇਸ਼ੀਆ ਵਿਚ ਆਸਿਆਨ ਰੱਖਿਆ ਮੰਤਰੀਆਂ ਦੀ ਸਿਖਰ ਵਾਰਤਾ ਤੋਂ ਇਕਪਾਸੇ ਮਿਲੇ ਸਨ। ਰਾਜਨਾਥ ਸਿੰਘ ਨੇ ਐਕਸ 'ਤੇ ਇਕ ਪੋਸਟ ਵਿਚ ਉਪਰੋਕਤ ਬੈਠਕ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਕਿਹਾ, "ਕੁਆਲਾਲੰਪੁਰ ਵਿਚ ਆਪਣੇ ਅਮਰੀਕੀ ਹਮਰੁਤਬਾ ਨਾਲ ਬਹੁਤ ਕਾਰਗਰ ਮੁਲਾਕਾਤ ਹੋਈ। ਅਸੀਂ ਰੱਖਿਆ ਭਾਈਵਾਲੀ ਦੇ ਨਵੇਂ ਚੌਖਟੇ ਲਈ ਦਸ ਸਾਲਾ ਸਮਝੌਤਾ ਕੀਤਾ ਹੈ। ਇਹ ਸਾਡੀ ਪਹਿਲਾਂ ਤੋਂ ਮਜ਼ਬੂਤ ਰੱਖਿਆ ਭਾਈਵਾਲੀ ਵਿਚ ਨਵੇਂ ਯੁੱਗ ਦੀ ਸ਼ੁਰੂਆਤ ਹੋਵੇਗੀ।"

# ਕੋਰਟ ਦੇ ਹੁਕਮਾਂ ਦਾ ਕੋਈ ਸਤਿਕਾਰ ਨਹੀਂ, ਮੁੱਖ ਸਕੱਤਰ ਵਰਚੁਅਲੀ ਨਹੀਂ ਖ਼ੁਦ ਪੇਸ਼ ਹੋਣ: ਸੁਪਰੀਮ ਕੋਰਟ

**ਨਵੀਂ ਦਿੱਲੀ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਅਵਾਰਾ ਕੁੱਤਿਆਂ ਨਾਲ ਸਬੰਧਤ ਕੇਸ ਦੀ 3 ਨਵੰਬਰ ਲਈ ਤਜਵੀਜ਼ਤ ਸੁਣਵਾਈ ਵਿਚ ਪੱਛਮੀ ਬੰਗਾਲ ਤੇ ਤਿਲੰਗਾਨਾ ਨੂੰ ਛੱਡ ਕੇ ਹੋਰਨਾਂ ਰਾਜਾਂ ਦੇ ਮੁੱਖ ਸਕੱਤਰਾਂ ਨੂੰ ਵਰਚੁਅਲ ਪੇਸ਼ੀ ਦੀ ਖੁੱਲ੍ਹ ਦੇਣ ਬਾਰੇ ਸੌਲੀਸਿਟਰ ਜਨਰਲ ਤੁਸ਼ਾਰ ਮਹਿਤਾ ਦੀ ਅਪੀਲ ਰੱਦ ਕਰ ਦਿੱਤੀ ਹੈ। ਜਸਟਿਸ ਵਿਕਰਮ ਨਾਥ ਤੇ ਜਸਟਿਸ ਸੰਦੀਪ ਮਹਿਤਾ ਦੇ ਬੈਂਚ ਨੇ ਮਹਿਤਾ ਦੀ ਅਪੀਲ ਮੰਨਣ ਤੋਂ ਇਨਕਾਰ ਕਰਦਿਆਂ ਸਾਫ਼ ਕਰ ਦਿੱਤਾ ਕਿ ਮੁੱਖ ਸਕੱਤਰਾਂ ਨੂੰ 3 ਨਵੰਬਰ ਦੀ ਸੁਣਵਾਈ ਦੌਰਾਨ ਕੋਰਟ ਵਿਚ ਖੁਦ ਪੇਸ਼ ਹੋਣਾ ਪਏਗਾ।



ਜਸਟਿਸ ਨਾਥ ਨੇ ਕਿਹਾ, "ਜਦੋਂ ਅਸੀਂ ਉਨ੍ਹਾਂ ਨੂੰ ਹੁਕਮਾਂ ਦੀ ਪਾਲਣਾ ਸਬੰਧੀ ਹਲਫ਼ਨਾਮਾ ਦਾਇਰ ਕਰਨ ਲਈ ਕਿਹਾ, ਤਾਂ ਉਹ ਸੁੱਤੇ ਰਹੇ। ਅਦਾਲਤੀ ਹੁਕਮਾਂ ਦਾ ਕੋਈ ਸਤਿਕਾਰ ਨਹੀਂ ਕੀਤਾ। ਫਿਰ ਠੀਕ ਹੈ, ਉਨ੍ਹਾਂ ਨੂੰ ਆਉਣ ਦਿਓ।" ਚੇਤੇ ਰਹੇ ਕਿ ਸੁਪਰੀਮ ਕੋਰਟ ਨੇ 27 ਅਕਤੂਬਰ ਨੂੰ ਆਵਾਰਾ ਕੁੱਤਿਆਂ ਦੇ ਮਾਮਲੇ ਦੀ ਸੁਣਵਾਈ ਕਰਦੇ ਹੋਏ ਪੱਛਮੀ ਬੰਗਾਲ ਅਤੇ ਤਿਲੰਗਾਨਾ ਨੂੰ ਛੱਡ ਕੇ ਸਾਰੇ ਰਾਜਾਂ ਦੇ ਮੁੱਖ ਸਕੱਤਰਾਂ ਨੂੰ 3 ਨਵੰਬਰ ਨੂੰ ਕੋਰਟ ਵਿਚ ਪੇਸ਼ ਹੋਣ ਦੇ ਹੁਕਮ ਦਿੱਤੇ ਸਨ ਤਾਂ ਜੋ ਇਹ ਸਪੱਸ਼ਟ ਕੀਤਾ ਜਾ ਸਕੇ ਕਿ ਅਦਾਲਤ ਦੇ 22 ਅਗਸਤ ਦੇ ਹੁਕਮਾਂ ਦੇ ਬਾਵਜੂਦ ਹਲਫ਼ਨਾਮੇ ਕਿਉਂ ਦਾਇਰ ਨਹੀਂ ਕੀਤੇ ਗਏ।

ਸੁਪਰੀਮ ਕੋਰਟ ਨੇ 22 ਅਗਸਤ ਨੂੰ ਆਵਾਰਾ ਕੁੱਤਿਆਂ ਦੇ ਮਾਮਲੇ ਦਾ ਦਾਇਰਾ ਦਿੱਲੀ-ਕੌਮੀ ਰਾਜਧਾਨੀ ਖੇਤਰ ਦੀ ਹੱਦ ਤੋਂ ਵਧਾਉਂਦਿਆਂ ਨਿਰਦੇਸ਼ ਦਿੱਤਾ ਸੀ ਕਿ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਇਸ ਮਾਮਲੇ ਵਿੱਚ ਧਿਰ ਬਣਾਇਆ ਜਾਵੇ। ਕੋਰਟ ਨੇ ਸਾਰੇ ਰਾਜਾਂ ਦੇ ਮੁੱਖ ਸਕੱਤਰ ਨੂੰ ਅਦਾਲਤ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਬਾਰੇ ਹਲਫ਼ਨਾਮੇ ਦਾਇਰ ਕਰਨ ਲਈ ਕਿਹਾ ਸੀ।

# ਟੀ-20: ਆਸਟਰੇਲੀਆ ਨੇ ਭਾਰਤ ਨੂੰ ਚਾਰ ਵਿਕਟਾਂ ਨਾਲ ਹਰਾਇਆ

**ਮੈਲਬਰਨ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਭਾਰਤ ਤੇ ਆਸਟਰੇਲੀਆ ਦਰਮਿਆਨ ਖੇਡੇ ਜਾ ਰਹੇ ਟੀ-20 ਮੈਚ ਵਿਚ ਆਸਟਰੇਲੀਆ ਨੇ ਭਾਰਤ ਨੂੰ ਟੀ-20 ਮੈਚ ਵਿਚ ਚਾਰ ਵਿਕਟਾਂ ਨਾਲ ਹਰਾ ਦਿੱਤਾ ਹੈ। ਭਾਰਤ ਦੀ ਟੀਮ ਨੇ ਪਹਿਲਾਂ ਬੱਲੇਬਾਜ਼ੀ ਕੀਤੀ ਤੇ ਟੀਮ ਪੂਰੇ 20 ਓਵਰ ਵੀ ਨਾ ਖੇਡ ਸਕੀ। ਭਾਰਤੀ ਟੀਮ 18.4 ਓਵਰਾਂ ਵਿਚ 125 ਦੌੜਾਂ ਬਣਾ ਕੇ ਆਲ ਆਊਟ ਹੋ ਗਈ। ਇਸ ਦੇ ਜਵਾਬ ਵਿਚ ਆਸਟਰੇਲੀਆ ਦੀ ਸ਼ੁਰੂਆਤ ਵਧੀਆ ਰਹੀ। ਇਕ ਵੇਲੇ ਆਸਟਰੇਲੀਆ ਨੇ ਚਾਰ ਵਿਕਟਾਂ ਦੇ ਨੁਕਸਾਨ ਨਾਲ 123 ਦੌੜਾਂ ਬਣਾ ਲਈਆਂ ਸਨ ਤੇ ਜਸਪ੍ਰੀਤ ਬੁਮਰਾ ਨੇ ਦੋ ਖਿਡਾਰੀਆਂ ਨੂੰ ਆਊਟ ਕਰ ਦਿੱਤਾ ਪਰ ਉਸ ਵੇਲੇ ਆਸਟਰੇਲੀਆ ਨੂੰ ਮੈਚ ਜਿੱਤਣ ਲਈ ਸਿਰਫ ਦੋ ਦੌੜਾਂ ਦੀ ਹੀ ਲੋੜ ਸੀ ਤੇ ਆਸਟਰੇਲੀਆ ਨੇ ਜੇਤੂ ਟੀਚਾ ਸਰ ਕਰ ਲਿਆ। ਆਸਟਰੇਲੀਆ ਨੇ 13.2 ਓਵਰਾਂ ਵਿਚ ਛੇ ਵਿਕਟਾਂ ਦੇ ਨੁਕਸਾਨ ਨਾਲ 126 ਦੌੜਾਂ ਬਣਾ ਕੇ ਮੈਚ ਜਿੱਤ ਲਿਆ। ਭਾਰਤ ਦੇ ਆਸਟਰੇਲੀਆ ਦੌਰੇ 2025 ਦੇ ਦੂਜੇ " 20 ਮੈਚ ਵਿੱਚ ਭਾਰਤੀ ਬੱਲੇਬਾਜ਼ੀ ਬੁਰੀ ਤਰ੍ਹਾਂ ਲੜਖੜਾ ਗਈ ਅਤੇ ਟੀਮ ਪੂਰੇ 20 ਓਵਰ ਵੀ ਨਹੀਂ ਖੇਡ ਸਕੀ। ਇਸ ਮੈਚ ਦੌਰਾਨ ਟੀਮ 18.4 ਓਵਰਾਂ ਵਿੱਚ ਸਿਰਫ਼ 125 ਦੌੜਾਂ ਬਣਾ ਕੇ ਆਲ ਆਊਟ ਹੋ ਗਈ। ਆਸਟਰੇਲੀਆ ਨੇ ਟਾਸ ਜਿੱਤ ਕੇ ਪਹਿਲਾਂ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਸੀ। ਭਾਰਤ ਵੱਲੋਂ ਪਹਿਲਾਂ ਬੱਲੇਬਾਜ਼ੀ ਕਰਦਿਆਂ ਅਭਿਸ਼ੇਕ ਸ਼ਰਮਾ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਜਿਸ ਨੇ 37 ਗੇਂਦਾਂ 'ਤੇ 8 ਚੌਕਿਆਂ ਅਤੇ 2 ਛੱਕਿਆਂ ਦੀ ਮਦਦ ਨਾਲ 68 ਦੌੜਾਂ ਬਣਾਈਆਂ। ਅਭਿਸ਼ੇਕ ਤੋਂ ਇਲਾਵਾ ਹਰਸ਼ਿਤ ਨੇ ਵੀ



33 ਗੇਂਦਾਂ ਵਿੱਚ 35 ਦੌੜਾਂ ਦਾ ਯੋਗਦਾਨ ਦਿੱਤਾ। ਪਰ ਟੀਮ ਦੇ ਬਾਕੀ ਬੱਲੇਬਾਜ਼ 50 ਗੇਂਦਾਂ ਵਿੱਚ ਸਿਰਫ 22 ਦੌੜਾਂ ਹੀ ਬਣਾ ਸਕੇ। ਭਾਰਤੀ ਟੀਮ ਦੀ ਪਾਰੀ ਦਾ ਅੰਤ ਨਿਰਾਸ਼ਾਜਨਕ ਰਿਹਾ, ਕਿਉਂਕਿ ਟੀਮ ਨੇ ਆਖਰੀ 5 ਓਵਰਾਂ ਵਿੱਚ ਸਿਰਫ਼ 30 ਦੌੜਾਂ ਬਣਾਈਆਂ ਅਤੇ ਪੰਜ ਅਹਿਮ ਵਿਕਟਾਂ ਗਵਾ ਦਿੱਤੀਆਂ।

ਗੇਂਦਬਾਜ਼ੀ ਵਿੱਚ ਆਸਟਰੇਲੀਆ ਲਈ ਨਾਥਨ ਐਲਿਸ ਨੇ 3.4 ਓਵਰਾਂ ਵਿੱਚ 21 ਦੌੜਾਂ ਦੇ ਕੇ 2 ਵਿਕਟਾਂ ਲਈਆਂ ਅਤੇ ਜ਼ੇਵੀਅਰ ਬਾਰਟਲੇਟ ਨੇ ਵੀ 4 ਓਵਰਾਂ ਵਿੱਚ 39 ਦੌੜਾਂ ਦੇ ਕੇ 2 ਵਿਕਟਾਂ ਹਾਸਲ ਕੀਤੀਆਂ। ਆਸਟ੍ਰੇਲੀਆ ਨੂੰ ਇਹ ਮੈਚ ਜਿੱਤਣ ਲਈ ਹੁਣ 126 ਦੌੜਾਂ ਦਾ ਟੀਚਾ ਪੂਰਾ ਕਰਨਾ ਹੋਵੇਗਾ। ਭਾਰਤ ਨੇ ਪਾਵਰਪਲੇਅ ਵਿਚ 40/4 ਦਾ ਸਕੋਰ ਬਣਾਇਆ ਸੀ। ਹੇਜ਼ਲਵੁੱਡ ਨੇ 4 ਓਵਰਾਂ ਦੇ ਆਪਣੇ ਸਪੈੱਲ ਵਿਚ 13 ਦੌੜਾਂ ਬਦਲੇ ਤਿੰਨ ਵਿਕਟਾਂ ਲਈਆਂ। ਸ਼ੁਭਮਨ ਗਿੱਲ ਨੇ 5, ਕਪਤਾਨ ਸੂਰਿਆਕੁਮਾਰ ਨੇ 5, ਸੰਜੂ ਸੈਮਸਨ ਨੇ ਦੋ ਦੌੜਾਂ ਬਣਾਈਆਂ। ਤਿਲਕ ਵਰਮਾ ਖਾਤਾ ਖੋਲ੍ਹਣ ਵਿਚ ਵੀ ਨਾਕਾਮ ਰਿਹਾ।

# ਸਾਰੇ ਵਿਵਾਦ ਦੀ ਜੜ੍ਹ RSS, ਲੱਗਣਾ ਚਾਹੀਦਾ ਬੈਨ ; ਮੱਲਿਕਾਰਜੁਨ ਖੜਗੇ ਨੇ ਮੋਦੀ ਸਰਕਾਰ 'ਤੇ ਨਿਸ਼ਾਨਾ ਸਾਧਿਆ

**ਨਵੀਂ ਦਿੱਲੀ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਹਾਰ ਚੋਣਾਂ ਦਰਮਿਆਨ ਕਾਂਗਰਸ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਰਾਸ਼ਟਰੀ ਸਵੈਮ ਸੇਵਕ ਸੰਘ ਨੂੰ ਲੈ ਕੇ ਵੱਡਾ ਬਿਆਨ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐੱਸਐੱਸ) 'ਤੇ ਦੁਬਾਰਾ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਕਿਉਂਕਿ ਇਹ ਦੇਸ਼ ਵਿੱਚ ਜ਼ਿਆਦਾਤਰ ਕਾਨੂੰਨ ਵਿਵਸਥਾ ਦੀਆਂ ਸਮੱਸਿਆਵਾਂ ਲਈ ਜ਼ਿੰਮੇਵਾਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਉਨ੍ਹਾਂ ਦੇ ਨਿੱਜੀ ਵਿਚਾਰ ਹਨ।



ਕਾਂਗਰਸ ਪ੍ਰਧਾਨ ਨੇ ਇਹ ਵੀ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਝੂਠ ਨੂੰ ਸੱਚ ਵਿੱਚ ਬਦਲਣ ਵਿੱਚ ਮਾਹਰ ਹਨ। ਉਨ੍ਹਾਂ ਕਿਹਾ ਕਿ ਪਟੇਲ ਨੇ ਭਾਰਤ ਦੇ ਧਰਮ ਨਿਰਪੱਖ ਅਤੇ ਲੋਕਤੰਤਰੀ ਚਰਿੱਤਰ ਦੀ ਰੱਖਿਆ ਲਈ ਆਰਐੱਸਐੱਸ 'ਤੇ ਪਾਬੰਦੀ ਲਗਾਈ ਸੀ। ਉਨ੍ਹਾਂ ਕਿਹਾ , ਜੇਕਰ ਤੁਸੀਂ ਹਰ ਚੀਜ਼ ਲਈ ਕਾਂਗਰਸ ਨੂੰ ਦੋਸ਼ੀ ਠਹਿਰਾਉਂਦੇ ਹੋ, ਤਾਂ ਆਪਣੇ ਕੰਮਾਂ ਵੱਲ ਦੇਖੋ। ਖੜਗੇ ਨੇ ਕਿਹਾ, ਤੁਸੀਂ ਸੱਚ ਨੂੰ ਮਿਟਾਉਣ ਦੀ ਜਿੰਨੀ ਮਰਜ਼ੀ ਕੋਸ਼ਿਸ਼ ਕਰੋ, ਇਹ ਮਿਟੇਗਾ ਨਹੀਂ। ਉਹ (ਪ੍ਰਧਾਨ ਮੰਤਰੀ ਅਤੇ ਭਾਜਪਾ) ਹਮੇਸ਼ਾ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ, ਪੰਡਿਤ ਜਵਾਹਰ ਲਾਲ ਨਹਿਰੂ ਅਤੇ ਦੇਸ਼ ਦੇ ਪਹਿਲੇ ਗ੍ਰਹਿ ਮੰਤਰੀ, ਸਰਦਾਰ ਵੱਲਭਭਾਈ ਪਟੇਲ ਵਿਚਕਾਰ ਟਕਰਾਅ ਨੂੰ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ । ਨਹਿਰੂ ਅਤੇ ਪਟੇਲ ਦੇ ਬਹੁਤ ਚੰਗੇ ਸਬੰਧ ਸਨ ਅਤੇ ਪਟੇਲ ਨੇ ਨਹਿਰੂ ਨੂੰ ਲੋਕਾਂ ਦਾ ਨੇਤਾ ਦੱਸਿਆ ਸੀ।

ਉਨ੍ਹਾਂ ਕਿਹਾ, ਮੈਂ ਭਾਜਪਾ ਨੂੰ ਕਹਿਣਾ ਚਾਹੁੰਦਾ ਹਾਂ ਹਰ ਕੋਈ ਤੁਹਾਡਾ ਇਤਿਹਾਸ ਜਾਣਦਾ ਹੈ। ਨਹਿਰੂ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਗੁਜਰਾਤ ਵਿੱਚ ਪਟੇਲ ਦੀ ਮੂਰਤੀ ਦਾ ਉਦਘਾਟਨ ਕੀਤਾ ਅਤੇ ਸਰਦਾਰ ਸਰੋਵਰ ਡੈਮ ਦਾ ਨੀਂਹ ਪੱਥਰ ਰੱਖਿਆ।

# ਦਿੱਲੀ ਦੰਗਿਆਂ ਵੇਲੇ ਮੈਨੂੰ ਵੀ ਆਪਣੇ ਮਾਪਿਆਂ ਦੀ ਜਾਨ ਦਾ ਡਰ ਸੀ: ਪੁਰੀ

**ਨਵੀਂ ਦਿੱਲੀ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਅੱਜ ਸਿੱਖ ਵਿਰੋਧੀ ਦੰਗਿਆਂ ਦੀ ਬਰਸੀ ਮੌਕੇ 2 ਨਵੰਬਰ, 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਦਾ ਬਦਲਾ ਲੈਣ ਲਈ ਭੜਕੀ ਭੀੜ ਹੱਥੋਂ ਸਿੱਖ ਭਾਈਚਾਰੇ ਨੂੰ ਦਰਪੇਸ਼ ਭਿਆਨਕਤਾ ਤੇ ਦਿਲ ਦਹਿਲਾਉਣ ਵਾਲੇ ਦ੍ਰਿਸ਼ਾਂ ਨੂੰ ਯਾਦ ਕੀਤਾ। ਪੁਰੀ, ਜੋ ਉਦੋਂ ਜੇਨੇਵਾ ਵਿੱਚ ਪਹਿਲੇ ਸਕੱਤਰ ਵਜੋਂ ਤਾਇਨਾਤ ਸਨ ਨੇ ਅੱਜ ਕਿਹਾ ਕਿ ਉਨ੍ਹਾਂ ਨੂੰ ਆਪਣੇ ਮਾਪਿਆਂ ਦੀ ਜਾਨ ਦਾ ਡਰ ਸਤਾ ਰਿਹਾ ਸੀ ਜੋ ਉਸ ਵੇਲੇ ਦਿੱਲੀ ਵਿੱਚ ਰਹਿੰਦੇ ਸਨ।



ਮੰਤਰੀ ਨੇ ਉਸ ਦਿਨ ਨੂੰ ਯਾਦ ਕਰਦਿਆਂ ਕਿਹਾ, "ਹੋਰਨਾਂ ਸਿੱਖਾਂ ਵਾਂਗ ਇਹ ਹਿੰਸਾ ਮੇਰੇ ਘਰ ਦੇ ਨੇੜੇ ਵੀ ਪਹੁੰਚੀ। ਮੈਂ ਉਦੋਂ ਜੇਨੇਵਾ ਵਿੱਚ ਤਾਇਨਾਤ ਪਹਿਲਾ ਸਕੱਤਰ ਸੀ ਅਤੇ ਆਪਣੇ ਮਾਪਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਬਾਰੇ ਬਹੁਤ ਫ਼ਿਕਰਮੰਦ ਸੀ। ਮੇਰੇ ਮਾਪੇ ਹੌਜ਼ ਖਾਸ ਦੇ ਐਸਐਫਐਸ ਵਿੱਚ ਇੱਕ ਡੀਡੀਏ ਫਲੈਟ ਵਿੱਚ ਰਹਿੰਦੇ ਸਨ। ਉਨ੍ਹਾਂ ਨੂੰ ਮੇਰੇ ਇਕ ਹਿੰਦੂ ਦੋਸਤ ਨੇ ਸਮੇਂ ਸਿਰ ਬਚਾ ਲਿਆ ਅਤੇ ਖਾਨ ਮਾਰਕੀਟ ਵਿੱਚ ਮੇਰੇ ਦਾਦਾ-ਦਾਦੀ ਦੇ ਪਹਿਲੀ ਮੰਜ਼ਿਲ ਵਾਲੇ ਘਰ ਵਿੱਚ ਲੈ ਗਏ। ਦਿੱਲੀ ਅਤੇ ਕਈ ਹੋਰ ਸ਼ਹਿਰਾਂ ਵਿੱਚ ਅਣਕਿਆਸੀ ਹਿੰਸਾ ਫੈਲੀ ਹੋਈ ਸੀ।"

'84 ਦੇ ਦੰਗਿਆਂ ਲਈ ਕਾਂਗਰਸ ਨੂੰ ਲੰਮੇ ਹੱਥੀਂ ਲੈਂਦਿਆਂ ਪੁਰੀ ਨੇ ਕਿਹਾ ਕਿ ਅੱਜ ਹਿੰਸਾ ਦੇ ਉਨ੍ਹਾਂ ਕਾਲੇ ਦਿਨਾਂ ਨੂੰ ਗੁੱਸੇ ਨਾਲ ਯਾਦ ਕਰਨ ਦਾ ਵੇਲਾ ਹੈ। ਅਸੀਂ ਦੰਗਾ ਪੀੜਤਾਂ ਨੂੰ ਸ਼ਰਧਾਂਜਲੀ ਦਿੰਦੇ ਹਾਂ ਅਤੇ ਉਨ੍ਹਾਂ ਦੇ ਪਿੱਛੇ ਰਹਿ ਗਏ ਪਰਿਵਾਰਾਂ ਦੇ ਦੁੱਖ ਅਤੇ ਦਰਦ ਨਾਲ ਹਮਦਰਦੀ ਰੱਖਦੇ ਹਾਂ। ਉਨ੍ਹਾਂ ਕਿਹਾ, "ਸਮਾਂ ਆ ਗਿਆ ਹੈ ਕਿ ਅਸੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਸਮਾਵੇਸ਼ੀ ਵਿਕਾਸ ਅਤੇ ਸ਼ਾਂਤੀ ਦੇ ਯੁੱਗ ਦੀ ਕਦਰ ਕਰੀਏ। ਅੱਜ ਭਾਰਤ ਨਾ ਸਿਰਫ਼ ਆਪਣੀਆਂ ਘੱਟਗਿਣਤੀਆਂ ਨੂੰ ਸੁਰੱਖਿਅਤ ਰੱਖਦਾ ਹੈ ਬਲਕਿ ਬਿਨਾਂ ਕਿਸੇ ਪੱਖਪਾਤ ਜਾਂ ਭੇਦਭਾਵ ਦੇ 'ਸਭਕਾ ਸਾਥ, ਸਭਕਾ ਵਿਕਾਸ' ਯਕੀਨੀ ਬਣਾਉਂਦਾ ਹੈ।"

ਉਨ੍ਹਾਂ ਲੋਕਾਂ ਨੂੰ ਕਿਹਾ ਕਿ ਉਹ 1984 ਦੇ ਦੰਗਿਆਂ ਨੂੰ ਕਦੇ ਨਾ ਭੁੱਲਣ। ਪੁਰੀ ਨੇ ਸਿੱਖ ਵਿਰੋਧੀ ਦੰਗਿਆਂ ਨੂੰ ਆਜ਼ਾਦ ਭਾਰਤ ਦੇ ਇਤਿਹਾਸ ਦੇ ਸਭ ਤੋਂ ਕਾਲੇ ਧੱਬਿਆਂ ਵਿੱਚੋਂ ਇੱਕ ਦੱਸਿਆ।

# ਜਗਰਾਉਂ 'ਚ ਕਬੱਡੀ ਖਿਡਾਰੀ ਦਾ ਗੋਲੀਆਂ ਮਾਰ ਕੇ ਕਤਲ

**ਲੁਧਿਆਣਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਗਰਾਉਂ ਵਿੱਚ ਇੱਕ ਕਬੱਡੀ ਖਿਡਾਰੀ ਦਾ ਅਣਪਛਾਤੇ ਵਿਅਕਤੀਆਂ ਵੱਲੋਂ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਗੋਲੀ ਕਬੱਡੀ ਖਿਡਾਰੀ ਦੀ ਛਾਤੀ ਵਿੱਚ ਲੱਗੀ ਅਤੇ ਜਦੋਂ ਉਸਨੂੰ ਹਸਪਤਾਲ ਲਿਜਾਇਆ ਗਿਆ ਤਾਂ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਨੌਜਵਾਨ ਦੀ ਪਛਾਣ 23 ਸਾਲਾ ਤੇਜਪਾਲ ਸਿੰਘ ਵਜੋਂ ਹੋਈ ਹੈ। ਉਹ ਗਿੱਦੜਵਿੰਡੀ ਦਾ ਰਹਿਣ ਵਾਲਾ ਸੀ ਅਤੇ ਇੱਕ ਕਬੱਡੀ ਖਿਡਾਰੀ ਸੀ। ਹਮਲਾਵਰ ਵਾਰਦਾਤ ਨੂੰ ਅੰਜਾਮ ਦੇਣ ਮਗਰੋਂ ਮੌਕੇ ਤੋਂ ਫਰਾਰ ਹੋ ਗਏ।ਇਹ ਘਟਨਾ ਜਗਰਾਉਂ ਦੇ ਹਰੀ ਸਿੰਘ ਰੋਡ 'ਤੇ ਵਾਪਰੀ, ਜੋ ਕਿ ਐਸਐਸਪੀ ਦਫ਼ਤਰ ਤੋਂ ਥੋੜ੍ਹੀ ਦੂਰੀ 'ਤੇ ਹੈ। ਮੁਢਲੀ ਜਾਣਕਾਰੀ ਅਨੁਸਾਰ ਹਮਲਾਵਰ ਇੱਕ ਕਾਰ ਵਿੱਚ ਆਏ ਅਤੇ ਤੇਜਪਾਲ ਨੂੰ ਸ਼ਰੇਆਮ ਗੋਲੀ ਮਾਰ ਦਿੱਤੀ।



ਘਟਨਾ ਦੀ ਸੂਚਨਾ ਮਿਲਦੇ ਹੀ ਡੀਐਸਪੀ ਸਮੇਤ ਸਿਟੀ ਥਾਣੇ ਦੀ ਪੁਲਿਸ ਟੀਮ ਮੌਕੇ 'ਤੇ ਪਹੁੰਚ ਗਈ ਅਤੇ ਜਾਂਚ ਸ਼ੁਰੂ ਕਰ ਦਿੱਤੀ। ਪੁਲੀਸ ਹਮਲਾਵਰਾਂ ਦੀ ਪਛਾਣ ਕਰਨ ਲਈ ਘਟਨਾ ਵਾਲੀ ਥਾਂ ਦੇ ਆਲੇ-ਦੁਆਲੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਚੈੱਕ ਕਰ ਰਹੀ ਹੈ।

# ਮੁਅੱਤਲ ਡੀ.ਆਈ.ਜੀ. ਦੀ ਨਿਆਂਇਕ ਹਿਰਾਸਤ 'ਚ 14 ਦਿਨਾਂ ਦਾ ਵਾਧਾ

**ਚੰਡੀਗੜ੍ਹ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਬੀਆਈ ਕੋਰਟ ਨੇ ਪੰਜਾਬ ਪੁਲੀਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਦੀ ਨਿਆਂਇਕ ਹਿਰਾਸਤ 14 ਦਿਨਾਂ ਲਈ ਵਧਾ ਦਿੱਤੀ ਹੈ। ਭੁੱਲਰ ਨੂੰ ਅੱਜ 14 ਦਿਨਾਂ ਨਿਆਂਇਕ ਹਿਰਾਸਤ ਦੀ ਮਿਆਦ ਮੁੱਕਣ ਮਗਰੋਂ ਵੀਡੀਓ ਕਾਨਫਰੰਸਿੰਗ ਜ਼ਰੀਏ ਸੀਬੀਆਈ ਕੋਰਟ ਵਿਚ ਪੇਸ਼ ਕੀਤਾ ਗਿਆ। ਚੇਤੇ ਰਹੇ ਕਿ ਸੀਬੀਆਈ ਨੇ ਅੱਜ ਵੀ ਭੁੱਲਰ ਦੇ ਰਿਮਾਂਡ ਦੀ ਮੰਗ ਨਹੀਂ ਕੀਤੀ ਜਿਸ ਕਰਕੇ ਕੋਰਟ ਨੇ ਮੁਅੱਤਲ ਪੁਲੀਸ ਅਧਿਕਾਰੀ ਨੂੰ 14 ਨਵੰਬਰ ਤੱਕ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ। ਸੀਬੀਆਈ ਨੇ ਭੁੱਲਰ ਤੇ ਵਿਚੋਲੀਏ ਕ੍ਰਿਸ਼ਨੂ ਸ਼ਾਰਦਾ ਨੂੰ 16 ਅਕਤੂਬਰ ਨੂੰ ਗ੍ਰਿਫ਼ਤਾਰ ਕੀਤਾ ਸੀ।



ਸੀਬੀਆਈ ਨੇ ਭੁੱਲਰ ਨੂੰ 16 ਅਕਤੂਬਰ ਨੂੰ ਇੱਕ ਸਕ੍ਰੈਪ ਡੀਲਰ ਤੋਂ 'ਸੇਵਾ ਪਾਣੀ' ਵਜੋਂ 8 ਲੱਖ ਰੁਪਏ ਦੀ ਰਿਸ਼ਵਤ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਸੀ। ਸੀਬੀਆਈ ਦੀ ਟੀਮ ਨੇ ਮਗਰੋਂ ਭੁੱਲਰ ਦੀ ਚੰਡੀਗੜ੍ਹ ਦੇ ਸੈਕਟਰ 40 ਵਿਚਲੀ ਰਿਹਾਇਸ਼ 'ਤੇ ਮਾਰੇ ਛਾਪੇ ਦੌਰਾਨ ਉਥੋਂ 7.5 ਕਰੋੜ ਰੁਪਏ ਦੀ ਨਕਦੀ ਤੋਂ ਇਲਾਵਾ 2.5 ਕਿਲੋਗ੍ਰਾਮ ਸੋਨੇ ਦੇ ਗਹਿਣੇ ਜ਼ਬਤ ਕੀਤੇ ਸਨ। ਇਸ ਤੋਂ ਇਲਾਵਾ ਤਲਾਸ਼ੀ ਮੁਹਿੰਮ ਦੌਰਾਨ ਰੋਲੈਕਸ ਤੇ ਰਾਡੋ ਬਰਾਂਡ ਸਣੇ 26 ਲਗਜ਼ਰੀ ਘੜੀਆਂ, ਪਰਿਵਾਰਕ ਮੈਂਬਰਾਂ ਅਤੇ ਸ਼ੱਕੀ ਬੇਨਾਮੀ ਸੰਸਥਾਵਾਂ ਦੇ ਨਾਮ 'ਤੇ 50 ਤੋਂ ਵੱਧ ਅਚੱਲ ਜਾਇਦਾਦਾਂ ਨਾਲ ਸਬੰਧਤ ਦਸਤਾਵੇਜ਼, ਲਾਕਰ ਦੀਆਂ ਚਾਬੀਆਂ ਅਤੇ ਕਈ ਬੈਂਕ ਖਾਤਿਆਂ ਦੇ ਵੇਰਵੇ ਅਤੇ 100 ਜ਼ਿੰਦਾ ਕਾਰਤੂਸਾਂ ਦੇ ਨਾਲ ਚਾਰ ਹਥਿਆਰ ਵੀ ਜ਼ਬਤ ਕੀਤੇ ਸਨ। ਸੀਬੀਆਈ ਨੇ ਲੰਘੇ ਦਿਨੀਂ ਭੁੱਲਰ ਖਿਲਾਫ਼ ਆਮਦਨ ਤੋਂ ਵੱਧ ਜਾਇਦਾਦ ਦਾ ਇਕ ਨਵਾਂ ਕੇਸ ਦਰਜ ਕੀਤਾ ਹੈ।

# ਬੱਸ ਤੇ ਟਰੱਕ ਦੀ ਟੱਕਰ ਵਿਚ ਕੰਡਕਟਰ ਦੀ ਮੌਤ, 12 ਮੁਸਾਫ਼ਰ ਜ਼ਖ਼ਮੀ

## ਸਰਹੰਦ ਰੋਡ 'ਤੇ ਟਰਾਈਸਿਟੀ ਸਾਹਮਣੇ ਵਾਪਰਿਆ ਹਾਦਸਾ; ਜ਼ਖ਼ਮੀਆਂ 'ਚੋਂ ਇਕ ਦੀ ਹਾਲਤ ਗੰਭੀਰ

**ਪਟਿਆਲਾ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਸਰਹੰਦ ਰੋਡ 'ਤੇ ਟਰਾਈ ਸਿਟੀ ਦੇ ਸਾਹਮਣੇ ਅੱਜ ਸਵੇਰੇ ਪੀਆਰਟੀਸੀ ਦੀ ਬੱਸ (ਪੀਬੀ 06 ਬੀ 3765) ਅਤੇ ਟਰੱਕ (ਐਚਪੀ 72 ਪੀ 7808) ਦਰਮਿਆਨ ਟੱਕਰ ਹੋ ਗਈ। ਹਾਦਸੇ ਵਿਚ ਬੱਸ ਦੇ ਕੰਡਕਟਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ 12 ਹੋਰ ਸਵਾਰੀਆਂ ਜ਼ਖ਼ਮੀ ਹਨ। ਇਨ੍ਹਾਂ 'ਚੋਂ ਅੱਧੀਆਂ ਸਵਾਰੀਆਂ ਨੂੰ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਦਾਖਲ ਕਰਵਾਇਆ ਗਿਆ ਜਦੋਂਕਿ ਬਾਕੀ ਇੱਥੋਂ ਦੇ ਮਨੀਪਾਲ ਹਸਪਤਾਲ ਵਿਚ ਜ਼ੇਰੇ ਇਲਾਜ ਹਨ। ਮ੍ਰਿਤਕ ਕੰਡਕਟਰ ਦੀ ਪਛਾਣ ਅਨਮੋਲ ਸਿੰਘ (45) ਵਜੋਂ ਹੋਈ ਹੈ। ਜ਼ਖ਼ਮੀ ਸਵਾਰੀਆਂ ਵਿੱਚੋਂ ਵੀ ਸਿਰ 'ਤੇ ਸੱਟ ਲੱਗਣ ਕਾਰਨ ਇੱਕ ਦੀ ਹਾਲਤ ਗੰਭੀਰ ਹੈ। ਸੰਪਰਕ ਕਰਨ 'ਤੇ ਥਾਣਾ ਅਨਾਜ ਮੰਡੀ ਦੇ ਐਸਐਚਓ ਗੁਰਨਾਮ ਸਿੰਘ ਘੁੰਮਣ ਨੇ ਕਿਹਾ ਕਿ ਕੰਡਕਟਰ ਦੀ ਮ੍ਰਿਤਕ ਦੇਹ ਰਾਜਿੰਦਰਾ ਹਸਪਤਾਲ ਪਟਿਆਲਾ ਦੇ ਮੁਰਦਾਘਰ ਵਿੱਚ ਰੱਖੀ ਗਈ ਹੈ ਤੇ ਪੁਲੀਸ ਕਾਰਵਾਈ ਜਾਰੀ ਹੈ।



# ਚੰਡੀਗੜ੍ਹ ਪੋਸਟਲ ਡਿਵੀਜ਼ਨ ਅਤੇ ਪੀਜੀਆਈ ਨੇ ਸ.ਫਲਤਾਪੂਰਵਕ ਵਲੰਟੀਅਰ ਬਲੱਡ ਡੋਨੇਸ਼ਨ ਕੈਂਪ ਦਾ ਆਯੋਜਨ ਕੀਤਾ

**ਚੰਡੀਗੜ੍ਹ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਵਸਥ ਨਾਰੀ, ਸਸ਼ਕਤ ਪਰਿਵਾਰ ਅਭਿਆਨ÷ ਦੇ ਤਹਿਤ, ਚੰਡੀਗੜ੍ਹ ਡਾਕ ਮੰਡਲ ਨੇ ਪੀਜੀਆਈਐੱਮਈਆਰ, ਚੰਡੀਗੜ੍ਹ ਦੇ ਟ੍ਰਾਂਸਫਿਊਜ਼ਨ ਮੈਡੀਸਨ ਵਿਭਾਗ ਹੇਠ, ਪੀਜੀਆਈਐੱਮਈਆਰ ਦੇ ਸਹਿਯੋਗ ਨਾਲ, ਜੀਪੀਓ, ਚੰਡੀਗੜ੍ਹ ਵਿੱਚ ਇੱਕ ਸਵੈ-ਇੱਛੁਕ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ।



ਖੂਨਦਾਨ ਕੈਂਪ ਦਾ ਉਦਘਾਟਨ ਸ਼੍ਰੀ ਕੁਮਾਰ ਸੰਜੀਵ, ਸੀਨੀਅਰ ਡਾਕਘਰ ਸੁਪਰਡੈਂਟ, ਡਾ. ਅਨੁਭਵ ਗੁਪਤਾ, ਟ੍ਰਾਂਸਫਿਊਜ਼ਨ ਮੈਡੀਸਨ ਵਿਭਾਗ, ਪੀਜੀਆਈਐੱਮਈਆਰ ਚੰਡੀਗੜ੍ਹ ਨੇ ਕੀਤਾ। ਸ੍ਰੀ ਕਿਸ਼ੋਰੀ ਲਾਲ, ਇੰਚਾਰਜ ਬੀਪੀਸੀ, ਚੰਡੀਗੜ੍ਹ, ਅਤੇ ਸੁਸ਼੍ਰੀ ਮੋਨਿਕਾ, ਸੀਨੀਅਰ ਪੋਸਟਮਾਸਟਰ, ਜੀਪੀਓ, ਚੰਡੀਗੜ੍ਹ ਨੇ ਵੀ ਇਸ ਮੌਕੇ 'ਤੇ ਆਪਣੀ ਹਾਜ਼ਰੀ ਦਰਜ ਕਰਵਾਈ ਅਤੇ ਸਵੈ-ਸੇਵਕਾਂ ਨੂੰ ਇਸ ਨੇਕ ਕਾਰਜ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ।

ਉਚਿਤ ਚਿਕਿਤਸਾ ਜਾਂਚ ਤੋਂ ਬਾਅਦ, 51 ਸਿਹਤਮੰਦ ਸਵੈ-ਸੇਵਕਾਂ ਨੇ ਸਫਲਤਾਪੂਰਵਕ ਖੂਨਦਾਨ ਕੀਤਾ ਅਤੇ ਇਸ ਮਨੁੱਖੀ ਯਤਨ ਵਿੱਚ ਯੋਗਦਾਨ ਪਾਇਆ। ਬਲੱਡ ਬੈਂਕ ਅਤੇ ਚੰਡੀਗੜ੍ਹ ਡਾਕ ਮੰਡਲ ਵੱਲੋਂ ਸਾਰੇ ਬਲੱਡ ਡੋਨਰਾਂ ਨੂੰ ਉਨ੍ਹਾਂ ਦੇ ਵਡਮੁੱਲੇ ਯੋਗਦਾਨ ਲਈ ਸਾਂਝੇ ਤੌਰ 'ਤੇ ਬਲੱਡ ਡੋਨੇਟ ਸਰਟੀਫਿਕੇਟ ਪ੍ਰਦਾਨ ਕੀਤੇ ਗਏ।

# 2023 ਦੌਰਾਨ ਦਿੱਲੀ ਵਿੱਚ 15 ਫੀਸਦੀ ਮੌਤਾਂ ਦਾ ਕਾਰਨ ਹਵਾ ਪ੍ਰਦੂਸ਼ਣ: ਰਿਪੋਰਟ



**ਨਵੀਂ ਦਿੱਲੀ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਾਜ਼ਾ ਗਲੋਬਲ ਬਰਡਨ ਆਫ਼ ਡਿਜ਼ੀਜ਼ (724) ਡਾਟਾ ਦੇ ਵਿਸ਼ਲੇਸ਼ਣ ਅਨੁਸਾਰ ਦਿੱਲੀ ਵਿੱਚ ਲੋਕਾਂ ਲਈ ਹਵਾ ਪ੍ਰਦੂਸ਼ਣ ਸਭ ਤੋਂ ਵੱਡਾ ਸਿਹਤ ਜੋਖਮ ਬਣਿਆ ਹੋਇਆ ਹੈ। ਸਾਲ 2023 ਵਿੱਚ ਹੋਈਆਂ ਕੁੱਲ ਮੌਤਾਂ ਵਿੱਚੋਂ ਲਗਪਗ 15 ਫੀਸ ਮੌਤਾਂ ਪ੍ਰਦੂਸ਼ਣ ਕਾਰਨ ਹੋਈਆਂ ਹਨ।

ਇੰਸਟੀਚਿਊਟ ਫਾਰ ਹੈਲਥ ਮੈਟ੍ਰਿਕਸ ਐਂਡ ਇਵੈਲੂਏਸ਼ਨ (98$5) ਵੱਲੋਂ ਇਸ ਮਹੀਨੇ ਦੇ ਸ਼ੁਰੂ ਵਿੱਚ ਜਾਰੀ ਕੀਤੇ ਗਏ 724 2023 ਡਾਟਾ ਦੇ ਵਿਸ਼ਲੇਸ਼ਣ ਤੋਂ ਪਤਾ ਲੱਗਿਆ ਹੈ ਕਿ ਅੰਬੀਐਂਟ ਪਾਰਟੀਕੁਲੇਟ ਮੈਟਰ ਪ੍ਰਦੂਸ਼ਣ ਦੇ ਸੰਪਰਕ ਵਿੱਚ ਆਉਣ ਕਾਰਨ 2023 ਵਿੱਚ ਦਿੱਲੀ ਵਿੱਚ ਅੰਦਾਜ਼ਨ 17,188 ਮੌਤਾਂ ਹੋਈਆਂ।

ਇਸਦਾ ਮਤਲਬ ਹੈ ਕਿ ਸ਼ਹਿਰ ਵਿੱਚ ਹਰ ਸੱਤ ਮੌਤਾਂ ਵਿੱਚੋਂ ਇੱਕ ਪ੍ਰਦੂਸ਼ਿਤ ਹਵਾ ਨਾਲ ਜੁੜੀ ਹੋਈ ਸੀ।

ਹਾਲਾਂਕਿ, ਕੇਂਦਰ ਸਰਕਾਰ ਨੇ ਇਹ ਕਾਇਮ ਰੱਖਿਆ ਹੈ ਕਿ ਹਵਾ ਪ੍ਰਦੂਸ਼ਣ ਅਤੇ ਮੌਤਾਂ ਵਿਚਕਾਰ ਸਿੱਧੇ ਸਬੰਧ ਨੂੰ ਸਥਾਪਤ ਕਰਨ ਲਈ ਕੋਈ ਨਿਰਣਾਇਕ ਡਾਟਾ ਉਪਲਬਧ ਨਹੀਂ ਹੈ।

724 ਅਧਿਐਨ ਦੁਨੀਆ ਦੇ ਸਭ ਤੋਂ ਵਿਆਪਕ ਖੋਜ ਪ੍ਰੋਜੈਕਟਾਂ ਵਿੱਚੋਂ ਇੱਕ ਹੈ ਜੋ ਇਹ ਮਾਪਦਾ ਹੈ ਕਿ ਸਾਰੇ ਦੇਸ਼ਾਂ, ਉਮਰ ਸਮੂਹਾਂ ਅਤੇ ਕਾਰਨਾਂ ਵਿੱਚ ਲੋਕ ਕਿਵੇਂ ਮਰਦੇ ਹਨ ਅਤੇ ਕਿਸ ਕਾਰਨ ਬਿਮਾਰ ਹੁੰਦੇ ਹਨ। ਹਵਾ ਪ੍ਰਦੂਸ਼ਣ ਤੋਂ ਬਾਅਦ 2023 ਵਿੱਚ ਦਿੱਲੀ ਵਿੱਚ ਮੌਤਾਂ ਵਿੱਚ ਯੋਗਦਾਨ ਪਾਉਣ ਵਾਲੇ ਹੋਰ ਮੁੱਖ ਜੋਖਮ ਕਾਰਕ ਸਨ: ਉੱਚ ਸਿਸਟੋਲਿਕ ਬਲੱਡ ਪ੍ਰੈਸ਼ਰ (14,874 ਮੌਤਾਂ ਜਾਂ 12.5 ਪ੍ਰਤੀਸ਼ਤ), ਉੱਚ ਫਾਸਟਿੰਗ ਪਲਾਜ਼ਮਾ ਗਲੂਕੋਜ਼ ਜਾਂ ਡਾਇਬੀਟੀਜ਼ (10,653 ਮੌਤਾਂ ਜਾਂ 9 ਪ੍ਰਤੀਸ਼ਤ), ਉੱਚ ਕੋਲੈਸਟ੍ਰੋਲ (7,267 ਮੌਤਾਂ ਜਾਂ 6 ਪ੍ਰਤੀਸ਼ਤ), ਅਤੇ ਉੱਚ ਬਾਡੀ-ਮਾਸ ਇੰਡੈਕਸ (6,698 ਮੌਤਾਂ ਜਾਂ 5.6 ਪ੍ਰਤੀਸ਼ਤ)। 724 ਡਾਟਾ ਦਾ ਵਿਸ਼ਲੇਸ਼ਣ ਸੈਂਟਰ ਫਾਰ ਰਿਸਰਚ ਆਨ ਐਨਰਜੀ ਐਂਡ ਕਲੀਨ ਏਅਰ (CREA) ਦੇ ਖੋਜਕਰਤਾਵਾਂ ਨੇ ਕਿਹਾ ਕਿ ਸਾਲ-ਦਰ-ਸਾਲ ਦੇ ਉਤਰਾਅ-ਚੜ੍ਹਾਅ ਦੇ ਬਾਵਜੂਦ, ਪਾਰਟੀਕੁਲੇਟ ਮੈਟਰ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਮੌਤਾਂ ਲਗਾਤਾਰ ਵੱਧ ਰਹੀਆਂ। ਜੋ ਅਕਸਰ ਹਾਈਪਰਟੈਂਸ਼ਨ ਜਾਂ ਡਾਇਬੀਟੀਜ਼ ਨਾਲ ਜੁੜੀਆਂ ਮੌਤਾਂ ਨਾਲੋਂ ਵੱਧ ਹਨ।

# RPG ਜ਼ਬਤ: ਪੰਜਾਬ ਵਿੱਚ ਵਧ ਰਹੇ ਅਤਿਵਾਦੀ ਖ਼ਤਰੇ ਦਾ ਸੰਕੇਤ !

**ਚੰਡੀਗੜ੍ਹ, 2 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਤੋਂ ਹਥਿਆਰਾਂ ਦੀ ਤਸਕਰੀ ਵਿੱਚ ਪੰਜ ਗੁਣਾ ਵਾਧੇ ਤੋਂ ਬਾਅਦ ਰਾਕੇਟ-ਪ੍ਰੋਪੇਲਡ ਗ੍ਰਨੇਡ ਲਾਂਚਰ (RPG) ਦੀ ਜ਼ਬਤ ਨੇ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ।

ਸੂਬਾ ਅਤੇ ਕੇਂਦਰੀ ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ ਨੇ ਕਿਹਾ ਕਿ ਇਹ ਵਾਧਾ ਖਾਸ ਕਰਕੇ AK-DG ਅਤੇ RPG, ਪੰਜਾਬ ਵਿੱਚ ਸਮੱਸਿਆ ਪੈਦਾ ਕਰਨ ਦੀਆਂ ਕੁਝ ਨਵੀਆਂ ਯੋਜਨਾਵਾਂ ਨੂੰ ਦਰਸਾਉਂਦਾ ਹੈ।

ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ, ਪੰਜਾਬ ਪੁਲੀਸ ਦੀ ਕਾਊਂਟਰ-ਇੰਟੈਲੀਜੈਂਸ ਯੂਨਿਟ, ਸੁਚੇਤ ਬੀਐਸਐਫ਼ ਕਰਮਚਾਰੀਆਂ ਦੇ ਨਾਲ, ਹੁਣ ਤੱਕ ਇਨ੍ਹਾਂ ਯੋਜਨਾਵਾਂ ਨੂੰ ਨਾਕਾਮ ਕਰ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਇਹ ਹਥਿਆਰ ਕੋਈ ਬੇਤਰਤੀਬ ਢੰਗ ਨਾਲ ਨਹੀਂ ਮਿਲੇ- ਇਹ ਖੇਤਰ ਨੂੰ ਅਸਥਿਰ ਕਰਨ ਲਈ ਕੱਟੜਪੰਥੀ ਅਤੇ ਅਪਰਾਧੀ ਤੱਤਾਂ ਨੂੰ ਹਥਿਆਰਬੰਦ ਕਰਨ ਦੀ ਨਿਰੰਤਰ ਕੋਸ਼ਿਸ਼ ਨੂੰ ਦਰਸਾਉਂਦੇ ਹਨ।

ਉਸਨੇ ਕਿਹਾ, ਪਿਛਲੇ ਸਾਲ ਕਈ ਘਟਨਾਵਾਂ ਵਿੱਚ, ਨਿਸ਼ਾਨਿਆਂ 'ਤੇ ਗ੍ਰਨੇਡ ਸੁੱਟੇ ਗਏ ਸਨ ਪਰ ਖੁੰਝ ਗਏ। ਇਹ ਉਹ ਥਾਂ ਹੈ ਜਿੱਥੇ ਆਰਪੀਜੀ ਖ਼ਤਰਨਾਕ ਸਾਬਤ ਹੋ ਸਕਦਾ ਹੈ, ਕਿਉਂਕਿ ਇਸਦੀ ਵਰਤੋਂ ਦੂਰੀ ਤੋਂ ਗ੍ਰਨੇਡ ਫਾਇਰ ਕਰਨ ਲਈ ਕੀਤੀ ਜਾ ਸਕਦੀ ਹੈ।



9 ਮਈ 2022 ਦੀ ਰਾਤ, ਮੋਹਾਲੀ ਵਿੱਚ ਪੰਜਾਬ ਪੁਲੀਸ ਇੰਟੈਲੀਜੈਂਸ ਹੈੱਡਕੁਆਰਟਰ 'ਤੇ ਇੱਕ ਰਾਕੇਟ-ਪ੍ਰੋਪੇਲਡ ਗ੍ਰਨੇਡ ਦਾਗਿਆ ਗਿਆ, ਜੋ ਕਿ ਸੂਬੇ ਵਿੱਚ ਇਸ ਤਰ੍ਹਾਂ ਦਾ ਪਹਿਲਾ ਹਮਲਾ ਸੀ। ਇਸ ਹਮਲੇ ਨੇ ਇੰਟੈਲੀਜੈਂਸ ਯੂਨਿਟ ਹੈੱਡਕੁਆਰਟਰ ਨੂੰ ਨਿਸ਼ਾਨਾ ਬਣਾ ਕੇ ਪੁਲੀਸ ਨੂੰ ਚੁਣੌਤੀ ਦਿੱਤੀ।

ਬਾਅਦ ਵਿੱਚ 11 ਦਸੰਬਰ, 2022 ਨੂੰ, ਸਰਹੱਦ ਪਾਰ ਤੋਂ ਤਸਕਰੀ ਕੀਤੇ ਗਏ ਇੱਕ ਹੋਰ ਆਰਪੀਜੀ ਨੇ ਤਰਨਤਾਰਨ ਦੇ ਸਰਹਾਲੀ ਪੁਲੀਸ ਸਟੇਸ਼ਨ 'ਤੇ ਹਮਲਾ ਕੀਤਾ। ਇਸ ਸਾਲ ਅਪਰੈਲ ਵਿੱਚ ਬਟਾਲਾ ਦੇ ਕਿਲ੍ਹਾ ਲਾਲ ਸਿੰਘ ਪੁਲੀਸ ਸਟੇਸ਼ਨ 'ਤੇ ਇੱਕ ਆਰਪੀਜੀ ਹਮਲਾ ਹੋਇਆ, ਜਿਸਨੇ ਅਤਿਵਾਦੀ ਗਤੀਵਿਧੀਆਂ ਵਿੱਚ ਅਜਿਹੇ ਭਾਰੀ ਹਥਿਆਰਾਂ ਦੀ ਵੱਧ ਰਹੀ ਵਰਤੋਂ ਨੂੰ ਫਿਰ ਤੋਂ ਉਜਾਗਰ ਕੀਤਾ।

ਇਸ ਸਾਲ ਅਪਰੈਲ ਵਿੱਚ, ਪੰਜਾਬ ਪੁਲੀਸ ਦੇ ਕਾਊਂਟਰ-ਇੰਟੈਲੀਜੈਂਸ ਵਿੰਗ ਦੀ ਜਲੰਧਰ ਯੂਨਿਟ ਨੇ ਦੋ ਗ੍ਰਨੇਡ ਅਤੇ ਇੱਕ ਲਾਂਚਰ ਜ਼ਬਤ ਕੀਤਾ।

ਅੰਮ੍ਰਿਤਸਰ ਦਿਹਾਤੀ ਪੁਲੀਸ ਨੇ ਦੋ ਦਿਨ ਪਹਿਲਾਂ ਸਰਹੱਦ ਪਾਰ ਤਸਕਰੀ ਦੇ ਸ਼ੱਕੀ ਦੋ ਵਿਅਕਤੀਆਂ ਨੂੰ ਇੱਕ ਆਰਪੀਜੀ ਲਾਂਚਰ ਨਾਲ ਗ੍ਰਿਫ਼ਤਾਰ ਕੀਤਾ ਸੀ, ਉਨ੍ਹਾਂ ਦਾ ਮੰਨਣਾ ਹੈ ਕਿ ਇਹ ਪਾਕਿਸਤਾਨ ਤੋਂ ਆਏ ਇੱਕ ਡਰੋਨ ਦੁਆਰਾ ਸੁੱਟਿਆ ਗਿਆ ਸੀ।

ਸੀਨੀਅਰ ਅਧਿਕਾਰੀਆਂ ਅਨੁਸਾਰ, ਇਹ ਖੇਪਾਂ ਅਕਸਰ ਡਰੋਨ ਜਾਂ ਗੁਪਤ ਜ਼ਮੀਨੀ ਰਸਤਿਆਂ ਰਾਹੀਂ ਸਰਹੱਦ ਪਾਰ ਭੇਜੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਉਦੇਸ਼ ਪਾਕਿਸਤਾਨ-ਅਧਾਰਤ ਹੈਂਡਲਰਾਂ ਦੁਆਰਾ ਨਿਯੰਤਰਿਤ ਸਲੀਪਰ ਸੈੱਲਾਂ ਦੁਆਰਾ ਵਰਤੋਂ ਕਰਨਾ ਹੁੰਦਾ ਹੈ।

ਬੀਐਸਐਫ ਅਧਿਕਾਰੀਆਂ ਨੇ ਦੱਸਿਆ ਕਿ ਪਿਛਲੇ ਸਾਲ ਦੌਰਾਨ ਡਰੋਨ ਘੁਸਪੈਠ ਅਤੇ ਹਥਿਆਰਾਂ ਅਤੇ ਗੋਲਾ ਬਾਰੂਦ ਦੀ ਤਸਕਰੀ ਦੀਆਂ ਕੋਸ਼ਿਸ਼ਾਂ ਦੀ ਗਿਣਤੀ ਵਿੱਚ ਕਾਫ਼ੀ ਵਾਧਾ ਹੋਇਆ ਹੈ। ਬੀਐਸਐਫ ਦੇ ਬੁਲਾਰੇ, ਡੀਆਈਜੀ ਏਕੇ ਵਿਦਿਆਰਥੀ ਨੇ ਕਿਹਾ ਕਿ ਪਾਕਿਸਤਾਨੀ ਫੌਜ ਅਤੇ ਆਈਐਸਆਈ ਵਿੱਚ ਤਬਦੀਲੀਆਂ ਤੋਂ ਬਾਅਦ ਹਥਿਆਰਾਂ ਅਤੇ ਵਿਸਫੋਟਕਾਂ ਦੀ ਆਮਦ ਵਿੱਚ ਕਾਫ਼ੀ ਵਾਧਾ ਹੋਇਆ ਹੈ।

23 ਅਕਤੂਬਰ ਤੱਕ ਬੀਐਸਐਫ ਨੇ ਇਕੱਲੇ ਪੰਜਾਬ ਵਿੱਚ 215 ਡਰੋਨ, 325 ਕਿਲੋਗ੍ਰਾਮ ਨਸ਼ੀਲੇ ਪਦਾਰਥ, ਜਿਸ ਵਿੱਚ ਹੈਰੋਇਨ ਅਤੇ ਆਈਸੀਈ ਸ਼ਾਮਲ ਹਨ, 180 ਹਥਿਆਰ, ਜ਼ਿਆਦਾਤਰ ਪਿਸਤੌਲ, 12 ਗ੍ਰਨੇਡ ਅਤੇ 10 ਕਿਲੋਗ੍ਰਾਮ ਉੱਚ ਵਿਸਫੋਟਕ ਬਰਾਮਦ ਕੀਤੇ ਹਨ, ਇਸ ਤੋਂ ਇਲਾਵਾ ਤਿੰਨ ਸਰਹੱਦ ਪਾਰ ਘੁਸਪੈਠੀਆਂ ਨੂੰ ਬੇਅਸਰ ਕੀਤਾ ਗਿਆ ਹੈ ਅਤੇ 210 ਭਾਰਤੀ ਨਾਗਰਿਕਾਂ ਅਤੇ 16 ਪਾਕਿਸਤਾਨੀ ਨਾਗਰਿਕਾਂ ਨੂੰ ਤਸਕਰੀ ਦੇ ਸ਼ੱਕ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।

ਬੀਐਸਐਫ ਅਧਿਕਾਰੀਆਂ ਨੇ ਕਿਹਾ ਕਿ ਇਹ ਅੰਕੜੇ ਪੰਜਾਬ ਪੁਲੀਸ ਦੁਆਰਾ ਸੂਬੇ ਵਿੱਚ ਕੀਤੀਆਂ ਗਈਆਂ ਜ਼ਬਤੀਆਂ ਅਤੇ ਗ੍ਰਿਫ਼ਤਾਰੀਆਂ ਤੋਂ ਇਲਾਵਾ ਹਨ, ਜਿਨ੍ਹਾਂ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਦੋ ਏਕੇ-47 ਅਸਾਲਟ ਰਾਈਫਲਾਂ ਜ਼ਬਤ ਕੀਤੀਆਂ ਸਨ।

**ਆਰਪੀਜੀ ਕੀ ਹੈ ?**

ਆਰਪੀਜੀ ਜਾਂ ਰਾਕੇਟ-ਪ੍ਰੋਪੇਲਡ ਗ੍ਰਨੇਡ ਲਾਂਚਰ, ਇੱਕ ਹਲਕਾ, ਆਦਮੀ-ਪੋਰਟੇਬਲ, ਮੋਢੇ-ਫਾਇਰਡ ਐਂਟੀ-ਟੈਂਕ ਹਥਿਆਰ ਪ੍ਰਣਾਲੀ ਹੈ ਜੋ ਪੈਦਲ ਫੌਜ ਦੁਆਰਾ ਬਖਤਰਬੰਦ ਵਾਹਨਾਂ, ਬੰਕਰਾਂ ਅਤੇ ਇਮਾਰਤਾਂ ਦੇ ਵਿਰੁੱਧ ਵਰਤੀ ਜਾਂਦੀ ਹੈ। ਉੱਚ ਵਿਸਫੋਟਕਾਂ ਨਾਲ ਲੈਸ ਇਹ ਗ੍ਰਨੇਡ, ਬਿਨਾਂ ਦਿਸ਼ਾ ਵਾਲਾ ਹੈ ਅਤੇ ਇਸਦੀ ਪ੍ਰਭਾਵਸ਼ਾਲੀ ਰੇਂਜ ਲਗਭਗ 500 ਮੀਟਰ ਹੈ। ਸੋਵੀਅਤ ਯੂਨੀਅਨ ਵਿੱਚ ਨਿਰਮਿਤ, ਇਹ ਗ੍ਰਨੇਡ ਦੁਨੀਆ ਭਰ ਦੀਆਂ ਫੌਜਾਂ ਦੇ ਨਾਲ-ਨਾਲ ਅਤਿਵਾਦੀ ਸੰਗਠਨਾਂ ਦੁਆਰਾ ਵਿਆਪਕ ਤੌਰ 'ਤੇ ਵਰਤਿਆ ਜਾਂਦਾ ਹੈ।

# ਐਡਵੋਕੇਟ ਧਾਮੀ ਨੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਰਾਖਵੇਂ ਰੱਖੇ 20 ਕਰੋੜ, ਲੋਕਾਂ ਦੀ ਮਦਦ ਲਈ ਕੀਤੀ ਸਖ਼ਤ ਮਿਹਨਤ

ਕੌਮੀ ਪਤ੍ਰਿਕਾ

ਅੰਮ੍ਰਿਤਸਰ 2 ਨਵੰਬਰ। ਇਮਾਨਦਾਰ ਤੇ ਨਿਮਰਤਾ ਦੀ ਸਾਕਾਰ ਮੂਰਤ ਅਤੇ ਹਰ ਕਿਸੇ ਦਾ ਦੁੱਖ ਸਮਝਣ ਵਾਲੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਦੇ ਵੱਡੇ ਹਿੱਸੇ ਵਿਚ ਆਏ ਹੜ੍ਹਾਂ ਦੇ ਕਾਰਨ ਦੁਖੀ ਮਾਨਵਤਾ ਦੀ ਸੇਵਾ ਵਿਚ ਦਿਨ-ਰਾਤ ਇਕ ਕਰ ਦਿੱਤਾ, ਜਿਸ ਨੂੰ ਦੇਖ ਕੇ ਲੱਗਦਾ ਹੈ ਕਿ ਧਾਮੀ ਦੇ ਦਿਲ ਵਿਚ ਲੋਕ ਸੇਵਾ ਦੀ ਭਾਵਨਾ ਪਰਮਾਤਮਾ ਵੱਲੋਂ ਬਖਸ਼ੀ ਇੱਕ ਵੱਡੀ ਦੇਣ ਹੈ। ਐਡਵੋਕੇਟ ਧਾਮੀ ਦੀ ਇਮਾਨਦਾਰੀ ਤੇ ਸੇਵਾ ਭਾਵਨਾ ਤੋਂ ਪ੍ਰਭਾਵਿਤ ਹੋ ਕੇ ਹੀ ਦੇਸ਼ ਵਿਦੇਸ਼ ਦੀਆਂ ਸੰਗਤਾਂ ਨੇ ਹੜ੍ਹ ਪ੍ਰਭਾਵਿਤਾਂ ਦੀ ਮਦਦ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਫੰਡ ਭੇਜੇ ਜਾ ਰਹੇ ਹਨ। ਮਾਝੇ ਦੇ ਵੱਡੇ ਹਿੱਸੇ ਅਤੇ ਦੁਆਬੇ ਦੇ ਕੁਝ ਹਿੱਸੇ ਵਿਚ ਜਦ ਹੜ੍ਹਾਂ ਦਾ ਕਹਿਰ ਵਰਤਿਆ ਤਾਂ ਸਭ ਤੋ ਪਹਿਲਾਂ ਸਿੱਖਾਂ ਦੀ ਪਾਰਲੀਮੈਂਟ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹੜ੍ਹ ਪੀੜਤਾਂ ਦੀ ਮਦਦ ਲਈ ਹੱਥ ਅਗੇ ਵਧਾਇਆ। ਐਡਵੋਕੇਟ ਧਾਮੀ ਨੇ ਸ਼੍ਰੋਮਣੀ ਕਮੇਟੀ ਅਧਿਕਾਰੀਆਂ ਕਰਮਚਾਰੀਆਂ ਦੀ ਸਹਾਇਤਾ ਨਾਲ ਹੜ੍ਹ ਪੀੜਤਾਂ ਨੂੰ ਰਾਸ਼ਨ, ਪਾਣੀ,ਲੰਗਰ ਤੇ ਰਿਹਾਇਸ਼ ਅਤੇ ਪਸ਼ੂਆਂ ਲਈ ਚਾਰਾ ਆਦਿ ਦੇ ਪ੍ਰਬੰਧ ਲਈ ਯਤਨ ਸ਼ੁਰੂ ਕੀਤੇ। ਸਾਰੇ ਕੰਮ ਦੀ ਦੇਖ ਰੇਖ ਐਡਵੋਕੇਟ ਧਾਮੀ ਖੁਦ ਕਰਦੇ ਰਹੇ।ਦਰਿਆਵਾਂ ਤੇ ਨਹਿਰਾਂ ਦੇ ਬੰਨ ਮਜਬੂਤ ਕਰਨ ਲਈ ਮੁਢਲੀ ਜਰੂਰਤ ਡੀਜਲ ਦੀ ਸੀ ਤਾਂ ਉਨਾਂ ਲੱਖਾਂ ਲੀਟਰ ਡੀਜਲ ਪ੍ਰਭਾਵਿਤ ਪਿੰਡਾਂ ਤਕ ਪਹੁੰਚਾਉਣ ਦੇ ਨਿਰਦੇਸ਼ ਦਿੱਤੇ। ਹੜ੍ਹ ਪੀੜਤਾਂ ਦੀ ਮਦਦ ਲਈ ਉਨਾਂ ਜਿਥੇ ਬਿਸਤਰੇ , ਗੱਦੇ ਤੇ ਕੰਬਲ ਆਦਿ ਭੇਜੇ, ਉਥੇ ਨਾਲ ਹੀ ਉਨਾਂ ਸ੍ਰੀ ਗੁਰੂ ਰਾਮਦਾਸ ਮੈਡੀਕਲ ਇਸਟੀਚਿਊਟ ਆਫ ਸਾਇਸਜ਼ ਵੱਲ੍ਹਾ ਵਲੋ ਇਕ ਮੈਡੀਕਲ ਟੀਮ ਹੜ੍ਹ ਪ੍ਰਭਾਵਿਤ ਖੇਤਰਾਂ ਵਿਚ ਤੈਨਾਤ



ਕਰਨ ਦੇ ਦਿਸ਼ਾ ਨਿਰਦੇਸ਼ ਦਿੱਤੇ।ਮੈਡੀਕਲ ਟੀਮ ਨੇ ਬਿਨਾ ਕਿਸੇ ਭੇਦਭਾਵ ਦੇ ਹੜ੍ਹ ਪੀੜਤ ਪਰਵਾਰਾਂ ਦੇ ਮੈਂਬਰਾਂ ਦਾ ਲੋੜ ਮੁਤਾਬਿਕ ਇਲਾਜ ਦੀ ਸਹੂਲਤ ਮੁਹਇਆ ਕਰਵਾ ਕੇ ਲੋਕਾਂ ਦਾ ਦਿਲ ਜਿੱਤਿਆ। ਕਿਸਾਨਾਂ ਨੂੰ ਖੇਤਾਂ ਵਿਚੋ ਰੇਤ ਕਢਣ ਲਈ ਇਕ ਵਾਰ ਮੁੜ ਤੋ ਡੀਜਲ ਕਣਕ ਦੇ ਉਤਮ ਕਿਸਮ ਦੇ ਬੀਜ ਤੇ ਖੇਤੀ ਲਈ ਵਰਤੋਂ ਵਿਚ ਆਉਣ ਵਾਲੀਆਂ ਦਵਾਈਆਂ ਦਾ ਵੀ ਪ੍ਰਬੰਧ ਕੀਤਾ। ਐਡਵੋਕੇਟ ਧਾਮੀ ਨੇ ਕਣਕ ਲਈ ਸਾਰਾ ਬੀਜ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਤੋ ਖ?ਰੀਦ ਕਰਵਾਇਆ ਤਾਂ ਕਿ ਚੰਗੀ ਫਸਲ ਹੋ ਸਕੇ। ਬਿਮਾਰੀਆਂ ਤੋ ਬਚਾਅ ਲਈ ਹੜ੍ਹ ਪੀੜਤਾਂ ਦੇ ਘਰਾਂ ਵਿਚ ਦਵਾਈਆਂ ਦਾ ਛਿੜਕਾਅ ਵੀ ਸ਼?ਰੋਮਣੀ ਕਮੇਟੀ ਨੇ ਕਰਵਾਇਆ। ਐਡਵੋਕੇਟ ਧਾਮੀ ਨੇ ਹੜ੍ਹ ਪੀੜਤਾਂ ਦੀ ਮਦਦ ਲਈ 20 ਕਰੋੜ ਰੁਪਏ ਰਾਖਵੇ ਰਖੇ ਸਨ ਤੇ ਇਸ ਦੇ ਨਾਲ ਹੀ ਸ਼?ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੇ ਵੀ ਆਪਣੀ ਵਲੋਂ 2 ਕਰੋੜ ਰੁਪਏ ਪ੍ਰਧਾਨ ਧਾਮੀ ਨੂੰ ਭੇਟ ਕੀਤੇ ਤਾਂ ਕਿ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਵਿਚ ਕਮੀ ਨਾ ਰਹੇ। ਸ਼?ਰੋਮਣੀ ਕਮੇਟੀ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਦਿਨ ਰਾਤ ਇਕ ਕੀਤਾ ਤੇ ਇਹ ਸੇਵਾ ਅੱਜ ਵੀ ਜਾਰੀ ਹੈ।

## ਜਲੰਧਰ 'ਚ ਦਿਨ-ਦਿਹਾੜੇ ਵੱਡੀ ਵਾਰਦਾਤ ! ਜਿਊਲਰਜ਼ ਦੀ ਦੁਕਾਨ 'ਤੇ ਪਿਆ ਡਾਕਾ

ਜਲੰਧਰ 2 ਨਵੰਬਰ। ਜਲੰਧਰ ਸ਼ਹਿਰ ਵਿੱਚ ਵੱਡੀ ਵਾਰਦਾਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਬੰਦੂਕ ਦੀ ਨੋਕ 'ਤੇ ਇਕ ਵੱਡੀ ਲੁੱਟ ਹੋਈ ਹੈ। ਲੁਟੇਰਿਆਂ ਨੇ ਬੰਦੂਕ ਦੀ ਨੋਕ 'ਤੇ ਇਕ ਜਿਊਲਰੀ ਦੀ ਦੁਕਾਨ ਲੁੱਟ ਲਈ। ਮਿਲੀ ਜਾਣਕਾਰੀ ਮੁਤਾਬਕ ਲੁਟੇਰਿਆਂ ਨੇ ਭਾਰਗਵ ਕੈਂਪ ਥਾਣਾ ਖੇਤਰ ਵਿੱਚ ਸਥਿਤ ਵਿਜੇ ਜਿਊਲਰਜ਼ ਦੀ ਦੁਕਾਨ ਨੂੰ ਲੁੱਟ ਲਿਆ ਅਤੇ ਲੱਖਾਂ ਰੁਪਏ ਲੁੱਟਣ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਏ। ਦਿਨ-ਦਿਹਾੜੇ ਹੋਈ ਇਸ ਘਟਨਾ ਨੇ ਕਾਨੂੰਨ ਵਿਵਸਥਾ ਨੂੰ ਵਿਗਾੜ ਦਿੱਤਾ ਹੈ। ਲੁਟੇਰਿਆਂ ਨੇ ਜਿਵੇਂ ਹੀ ਭੀੜ-ਭੜੱਕੇ ਵਾਲੇ ਭਾਰਗਵ ਕੈਂਪ ਮੇਨ ਮਾਰਕੀਟ ਵਿੱਚ ਇਕ ਜਿਊਲਰ ਦੀ ਦੁਕਾਨ ਨੂੰ ਖੁੱਲ੍ਹੀ ਤਾਂ ਲੁੱਟ ਲਿਆ। ਇਸ ਘਟਨਾ ਨੇ ਪੂਰੇ ਇਲਾਕੇ ਵਿੱਚ ਦਹਿਸ਼ਤ ਫੈਲਾ ਦਿੱਤੀ ਹੈ। ਲੁਟੇਰੇ ਲੱਖਾਂ ਦੀ ਨਕਦੀ ਅਤੇ ਗਹਿਣੇ ਲੈ ਕੇ ਭੱਜ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਵਿਜੇ ਜਿਊਲਰਜ਼ ਦੇ ਮਾਲਕ ਅਜੈ ਨੇ ਦੱਸਿਆ ਕਿ ਉਹ ਸਵੇਰੇ ਆਪਣੇ ਪੁੱਤਰ ਨਾਲ ਦੁਕਾਨ 'ਤੇ ਆਏ ਸਨ। ਸਵੇਰੇ 11 ਵਜੇ ਦੇ ਕਰੀਬ ਪੰਜ ਲੁਟੇਰੇ ਆਏ, ਜਿਨ੍ਹਾਂ ਵਿੱਚੋਂ ਤਿੰਨ ਹਥਿਆਰਬੰਦ ਸਨ ਅਤੇ ਦੁਕਾਨ ਵਿੱਚ ਦਾਖ਼ਲ ਹੋਏ ਅਤੇ ਉਨ੍ਹਾਂ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਬੰਦੂਕ ਦੀ ਨੋਕ 'ਤੇ ਅਤੇ ਤੇਜ਼ਧਾਰ ਹਥਿਆਰਾਂ ਨਾਲ ਲੁਟੇਰੇ 2 ਲੱਖ ਰੁਪਏ ਨਕਦੀ ਅਤੇ ਲੱਖਾਂ ਦੇ ਗਹਿਣੇ ਲੈ ਕੇ ਮੌਕੇ ਤੋਂ ਭੱਜ ਗਏ। ਚਸ਼ਮਦੀਦਾਂ ਅਨੁਸਾਰ ਲੁਟੇਰਿਆਂ ਨੇ ਜਿਊਲਰਜ਼ ਦੀ ਦੁਕਾਨ ਦਾ ਸ਼ੀਸ਼ਾ ਤੋੜਿਆ ਅਤੇ ਫਿਰ ਬੰਦੂਕ ਦੀ ਨੋਕ 'ਤੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ।

## ਭਰਾ ਨੇ ਪੈਸਿਆਂ ਲਈ ਭੈਣ ਦਾ ਕਤਲ ਕਰ ਲਾਸ਼ 70 ਕਿਲੋਮੀਟਰ ਦੂਰ ਸੁੱਟੀ

ਗੋਰਖਪੁਰ 2 ਨਵੰਬਰ। ਉੱਤਰ ਪ੍ਰਦੇਸ਼ ਦੇ ਕੁਸ਼ੀਨਗਰ ਜ਼ਿਲ੍ਹੇ ਵਿੱਚ ਇੱਕ ਵਿਅਕਤੀ ਨੇ ਆਪਣੀ ਹੀ ਭੈਣ ਦਾ ਕਤਲ ਕਰ ਦਿੱਤਾ ਅਤੇ ਉਸਦੀ ਲਾਸ਼ ਲਗਭਗ 70 ਕਿਲੋਮੀਟਰ ਦੂਰ ਸੁੱਟ ਦਿੱਤੀ। ਇੱਕ ਪੁਲਸ ਅਧਿਕਾਰੀ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਕਿਹਾ ਕਿ ਦੋਸ਼ੀ ਦੇ ਇਕਬਾਲੀਆ ਬਿਆਨ ਤੋਂ ਬਾਅਦ ਪੁਲਸ ਨੇ ਬੁੱਧਵਾਰ ਦੇਰ ਰਾਤ ਲਾਸ਼ ਬਰਾਮਦ ਕੀਤੀ। ਪੁਲਸ ਦੇ ਅਨੁਸਾਰ ਦੋਸ਼ੀ ਰਾਮ ਆਸ਼ੀਸ਼ ਨਿਸ਼ਾਦ (32) ਦੇ ਪਿਤਾ ਚਿੰਕੂ ਨਿਸ਼ਾਦ ਨੂੰ ਇੱਕ ਸੜਕ ਪ੍ਰੋਜੈਕਟ ਤਹਿਤ ਜ਼ਮੀਨ ਲਈ ਪੰਜ ਲੱਖ ਰੁਪਏ ਦਾ ਮੁਆਵਜ਼ਾ ਮਿਲਿਆ ਸੀ, ਜਿਸ ਨੂੰ ਲੈ ਕੇ ਉਸਦਾ ਆਪਣੀ 19 ਸਾਲਾ ਭੈਣ ਨੀਲਮ ਨਾਲ ਝਗੜਾ ਹੋਇਆ ਸੀ। ਪੁਲਸ ਨੇ ਕਿਹਾ ਕਿ ਚਿੰਕੂ ਨੇ ਨੀਲਮ ਦੇ ਵਿਆਹ ਲਈ ਪੈਸੇ ਦੀ ਵਰਤੋਂ ਕਰਨ ਦੀ ਯੋਜਨਾ ਬਣਾਈ ਸੀ, ਜਿਸ ਤੋਂ ਰਾਮ ਆਸ਼ੀਸ਼ ਨਾਰਾਜ਼ ਹੋ ਗਿਆ ਅਤੇ ਉਸਨੇ ਆਪਣਾ ਹਿੱਸਾ ਮੰਗਿਆ। ਪੁਲਿਸ ਸੁਪਰਡੈਂਟ, ਸ਼ਹਿਰ, ਅਭਿਨਵ ਤਿਆਗੀ ਨੇ ਦੱਸਿਆ ਕਿ 27 ਅਕਤੂਬਰ ਨੂੰ, ਜਦੋਂ ਪਰਿਵਾਰ ਦੇ ਹੋਰ ਮੈਂਬਰ ਘਰ ਨਹੀਂ ਸਨ, ਤਾਂ ਰਾਮ ਆਸ਼ੀਸ਼ ਘਰ ਆਇਆ ਅਤੇ ਨੀਲਮ ਦਾ ਕੱਪੜੇ ਦੇ ਟੁਕੜੇ ਨਾਲ ਗਲਾ ਘੁੱਟ ਕੇ ਕਤਲ ਕਰ ਦਿੱਤਾ, ਉਸ ਦੀਆਂ ਬਾਹਾਂ ਅਤੇ ਲੱਤਾਂ ਤੋੜ ਦਿੱਤੀਆਂ, ਉਸ ਦੀ ਲਾਸ਼ ਨੂੰ ਇੱਕ ਬੋਰੀ ਵਿੱਚ ਭਰਿਆ, ਆਪਣੇ ਮੋਟਰਸਾਈਕਲ ਨਾਲ ਬੰਨ੍ਹ?ਆ ਅਤੇ ਕੁਸ਼ੀਨਗਰ ਦੇ ਇੱਕ ਗੰਨੇ ਦੇ ਖੇਤ ਵਿੱਚ ਸੁੱਟ ਦਿੱਤਾ। ਪੁਲਿਸ ਨੇ ਦੱਸਿਆ ਕਿ ਜਦੋਂ ਨੀਲਮ ਲਾਪਤਾ ਹੋ ਗਈ, ਤਾਂ ਉਸਦੇ ਪਿਤਾ ਨੇ ਸ਼ੁਰੂ ਵਿੱਚ ਸੋਚਿਆ ਕਿ ਉਹ ਛੱਠ ਪੂਜਾ ਲਈ ਗਈ ਹੈ। ਹਾਲਾਂਕਿ ਜਦੋਂ ਗੁਆਂਢੀਆਂ ਨੇ ਰਾਮ ਆਸ਼ੀਸ਼ ਨੂੰ ਇੱਕ ਵੱਡੀ ਬੋਰੀ ਲੈ ਕੇ ਜਾਂਦੇ ਹੋਏ ਦੇਖਿਆ ਤਾਂ ਪੁਲਸ ਨੇ ਸੀਸੀਟੀਵੀ ਫੁਟੇਜ ਦੀ ਜਾਂਚ ਕੀਤੀ, ਜਿਸ ਵਿੱਚ ਦੋਸ਼ੀ ਨੂੰ ਲਾਸ਼ ਲੈ ਕੇ ਜਾਂਦੇ ਹੋਏ ਦਿਖਾਇਆ ਗਿਆ। ਪੁਲਸ ਦੇ ਅਨੁਸਾਰ ਪੁੱਛਗਿੱਛ ਦੌਰਾਨ ਰਾਮ ਆਸ਼ੀਸ਼ ਨੇ ਸ਼ੁਰੂ ਵਿੱਚ ਨਾਟਕ ਕੀਤਾ ਪਰ ਬਾਅਦ ਵਿੱਚ ਕਤਲ ਦੀ ਗੱਲ ਕਬੂਲ ਕਰ ਲਈ। ਅਧਿਕਾਰੀ ਨੇ ਦੱਸਿਆ ਕਿ ਨੀਲਮ ਦੀ ਵਿਗੜੀ ਹੋਈ ਲਾਸ਼ ਖੇਤ ਵਿੱਚੋਂ ਬਰਾਮਦ ਕੀਤੀ ਗਈ ਸੀ।

## ਟਰਾਈਡੈਂਟ ਗਰੁੱਪ ਵੱਲੋਂ ਵਿਸ਼ਾਲ ਮੁਫਤ ਮੈਡੀਕਲ ਕੈਂਪ ਦੀ ਸ਼ੁਰੂਆਤ, 5 ਦਸੰਬਰ ਤਕ ਰਹੇਗਾ ਜਾਰੀ

ਬਰਨਾਲਾ 2 ਨਵੰਬਰ। ਟ?ਰਾਈਡੈਂਟ ਗਰੁੱਪ ਵੱਲੋਂ ਗਰੁੱਪ ਦੇ ਸੰਸਥਾਪਕ ਰਾਜ ਸਭਾ ਮੈਂਬਰ ਪਦਮਸ਼੍ਰੀ ਰਾਜਿੰਦਰ ਗੁਪਤਾ ਦੀ ਅਗਵਾਈ ਹੇਠ ਅਰੁਣ ਮੈਮੋਰੀਅਲ ਹਾਲ ਬਰਨਾਲਾ ਵਿਖੇ ਸੀ.



ਐੱਮ. ਸੀ. ਲੁਧਿਆਣਾ ਦੀ ਟੀਮ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਜਾਂਚ ਕੈਂਪ ਦਾ ਸਮੀ ਉਦਘਾਟਨ ਕੀਤਾ ਗਿਆ। ਕੈਂਪ ਦਾ ਉਦਘਾਟਨ ਡਿਪਟੀ ਕਮਿਸ਼ਨਰ ਟੀ. ਬੈਨਿਥ ਨੇ ਰਿਬਨ ਕੱਟ ਕੇ ਕੀਤਾ। ਇਹ ਕੈਂਪ 5 ਦਸੰਬਰ ਤੱਕ ਚੱਲੇਗਾ, ਜਿਸ 'ਚ ਹਜ਼ਾਰਾਂ ਲੋਕਾਂ ਨੂੰ ਮੁਫਤ ਸਿਹਤ ਸਹੂਲਤਾਂ ਮਿਲਣ ਦੀ ਉਮੀਦ ਹੈ। ਉਦਘਾਟਨੀ ਸਮਾਰੋਹ ਦੌਰਾਨ, ਡਿਪਟੀ ਕਮਿਸ਼ਨਰ ਦੇ ਨਾਲ ਜ਼ਿਲਾ ਪੁਲਸ ਮੁਖੀ ਮੁਹੰਮਦ ਸਰਫਰਾਜ ਆਲਮ ਅਤੇ ਸਿਵਲ ਸਰਜਨ ਡਾ. ਬਲਜੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਤੋਂ ਇਲਾਵਾ, ਝਲੂਰ ਕੁਟੀਆ ਦੇ ਮੁਖੀ ਸੁਆਮੀ ਅੰਮ੍ਰਿਤਸਰ ਨੰਦ ਜੀ, ਸਾਬਕਾ ਸੰਸਦ ਰਾਜਦੇਵ ਸਿੰਘ ਖਾਲਸਾ, ਸ਼੍ਰੋਮਣੀ ਅਕਾਲੀ ਦਲ ਹਲਕਾ ਭਦੌੜ ਦੇ ਇੰਚਾਰਜ ਐਡਵੋਕੇਟ ਸਤਨਾਮ ਸਿੰਘ ਰਾਹੀ, ਸਾਬਕਾ ਚੇਅਰਮੈਨ ਐਡਵੋਕੇਟ ਰੁਪਿੰਦਰ ਸਿੰਘ ਸੰਧੂ ਤੇ ਨਰਿੰਦਰ ਗਰਗ ਨੀਟਾ ਸਮੇਤ ਵੱਡੀ ਗਿਣਤੀ 'ਚ ਸਮਾਜ ਸੇਵੀ ਅਤੇ ਸਿਆਸੀ ਆਗੂ ਉਚੇਚੇ ਮਹਿਮਾਨ ਵਜੋਂ ਸ਼ਾਮਲ ਹੋਏ। ਬਰਨਾਲਾ ਵੈੱਲਫੇਅਰ ਕਲੱਬ ਦੇ ਚੇਅਰਮੈਨ ਵਿਵੇਕ ਸਿੰਧਵਾਨੀ ਨੇ ਆਏ ਮੁੱਖ ਮਹਿਮਾਨ ਅਤੇ ਹੋਰ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਮੈਂਬਰ ਰਾਜ ਸਭਾ ਪਦਮਸ਼੍ਰੀ ਰਾਜਿੰਦਰ ਗੁਪਤਾ ਦੀ ਰਹਿਨੁਮਾਈ ਹੇਠ ਸ਼ੁਰੂ ਹੋਏ ਇਸ ਵਿਸ਼ਾਲ ਮੈਡੀਕਲ ਜਾਂਚ ਕੈਂਪ ਨੂੰ ਲੈ ਕੇ ਲੋਕਾਂ 'ਚ ਕਾਫ਼ੀ ਉਤਸ਼ਾਹ ਪਾਇਆ ਜਾ ਰਿਹਾ ਹੈ। ਪਦਮਸ਼੍ਰੀ ਰਾਜਿੰਦਰ ਗੁਪਤਾ ਜੀ, ਜੋ ਵਿਦੇਸ਼ 'ਚ ਹੋਣ ਕਾਰਨ ਸਮਾਗਮ 'ਚ ਸ਼ਾਮਲ ਨਹੀਂ ਹੋ ਸਕੇ, ਨੇ 'ਜਗ ਬਾਣੀ' ਨਾਲ ਗੱਲਬਾਤ ਕਰਦਿਆਂ ਬਰਨਾਲਾ ਲਈ ਦੋ ਵੱਡੀਆਂ ਯੋਜਨਾਵਾਂ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਬਹੁਤ ਜਲਦ ਬਰਨਾਲਾ 'ਚ 300 ਬਿਸਤਰਿਆਂ ਦਾ ਹਸਪਤਾਲ ਅਤੇ ਧਨੌਲਾ 'ਚ ਪੰਜਾਬ 'ਚੋਂ ਸਭ ਤੋਂ ਵੱਡਾ ਲੜਕੀਆਂ ਦਾ ਕਾਲਜ ਬਣਵਾਇਆ ਜਾਵੇਗਾ।

# ਮੰਡ ਨੂੰ ਰਾਕੇਟ ਲਾਂਚਰ ਨਾਲ ਉਡਾਉਣ ਦੀ ਧਮਕੀ

ਕੌਮੀ ਪਤ੍ਰਿਕਾ

ਲੁਧਿਆਣਾ 2 ਨਵੰਬਰ। ਮਾਣਯੋਗ ਸੁਪਰੀਮ ਕੋਰਟ 'ਚ ਗੈਂਗਸਟਰ ਸ਼ਹਿਜਾਦ ਭੱਟੀ ਨੂੰ ਅੱਤਵਾਦੀ ਐਲਾਨਣ ਲਈ ਦਾਇਰ ਕੀਤੀ ਗਈ ਰਿੱਟ ਵਾਪਸ ਲੈਣ ਲਈ ਇੰਟਰਨੈਸ਼ਨਲ ਐਂਟੀ ਖਾਲਿਸਤਾਨ ਅੱਤਵਾਦੀ ਫਰੰਟ ਦੇ ਰਾਸ਼ਟਰੀ ਪ੍ਰਧਾਨ ਗੁਰਸਿਮਰਨ ਸਿੰਘ ਮੰਡ ਨੂੰ ਜਾਨੋਂ ਮਾਰਨ ਦੀਆਂ ਧਮਕੀਆ ਮਿਲ ਰਹੀਆਂ ਹਨ। ਇਨ੍ਹਾਂ ਧਮਕੀਆਂ ਦੇ ਚੱਲਦੇ ਥਾਣਾ ਸਦਰ ਦੀ ਪੁਲਸ ਵਲੋਂ ਮੰਡ ਦੀ ਸ਼ਿਕਾਇਤ 'ਤੇ ਅਣਪਛਾਤੇ ਗੈਂਗਸਟਰਾਂ ਖ਼?ਲਾਫ ਕੇਸ ਦਰਜ ਕੀਤਾ ਗਿਆ ਹੈ। ਪੁਲਸ ਨੇ ਮੰਡ ਦੀ ਸ਼ਿਕਾਇਤ 'ਤੇ ਅਣਪਛਾਤੇ ਲੋਕਾਂ ਖ਼?ਲਾਫ ਧਾਰਮਿਕ ਅਸਥਾਨਾਂ ਨੂੰ ਨੁਕਸਾਨ ਪਹੁੰਚਾਉਣ, ਪਵਿੱਤਰ ਚੀਜ਼ਾਂ ਨੂੰ ਨੁਕਸਾਨ ਪਹੁੰਚਾਉਣ, ਮਾਨਸਿਕ ਸ਼ਾਂਤੀ ਭੰਗ ਕਰਨ ਅਤੇ ਨੁਕਸਾਨ ਪਹੁੰਚਾਉਣ ਅਤੇ ਧਮਕੀਆਂ ਦੇਣ ਦੇ ਦੋਸ਼ 'ਚ ਕੇਸ ਦਰਜ ਕੀਤਾ ਗਿਆ ਹੈ। ਪੁਲਸ ਨੂੰ ਦਿੱਤੇ ਬਿਆਨ 'ਚ ਮੰਡ ਨੇ ਦੱਸਿਆ ਕਿ ਉਸ ਨੂੰ ਵਾਰ-ਵਾਰ ਵ?ਹਟਸਐਪ 'ਤੇ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆ ਮਿਲ ਰਹੀਆਂ ਹਨ, ਜਦੋਂਕਿ ਉਸ ਨੂੰ ਵਾਈ ਪਲੱਸ ਸਕਿਓਰਿਟੀ ਮਿਲੀ ਹੈ ਅਤੇ ਕਈ ਵਾਰ ਉਸ ਦਾ ਨਾਂ ਟਾਰਗੈੱਟ ਕਿਲਿੰਗ ਵਿਚ ਵੀ ਆ ਚੁੱਕਾ ਹੈ। ਉਸ ਨੇ ਕੁਝ ਸਮੇਂ ਪਹਿਲਾਂ ਹੀ ਮਾਣਯੋਗ ਸੁਪਰੀਮ ਕੋਰਟ ਵਿਚ ਗੈਂਗਸਟਰ ਸ਼ਹਿਜਾਦ ਭੱਟੀ ਖਿਲਾਫ ਇਕ ਰਿੱਟ ਦਾਇਰ ਕੀਤੀ ਸੀ ਕਿ ਉਸ ਨੂੰ ਅੱਤਵਾਦੀ ਐਲਾਨਿਆ ਜਾਵੇ। ਰਿੱਟ ਲਗਾਉਣ ਤੋਂ ਬਾਅਦ ਉਸ ਨੂੰ ਲਗਾਤਾਰ ਮੋਬਾਇਲ ਅਤੇ ਇੰਸਟਾਗ੍ਰਾਮ ਆਈ. ਡੀ. ਦੇ ਜ਼ਰੀਏ ਆਡੀਓ ਸੁਨੇਹੇ ਭੇਜ ਕੇ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਧਮਕੀ ਦੇਣ ਵਾਲਾ ਖੁਦ ਨੂੰ ਸ਼ਹਿਜਾਦ ਭੱਟੀ ਦਾ ਕਰੀਬੀ ਦੱਸ ਰਿਹਾ ਹੈ, ਜਿਸ ਨੇ ਧਮਕਾਉਂਦੇ ਹੋਏ ਸੁਨੇਹਾ ਭੇਜਿਆ ਹੈ ਕਿ ਉਸ ਦੇ ਘਰ 'ਤੇ ਹੈਂਡ ਗ੍ਰਨੇਡ ਅਤੇ ਰਾਕੇਟ ਲਾਂਚਰ ਨਾਲ ਹਮਲਾ ਕੀਤਾ ਜਾਵੇਗਾ ਅਤੇ ਦੇਸ਼ ਦੇ ਵੱਖ-ਵੱਖ ਮੰਦਰਾਂ ਸਮੇਤ ਰਾਮ ਮੰਦਰ ਨੂੰ ਵੀ ਨੁਕਸਾਨ



ਪਹੁੰਚਾਇਆ ਜਾਵੇਗਾ। ਧਮਕੀ ਦੇਣ ਵਾਲਾ ਕਹਿ ਰਿਹਾ ਹੈ ਕਿ ਉਸ ਨੂੰ ਉਸ ਦੇ ਪਰਿਵਾਰ ਦੀ ਸੁਪਾਰੀ ਮਿਲ ਗਈ ਹੈ ਕਿ ਉਨ੍ਹਾਂ ਨੂੰ ਅਗਵਾ ਕਰ ਕੇ ਗੋਲੀ ਮਾਰ ਦਿੱਤੀ ਜਾਵੇਗੀ। ਉਸ ਦੀ ਆਈ. ਡੀ. ਭੱਟੀ ਨੂੰ ਭੇਜ ਦਿੱਤੀ ਗਈ ਹੈ। ਤੁਸੀਂ ਆਪਣਾ ਧਿਆਨ ਰੱਖਣਾ। ਇਕ ਵਾਰ ਆਪਣੀ ਲੋਕੇਸ਼ਨ ਭੇਜ, ਅਸੀਂ ਅੱਤਵਾਦ ਵੀ ਫੈਲਾਵਾਂਗੇ, ਅਸੀਂ ਅੱਤਵਾਦੀ ਹਾਂ ਅਤੇ ਅੱਤਵਾਦੀ ਗਤੀਵਿਧੀਆਂ ਕਰਾਂਗੇ ਕੋਈ ਵੀ ਸਾਨੂੰ ਰੋਕ ਨਹੀਂ ਸਕਦਾ। ਰਾਮ ਮੰਦਰ ਨੂੰ ਵੀ ਗ੍ਰਨੇਡ ਨਾਲ ਉਡਾ ਦੇਣਗੇ ਅਤੇ ਇਕ ਵਾਰ ਉਹ ਉਨ੍ਹਾਂ ਦੇ ਹੱਥੇ ਚੜ੍ਹ ਗਿਆ ਤਾਂ ਉਸ ਨੂੰ ਤੜਫਾ-ਤੜਫਾ ਕੇ ਮਾਰਨਗੇ। ਜੇਕਰ ਹਿੰਮਤ ਹੈ ਤਾਂ ਉਨ੍ਹਾਂ ਨੂੰ ਰੋਕ ਲੈਣਾ। ਪੰਜਾਬ ਪੁਲਸ ਨੇ ਉਨ੍ਹਾਂ ਦੇ ਆਦਮੀ ਫੜ ਲਏ ਹਨ ਤੇ ਰਾਕੇਟ ਲਾਂਚ ਵੀ ਬਰਾਮਦ ਕਰ ਲਿਆ। ਜੇਕਰ ਤੁਸੀਂ ਲੋਕ ਇਸ ਨੂੰ ਕਾਮਯਾਬੀ ਸਮਝਦੇ ਹੋ ਤਾਂ ਗਲਤ ਹੈ, ਸਮੇਂ ਦਾ ਇੰਤਜ਼ਾਰ ਕਰੋ, ਰਾਕੇਟ ਲਾਂਚਰ ਹੁਣ ਵੀ ਸੁੱਟਣਾ ਹੈ। ਧਮਕੀ ਦੇਣ ਵਾਲੇ ਉਸ ਨੂੰ ਭੱਦੀਆਂ ਗਾਲਾਂ ਕੱਢ ਰਹੇ ਸਨ। ਉਨ੍ਹਾਂ ਕੋਲ ਅਸਲਾ ਹੈ। ਉਨ੍ਹਾਂ ਨੂੰ ਸ਼ੱਕ ਹੈ ਕਿ ਲੋਕ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਨ੍ਹਾਂ ਲੋਕਾਂ ਖਿਲਾਫ ਉੱਚਿਤ ਕਾਰਵਾਈ ਕੀਤੀ ਜਾਵੇ। ਮੰਡ ਵਲੋਂ ਪੁਲਸ ਨੂੰ ਇਨ੍ਹਾਂ ਧਮਕੀਆਂ ਦੇ ਸਕ੍ਰੀਨਸ਼ਾਟ ਅਤੇ ਆਡੀਓ ਸੁਨੇਹੇ ਦੀ ਵੀ ਰਿਕਾਰਡਿੰਗ ਮੁਹੱਈਆ ਕਰਵਾਈ ਗਈ ਹੈ। ਅਧਿਕਾਰੀਆਂ ਵਲੋਂ ਜਾਂਚ ਤੋਂ ਬਾਅਦ ਹੀ ਕੇਸ ਦਰਜ ਕੀਤਾ ਗਿਆ ਹੈ। ਇੰਟਰਨੈਸ਼ਨਲ ਐਂਟੀ ਖਾਲਿਸਤਾਨ ਅੱਤਵਾਦੀ ਫਰੰਟ ਦੇ ਆਲ ਇੰਡੀਆ ਜਨਰਲ ਸੈਕਟਰੀ ਸੰਚਿਤ ਮਲਹੋਤਰਾ ਨੇ ਕਿਹਾ ਕਿ ਇਸ ਤਰ੍ਹਾਂ ਦੇਸ਼ ਦੀ ਸ਼ਾਂਤੀ ਭੰਗ ਕਰਨ ਵਾਲੇ ਲੋਕਾਂ ਖ਼?ਲਾਫ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਅੱਤਵਾਦ ਦੇ ਸੁਨੇਹੇ ਫੈਲਾਉਣ ਵਾਲਿਆਂ ਦੀਆਂ ਆਈ. ਡੀਜ਼ ਬਲਾਕ ਕਰ ਦੇਣੀਆਂ ਚਾਹੀਦੀਆਂ ਹਨ, ਤਾਂ ਕਿ ਦੇਸ਼ ਵਿਚ ਸ਼ਾਂਤੀ ਬਣੀ ਰਹੇ ਅਤੇ ਭਾਈਚਾਰਾ ਬਣਿਆ ਰਹੇ।

# ਨਵੰਬਰ ਤੋਂ ਨਹੀਂ ਮਿਲੇਗੀ ਇਨ੍ਹਾਂ ਗੱਡੀਆਂ ਨੂੰ ਐਂਟਰੀ !

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 2 ਨਵੰਬਰ। ਰਾਜਧਾਨੀ ਦਿੱਲੀ ਵਿੱਚ ਪ੍ਰਦੂਸ਼ਣ ਦਾ ਪੱਧਰ ਲਗਾਤਾਰ ਵੱਧ ਰਿਹਾ ਹੈ। ਸਰਦੀਆਂ ਦੀ ਸ਼ੁਰੂਆਤ ਤੋਂ ਪਹਿਲਾਂ ਹਵਾ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਸਰਕਾਰ ਨੇ ਇੱਕ ਵੱਡਾ ਫੈਸਲਾ ਲਿਆ ਹੈ। ਏਅਰ ਕੁਆਲਿਟੀ ਮੈਨੇਜਮੈਂਟ ਕਮਿਸ਼ਨ ਨੇ ਇੱਕ ਆਦੇਸ਼ ਜਾਰੀ ਕੀਤਾ ਹੈ ਕਿ 2 ਨਵੰਬਰ 2025 ਤੋਂ ਦਿੱਲੀ ਵਿੱਚ ਗੈਰ-BS-VI ਡੀਜ਼ਲ ਵਪਾਰਕ ਵਾਹਨਾਂ ਦੀ ਐਂਟਰੀ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਜਾਵੇਗੀ। ਇਸ ਆਦੇਸ਼ ਦੇ ਤਹਿਤ ਦਿੱਲੀ ਤੋਂ ਬਾਹਰ ਰਜਿਸਟਰਡ ਸਾਰੇ ਵਪਾਰਕ ਵਾਹਨ ਜਿਨ੍ਹਾਂ ਵਿੱਚ BS-VI ਇੰਜਣ ਨਹੀਂ ਹਨ, ਹੁਣ ਰਾਜਧਾਨੀ ਵਿੱਚ ਐਂਟਰ ਨਹੀਂ ਹੋ ਸਕਣਗੇ। ਇਸ ਵਿੱਚ ਟਰੱਕ, ਲਾਈਟ, ਮੀਡੀਅਮ ਅਤੇ ਭਾਰੀ ਮਾਲ ਵਾਹਨ ਸ਼ਾਮਲ ਹਨ। ਇਹਨਾਂ ਵਾਹਨਾਂ ਨੂੰ ਸਿਰਫ਼ ਤਾਂ ਹੀ ਛੋਟ ਦਿੱਤੀ ਗਈ ਹੈ ਜੇਕਰ ਉਹ CNG, LNG, ਜਾਂ ਇਲੈਕਟ੍ਰਿਕ ਫਿਊਲ 'ਤੇ ਚੱਲਦੇ ਹਨ। ਇਹ ਪਾਬੰਦੀ ਦਿੱਲੀ ਵਿੱਚ ਰਜਿਸਟਰਡ ਵਪਾਰਕ ਵਾਹਨਾਂ 'ਤੇ ਲਾਗੂ ਨਹੀਂ ਹੋਵੇਗੀ। ਹਾਲਾਂਕਿ, ਪ੍ਰਦੂਸ਼ਣ ਸਥਿਤੀ ਦੇ ਆਧਾਰ 'ਤੇ ਭਵਿੱਖ ਵਿੱਚ ਇਸ 'ਤੇ ਵਿਚਾਰ ਕੀਤਾ ਜਾ ਸਕਦਾ ਹੈ। BS-VI ਡੀਜ਼ਲ ਵਾਹਨਾਂ ਨੂੰ ਦਾਖਲੇ ਦੀ ਆਗਿਆ ਹੋਵੇਗੀ। CNG, LNG ਅਤੇ ਇਲੈਕਟ੍ਰਿਕ ਵਾਹਨਾਂ ਨੂੰ ਵੀ ਛੋਟ ਦਿੱਤੀ ਗਈ ਹੈ। BS-VI



ਅਨੁਕੂਲ ਵਾਹਨਾਂ ਨੂੰ 31 ਅਕਤੂਬਰ 2026 ਤੱਕ ਅਸਥਾਈ ਛੋਟ ਦਿੱਤੀ ਗਈ ਹੈ, ਤਾਂ ਜੋ ਵਾਹਨ ਮਾਲਕ ਆਪਣੇ ਫਲੀਟਾਂ ਨੂੰ ਅਪਗ੍ਰੇਡ ਕਰ ਸਕਣ। ਦਿੱਲੀ ਸਰਹੱਦ ਵਿੱਚ ਦਾਖਲ ਹੋਣ ਵਾਲੇ ਵਾਹਨਾਂ ਦੀ ਜਾਂਚ ਲਈ ਆਟੋਮੈਟਿਕ ਨੰਬਰ ਪਲੇਟ ਪਛਾਣ (ANPR) ਅਤੇ ਰੇਡੀਓ ਫ?ਰੀਕੁਐਂਸੀ ਪਛਾਣ (RFID) ਤਕਨਾਲੋਜੀ ਦੀ ਵਰਤੋਂ ਕੀਤੀ ਜਾਵੇਗੀ। ਇਸ ਸਬੰਧ ਵਿੱਚ ਟ?ਰੈਫਿਕ ਪੁਲਸ ਅਤੇ ਆਵਾਜਾਈ ਵਿਭਾਗ ਨੂੰ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਲੰਘਣਾ ਕਰਨ ਵਾਲਿਆਂ ਨੂੰ ਭਾਰੀ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਕਦਮ ਕਿਉਂ ਚੁੱਕਿਆ ਗਿਆ? ਦਿੱਲੀ ਵਿੱਚ ਏਅਰ ਕੁਆਲਿਟੀ ਇੰਡੈਕਸ (AQI) ਵਰਤਮਾਨ ਵਿੱਚ 'ਮਾੜੀ' ਸ਼੍ਰੇਣੀ ਵਿੱਚ ਪਹੁੰਚ ਗਿਆ ਹੈ। ਇਹ ਫੈਸਲਾ ਗ੍ਰੇਡੇਡ ਰਿਸਪਾਂਸ ਐਕਸ਼ਨ ਪਲਾਨ (GRAP) ਪੜਾਅ 2 ਦਾ ਹਿੱਸਾ ਹੈ, ਜਿਸਦਾ ਉਦੇਸ਼ ਵਾਹਨਾਂ ਤੋਂ PM (ਪਾਰਟੀਕੁਲੇਟ ਮੈਟਰ) ਅਤੇ NOx (ਨਾਈਟ?ਰੋਜਨ ਆਕਸਾਈਡ) ਦੇ ਨਿਕਾਸ ਨੂੰ ਘਟਾਉਣਾ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਨਾਲ ਸਰਦੀਆਂ ਦੌਰਾਨ ਧੂੰਏਂ ਦੀ ਸਥਿਤੀ ਵਿੱਚ ਕਾਫ਼ੀ ਸੁਧਾਰ ਹੋਵੇਗਾ। ਸਰਕਾਰ ਨੇ ਵਾਹਨ ਮਾਲਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਵਾਹਨ ਨਿਕਾਸ ਸਰਟੀਫਿਕੇਟਾਂ ਦੀ ਜਾਂਚ ਕਰਨ ਅਤੇ ਉਨ੍ਹਾਂ ਨੂੰ ਸਮੇਂ ਸਿਰ BS-VI ਮਿਆਰਾਂ 'ਤੇ ਅੱਪਗ੍ਰੇਡ ਕਰਨ। ਇਹ ਕਦਮ ਦਿੱਲੀ ਸਰਕਾਰ ਦੀ 'ਹਵਾ ਪ੍ਰਦੂਸ਼ਣ ਘਟਾਓ ਯੋਜਨਾ 2025' ਦਾ ਹਿੱਸਾ ਹੈ, ਜਿਸਦਾ ਉਦੇਸ਼ ਰਾਜਧਾਨੀ ਦੀ ਹਵਾ ਨੂੰ ਸਾਫ਼ ਰੱਖਣਾ ਹੈ।

## ਬਟਾਲਾ ਤੋਂ ਵੱਡੀ ਖ਼ਬਰ ! ਘੇਰਲੂ ਝਗੜੇ ਨੇ ਧਾਰਿਆ ਭਿਆਨਕ ਰੂਪ, ਪਿਓ ਨੇ ਜਵਾਕਾਂ ਨਾਲ ਕੀਤਾ ਰੂਹ ਕੰਬਾਊ ਕਾਂਡ

ਬਟਾਲਾ 2 ਨਵੰਬਰ। ਬਟਾਲਾ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ। ਇਥੇ ਇਕ ਪਿਓ ਨੇ ਆਪਣੇ 3 ਮਾਸੂਮ ਬੱਚਿਆਂ ਨੂੰ ਚਾਹ 'ਚ ਸ਼ੱਕੀ ਵਸਤੂ ਮਿਲਾ ਕੇ ਪਿਲਾ ਦਿੱਤੀ, ਜਿਸ ਨਾਲ ਬੱਚਿਆਂ ਦੀ ਹਾਲਤ ਗੰਭੀਰ ਹੋ ਗਈ। ਇਸ ਸਬੰਧੀ ਸਰਬਜੀਤ ਕੌਰ ਵਾਸੀ ਪਿੰਡ ਘੋਗਾ ਨੇ ਦੱਸਿਆ ਕਿ ਉਹ ਧਾਰੀਵਾਲ ਸੋਹੀਆਂ ਦੇ ਕੋਲ ਆਪਣੀ ਪਤੀ ਨਾਲ ਭੱਠੇ 'ਤੇ ਕੰਮ ਕਰਦੀ ਹੈ ਅਤੇ ਬੱਚੇ ਵੀ ਉਨ੍ਹਾਂ ਕੋਲ ਰਹਿੰਦੇ ਹਨ। ਉਸ ਨੇ ਦੱਸਿਆ ਕਿ ਉਸ ਦਾ ਪਤੀ ਨਸ਼ੇ ਕਰਨ ਦਾ ਆਦੀ ਹੈ ਅਤੇ ਅਕਸਰ ਉਸ ਦੀ ਕੁੱਟਮਾਰ ਕਰਦਾ ਰਹਿੰਦਾ ਹੈ। ਬੀਤੇ ਦਿਨ ਵੀ ਉਸ ਦੇ ਪਤੀ ਨੇ ਘਰ ਆ ਕੇ ਪਹਿਲਾਂ ਉਸ ਨਾਲ ਕੁੱਟਮਾਰ ਕੀਤੀ ਅਤੇ ਫਿਰ ਉਸ ਨੂੰ ਘਰੋਂ ਬਾਹਰ ਕੱਢ ਕੇ ਬੱਚਿਆਂ ਨੂੰ ਘਰ ਅੰਦਰ ਲੈ ਗਿਆ ਅਤੇ ਚਾਹ ਵਿਚ ਕੋਈ ਸ਼ੱਕੀ ਵਸਤੂ ਮਿਲਾ ਕੇ ਪਿਲਾ ਦਿੱਤੀ। ਚਾਹ ਪੀਣ ਮਗਰੋਂ ਤਿੰਨੇ ਬੱਚੇ ਬੇਹੋਸ਼ ਹੋ ਗਏ। ਤਿੰਨੋਂ ਬੱਚਿਆਂ ਦੀ ਪਛਾਣ ਕ੍ਰਿਸ਼ਮਾ (7), ਸੈਮੂਅਲ (4) ਅਤੇ ਮੋਜੀਸ਼ (ਡੇਢ ਸਾਲ) ਵਜੋਂ ਹੋਈ ਹੈ। ਓਧਰ ਇਸ ਬਾਰੇ ਸੂਚਨਾ ਮਿਲਣ 'ਤੇ ਮੌਕੇ 'ਤੇ ਪਹੁੰਚੇ 108 ਐਂਬੂਲੈਂਸ ਦੇ ਮੁਲਾਜ਼ਮਾਂ ਨੇ ਉਕਤ ਬੱਚਿਆਂ ਨੂੰ ਤੁਰੰਤ ਇਲਾਜ ਲਈ ਬਟਾਲਾ ਦੇ ਸਿਵਲ ਹਸਪਤਾਲ ਵਿਖੇ ਪਹੁੰਚਾਇਆ, ਜਿੱਥੋਂ ਡਾਕਟਰਾਂ ਨੇ ਬੱਚਿਆਂ ਦੀ ਹਾਲਤ ਨਾਜ਼ੁਕ ਵੇਖਦੇ ਹੋਏ ਅੰਮ੍ਰਿਤਸਰ ਰੈਫਰ ਕਰ ਦਿੱਤਾ ਹੈ।

## ਰਾਮ ਦਰਬਾਰ 'ਚ ਨੌਜਵਾਨ ਦਾ ਚਾਕੂ ਮਾਰ ਕੇ ਕਤਲ, ਅੱਧਾ ਦਰਜਨ ਨੌਜਵਾਨਾਂ 'ਤੇ ਮਾਮਲਾ ਦਰਜ

ਚੰਡੀਗੜ੍ਹ 2 ਨਵੰਬਰ। ਰਾਮਦਰਬਾਰ ਫੇਜ਼-2 ਸਥਿਤ ਵਾਲੀਬਾਲ ਗਰਾਊਂਡ 'ਚ ਹਥਿਆਰਾਂ ਨਾਲ ਲੈਸ 6 ਤੋਂ 8 ਹਮਲਾਵਰ ਮੰਗਲਵਾਰ ਰਾਤ ਨੌਜਵਾਨ ਨੂੰ ਚਾਕੂ ਮਾਰਕੇ ਫ਼ਰਾਰ ਹੋ ਗਏ। ਸੂਚਨਾ ਮਿਲਣ ਤੋਂ ਬਾਅਦ ਦੋਸਤ ਜ਼ਖਮੀ ਨੌਜਵਾਨ ਨੂੰ ਜੀ. ਐੱਮ. ਸੀ. ਐੱਚ-32 ਲੈ ਗਿਆ, ਜਿੱਥੋਂ ਇਲਾਜ ਦੇ ਦੌਰਾਨ ਉਸ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਰਾਮਦਰਬਾਰ ਨਿਵਾਸੀ ਰਿਸ਼ੀ ਦੇ ਰੂਪ ਵਿਚ ਹੋਈ। ਰਿਸ਼ੀ ਦੇ ਪੱਟ ਵਿਚ ਚਾਕੂ ਲੱਗਣ ਕਾਰਨ ਜ਼ਿਆਦਾ ਖ਼ੂਨ ਵਹਿ ਰਿਹਾ ਸੀ, ਜਿਸ ਕਾਰਨ ਉਸਦੀ ਮੌਤ ਹੋ ਗਈ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਹਮਲਾਵਰ ਵੰਸ਼ ਮਾੜੀ ਦਾ ਕਤਲ ਕਰਨ ਆਏ ਸੀ ਪਰ ਉਸ ਦੇ ਦੋਸਤ ਰਿਸ਼ੀ ਦਾ ਕਤਲ ਕਰਕੇ ਫ਼ਰਾਰ ਹੋ ਗਏ। ਘਟਨਾ ਦੇ ਮੁੱਖ ਮੁਲਜ਼ਮ ਦੀਪੂ ਅਤੇ ਕੱਲੂ ਹਨ। ਸੈਕਟਰ-31 ਥਾਣਾ ਪੁਲਸ ਨੇ ਵਿਨੇ ਦੇ ਬਿਆਨਾਂ 'ਤੇ ਵਸ਼ੂ, ਸੋਨੂੰ ਉਰਫ਼ ਕਰੇਲਾ, ਗੁਰੀ, ਗੌਤਮ, ਕੱਲੂ, ਦੀਪੂ, ਨੰਨੂ, ਸੌਰਵ ਉਰਫ਼ ਬੱਚੀ ਦੇ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕਰਕੇ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਫ਼ਰਾਰ ਮੁਲਜ਼ਮਾਂ ਦੀ ਭਾਲ ਲਈ ਛਾਪੇਮਾਰੀ ਕਰ ਰਹੀ ਹੈ। ਪੁਲਸ ਨੇ ਦੱਸਿਆ ਕਿ ਮੰਗਲਵਾਰ ਸ਼ਾਮ ਰਿਸ਼ੀ ਦੋਸਤ ਵਿਨੇ ਅਤੇ ਅੰਕਿਤ ਦੇ ਨਾਲ ਰਾਮਦਰਬਾਰ ਫੇਜ਼-2 ਦੇ ਪਾਰਕ ਵਿਚ ਵਾਲੀਬਾਲ ਖੇਡ ਰਿਹਾ ਸੀ। ਖੇਡਣ ਤੋਂ ਬਾਅਦ ਤਿੰਨੇ ਪਾਰਕ ਦੇ ਕੋਲ ਗੱਲਬਾਤ ਕਰ ਰਹੇ ਸੀ। ਇਸ ਦੌਰਾਨ ਵਸ਼ੂ, ਸੋਨੂੰ ਉਰਫ਼ ਕਰੇਲਾ, ਗੁਰੀ, ਗੌਤਮ, ਕੱਲੂ, ਦੀਪੂ, ਨੰਨੂ, ਸੌਰਵ ਉਰਫ਼ ਬੱਚੀ ਅਤੇ ਉਨ੍ਹਾਂ ਦੇ ਕੁਝ ਸਾਥੀ ਉੱਥੇ ਪਹੁੰਚ ਗਏ। ਉਨ੍ਹਾਂ ਨੇ ਰਿਸ਼ੀ ਨੂੰ ਘੇਰ ਕੇ ਵੰਸ਼ ਮਾੜੀ ਵਾਲਾ ਨਾਮਕ ਨੌਜਵਾਨ ਦੇ ਬਾਰੇ ਵਿਚ ਪੁੱਛਗਿੱਛ ਸ਼ੁਰੂ ਕੀਤੀ। ਰਿਸ਼ੀ ਨੇ ਵੰਸ਼ ਦੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਕਾਲੀ ਨੇ ਰਿਸ਼ੀ ਨੂੰ ਕਿਹਾ ਕਿ ਇਕ ਦਿਨ ਪਹਿਲਾਂ ਵੰਸ਼ ਉਸ ਦੇ ਨਾਲ ਪਾਰਕ ਵਿਚ ਖੜ੍ਹਾ ਸੀ। ਇਸ ਗੱਲ ਨੂੰ ਲੈਕੇ ਪਾਰਸ, ਕਾਲੀ ਸਣੇ ਹੋਰਨਾਂ ਦੋਸਤਾਂ ਨੇ ਰਿਸ਼ੀ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਇਕ ਨੌਜਵਾਨ ਨੇ ਉਸ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ ਅਤੇ ਰਿਸ਼ੀ ਗੰਭੀਰ ਜ਼ਖਮੀ ਹੋ ਗਿਆ। ਦੋਸਤਾਂ ਨੇ ਕਿਸੇ ਤਰ੍ਹਾਂ ਛੁਡਵਾ ਕੇ ਸੈਕਟਰ-32 ਹਸਪਤਾਲ ਪਹੁੰਚਾਇਆ, ਜਿੱਥੋਂ ਇਲਾਜ ਦੇ ਦੌਰਾਨ ਮੌਤ ਹੋ ਗਈ। ਜਾਂਚ ਵਿਚ ਸਾਹਮਣੇ ਆਇਆ ਕਿ ਹਮਲਾਵਰ ਵੰਸ਼ ਮਾੜੀ ਦਾ ਕਤਲ ਕਰਨ ਆਏ ਸੀ, ਜਿਸ ਨਾਲ ਪੁਰਾਣੀ ਰੰਜਿਸ਼ ਚੱਲ ਰਹੀ ਸੀ। ਵੰਸ਼ ਹਾਲ ਹੀ ਵਿਚ ਜੇਲ੍ਹ ਤੋਂ ਛੁਟਿਆ ਸੀ। ਸੋਮਵਾਰ ਨੂੰ ਹੀ ਪੁਲਸ ਨੇ ਝਗੜੇ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਸੀ, ਜਿਸ ਦੀ ਭਿਣਕ ਉਕਤ ਹਮਲਾਵਰਾਂ ਨੂੰ ਨਹੀਂ ਸੀ। ਵਸ਼ੂ, ਸੋਨੂੰ ਉਰਫ਼ ਕਰੇਲਾ, ਗੁਰੀ, ਗੌਤਮ, ਕੱਲੂ, ਦੀਪੂ, ਨੰਨੂ, ਸੌਰਵ ਉਰਫ਼ ਬੱਚੀ ਰੰਜਿਸ਼ ਦਾ ਬਦਲਾ ਲੈਣ ਦੀ ਨੀਯਤ ਨਾਲ ਵੰਸ਼ ਦੀ ਭਾਲ ਵਿਚ ਨਿਕਲੇ ਸੀ। ਮੌਕੇ 'ਤੇ ਵੰਸ਼ ਨਾ ਮਿਲਣ 'ਤੇ ਰਿਸ਼ੀ ਦਾ ਸਾਥੀ ਸਮਝ ਕੇ ਕਤਲ ਕਰ ਦਿੱਤਾ।

## ਹਥਿਆਰਾਂ ਦੀ ਨੋਕ 'ਤੇ ਲੁੱਟਖੋਹ ਕਰਨ ਵਾਲੇ ਦੋ ਮੁਲਜ਼ਮ ਗ੍ਰਿਫ਼ਤਾਰ

ਫਗਵਾੜਾ 2 ਨਵੰਬਰ। ਫਗਵਾੜਾ ਪੁਲਸ ਵੱਲੋਂ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਲੁੱਟਖੋਹ ਕਰਨ ਵਾਲੇ ਗਿਰੋਹ ਦੇ 2 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਇਨ੍ਹਾਂ ਕੋਲੋਂ ਇਕ ਖਿਡੌਣਾ ਪਿਸਤੌਲ, ਇਕ ਦਾਤਰ ਅਤੇ ਲੁੱਟੀ ਹੋਈ ਨਕਦੀ ਬਰਾਮਦ ਕੀਤੀ। ਐੱਸ. ਪੀ. ਫਗਵਾੜਾ ਮਾਧਵੀ ਸ਼ਰਮਾ ਨੇ ਦੱਸਿਆ ਕਿ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਮਹਿੰਦਰ ਰਾਮ ਪੁੱਤਰ ਰਤਨ ਚੰਦ ਵਾਸੀ ਪਿੰਡ ਨਿਹਾਲਗੜ੍ਹ ਥਾਣਾ ਸਤਨਾਮਪੁਰਾ ਨੇ ਦੱਸਿਆ ਕਿ ਉਹ ਪਿੰਡ ਜਗਤਪੁਰ ਜੱਟਾਂ ਵਿਖੇ ਸਥਿਤ ਬੈਂਕ 'ਚੋ 60 ਹਜ਼ਾਰ ਰੁਪਏ ਲੈ ਕੇ ਝੋਲੇ ਵਿਚ ਪਾ ਕੇ ਆਪਣੇ ਪਿੰਡ ਨੂੰ ਸਾਈਕਲ 'ਤੇ ਜਾ ਰਿਹਾ ਸੀ ਤਾਂ ਜਦੋਂ ਉਹ ਪਿੰਡ ਦੇ ਬਾਹਰਬਾਰ ਪਹੁੰਚਿਆ ਤਾਂ ਇਕ ਚਿੱਟੇ ਰੰਗ ਦੀ ਐਕਟਿਵਾ 'ਤੇ ਸਵਾਰ 2 ਅਣਪਛਾਤੇ ਨੌਜਵਾਨਾਂ ਵੱਲੋਂ ਉਸ ਨੂੰ ਰੋਕ ਲਿਆ ਅਤੇ ਪੈਸਿਆਂ ਵਾਲਾ ਝੋਲਾ ਖੋਹ ਕੇ ਫਰਾਰ ਹੋ ਗਏ। ਜਿਸ ਤੋਂ ਬਾਅਦ ਪੁਲਸ ਵੱਲੋਂ ਥਾਣਾ ਸਤਨਾਮਪੁਰਾ ਵਿਖੇ ਸ਼ਿਕਾਇਤ ਕਰਤਾ ਦੇ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਨੌਜਵਾਨਾਂ ਖ਼?ਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਮਾਮਲੇ ਨੂੰ ਹੱਲ ਕਰਨ ਲਈ ਸੀਨੀਅਰ ਪੁਲਸ ਅਧਿਕਾਰੀਆਂ ਦੀ ਨਿਗਰਾਨੀ ਹੇਠ ਐੱਸ. ਐੱਚ. ਓ. ਥਾਣਾ ਸਤਨਾਮਪੁਰਾ ਦੀ ਅਗਵਾਈ ਵਿਚ ਪੁਲਸ ਟੀਮ ਦਾ ਗਠਨ ਕੀਤਾ ਗਿਆ। ਪੁਲਸ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਦੇ ਹੋਏ ਇਸ ਮਾਮਲੇ ਵਿਚ 2 ਨੌਜਵਾਨਾਂ ਨੂੰ ਨਾਮਜ਼ਦ ਕੀਤਾ ਗਿਆ। ਜਿਨ੍ਹਾਂ ਦੀ ਪਛਾਣ ਹਰਪ੍ਰੀਤ ਉਰਫ਼ ਪੀਤਾ ਪੁੱਤਰ ਮਦਨ ਲਾਲ ਅਤੇ ਅਜੇ ਕੁਮਾਰ ਪੁੱਤਰ ਭਰੋਸੀ ਮੰਡਲ ਦੋਵੇ ਵਾਸੀ ਪਿੰਡ ਪਾਸਲਾ ਥਾਣਾ ਨੂਰਮਹਿਲ ਵਜੋਂ ਹੋਈ ਹੈ। ਪੁਲਸ ਨੇ ਦੋਵਾਂ ਮੁਲਜ਼ਮਾਂ ਕੋਲੋ ਲੁੱਟੀ ਹੋਈ ਰਕਮ ਵਿਚੋਂ 34 ਹਜ਼ਾਰ ਨਕਦੀ, ਇਕ ਖਿਡੌਣਾ, ਪਿਸਤੌਲ ਅਤੇ ਇਕ ਦਾਤਰ ਬਰਾਮਦ ਕੀਤਾ ਐੱਸ. ਪੀ. ਦੇ ਦੱਸਣ ਮੁਤਾਬਕ ਹਰਪ੍ਰੀਤ ਖ਼?ਲਾਫ਼ ਪਹਿਲਾਂ ਵੀ ਥਾਣਾ ਫਿਲੌਰ ਵਿਖੇ ਮਾਮਲਾ ਦਰਜ ਹੈ।

# ਅਰਾਜਕਤਾ ਅਤੇ ਕਾਨੂੰਨਹੀਣਤਾ ਵੱਲ ਵਧ ਰਿਹਾ ਹੈ ਪੰਜਾਬ : ਵੜਿੰਗ

ਕੌਮੀ ਪਤ੍ਰਿਕਾ

ਮਾਨਸਾ 2 ਨਵੰਬਰ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਪੰਜਾਬ ਨੂੰ ਅਰਾਜਕਤਾ ਅਤੇ ਕਾਨੂੰਨਹੀਣਤਾ ਵੱਲ ਵੱਧਣ ਤੋਂ ਰੋਕਣ ਲਈ ਚੇਤਾਵਨੀ ਦਿੱਤੀ ਹੈ, ਜਿੱਥੇ ਆਏ ਦਿਨ ਫਿਰੌਤੀ ਲਈ ਕਤਲ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਦਹਿਸ਼ਤਗਰਦੀ ਦੇ ਦਿਨਾਂ ਨਾਲੋਂ ਵੀ ਭੈੜਾ ਡਰ ਦਾ ਮਾਹੌਲ ਹੈ ਕਿਉਂਕਿ ਅਪਰਾਧੀ ਅਤੇ ਗੈਂਗਸਟਰ ਕਾਨੂੰਨ ਦੇ ਡਰ ਤੋਂ ਬਿਨਾਂ ਆਜ਼ਾਦ ਘੁੰਮ ਰਹੇ ਹਨ। ਇਸ ਲੜੀ ਹੇਠ, ਅਣਪਛਾਤੇ ਬੰਦੂਕਧਾਰੀਆਂ ਵੱਲੋਂ ਇਕ ਦੁਕਾਨਦਾਰ ਉੱਪਰ ਫਾਈਰਿੰਗ ਦੀ ਘਟਨਾ ਦੇ ਵਿਰੋਧ ਵਿਚ ਬੁਲਾਏ ਗਏ ਮਾਨਸਾ ਬੰਦ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵੜਿੰਗ ਨੇ ਕਿਹਾ ਕਿ ਸੂਬੇ ਵਿਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਢਹਿ ਗਈ ਹੈ ਕਿਉਂਕਿ ਸਰਕਾਰ ਅਤੇ ਪੁਲਸ ਨੇ ਆਪਣੀ ਜ਼ਿੰਮੇਵਾਰੀ ਤੋਂ ਹੱਥ ਧੋ ਲਏ ਹਨ। ਸੂਬਾ ਕਾਂਗਰਸ ਪ੍ਰਧਾਨ ਨੇ ਖੁਲਾਸਾ ਕੀਤਾ ਕਿ ਪੰਜਾਬ ਭਰ ਦੇ ਹਜ਼ਾਰਾਂ ਲੋਕ ਚੁੱਪ-ਚਾਪ ਅਪਰਾਧੀਆਂ ਅਤੇ ਗੈਂਗਸਟਰਾਂ ਨੂੰ ਫਿਰੌਤੀ ਦੇ ਪੈਸੇ ਦੇ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਪੁਲਸ 'ਤੇ ਕੋਈ ਭਰੋਸਾ ਨਹੀਂ ਹੈ ਕਿ ਇਹ ਉਨ੍ਹਾਂ ਦੀ ਰੱਖਿਆ ਕਰ ਸਕਦੀ ਹੈ। ਉਨ੍ਹਾਂ ਨੇ ਅਬੋਹਰ ਦੇ ਇੱਕ ਕੱਪੜਾ ਵਪਾਰੀ ਦੇ ਕਤਲ ਦੀ ਘਟਨਾ ਦਾ ਹਵਾਲਾ ਵੀ ਦਿੱਤਾ, ਜਿਸਨੂੰ ਫਿਰੌਤੀ ਦੇ ਪੈਸੇ ਦੇਣ ਦੇ ਬਾਵਜੂਦ ਮਾਰ ਦਿੱਤਾ ਗਿਆ ਸੀ। ਵੜਿੰਗ ਨੇ ਖੁਲਾਸਾ ਕੀਤਾ ਕਿ ਮਸ਼ਹੂਰ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਬਾਅਦ ਅਪਰਾਧੀ ਅਤੇ ਗੈਂਗਸਟਰ ਉਤਸ਼ਾਹਤ ਮਹਿਸੂਸ ਕਰ ਰਹੇ ਸਨ, ਕਿਉਂਕਿ ਉਨ੍ਹਾਂ ਦੇ ਕਤਲ ਦੇ ਮਾਸਟਰਮਾਈਂਡ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ। ਉਨ੍ਹਾਂ ਜ਼ਿਕਰ ਕੀਤਾ ਕਿ ਗੁਜਰਾਤ ਸਰਕਾਰ ਨੇ ਹੁਕਮ ਜਾਰੀ ਕੀਤੇ ਹਨ ਕਿ ਉਸਨੂੰ ਪ੍ਰੋਡਕਸ਼ਨ ਵਾਰੰਟ 'ਤੇ ਵੀ ਨਹੀਂ ਲਿਆ ਜਾ ਸਕਦਾ। ਇਸੇ ਤਰ੍ਹਾਂ ਉਨ੍ਹਾਂ ਨੇ ਅਪਰਾਧੀਆਂ ਅਤੇ ਗੈਂਗਸਟਰਾਂ ਦੇ ਵਧਦੇ ਪ੍ਰਭਾਵ ਵਿਰੁੱਧ ਚੇਤਾਵਨੀ ਦਿੰਦੇ ਹੋਏ ਖੁਲਾਸਾ ਕੀਤਾ ਕਿ ਤਰਨਤਾਰਨ



ਜ਼ਿਮਨੀ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਇਕ ਗੈਂਗਸਟਰ ਦੇ ਇਕ ਰਿਸ਼ਤੇਦਾਰ ਨੂੰ ਮੈਦਾਨ ਵਿਚ ਉਤਾਰਿਆ ਹੈ। ਉਨ੍ਹਾਂ ਕਿਹਾ ਕਿ ਖਾਸ ਉਮੀਦਵਾਰ ਲੋਕਾਂ ਨੂੰ ਉਸ ਗੈਂਗਸਟਰ ਨਾਲ ਗੱਲ ਕਰਨ ਲਈ ਮਜਬੂਰ ਕਰਦਾ ਹੈ, ਜੋ ਸਪੱਸ਼ਟ ਤੌਰ 'ਤੇ ਉਨ੍ਹਾਂ ਨੂੰ ਡਰਾਉਣ ਦੀ ਕੋਸ਼ਿਸ਼ ਕਰਦਾ ਹੈ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਸੂਬੇ ਭਰ ਵਿਚ ਡਰ ਅਤੇ ਦਹਿਸ਼ਤ ਦਾ ਮਾਹੌਲ ਹੈ। ਇਥੋਂ ਤੱਕ ਕਿ ਤਰਨਤਾਰਨ ਵਿਚ ਇਕ ਸੜਕ ਕਿਨਾਰੇ ਕੰਮ ਕਰਨ ਵਾਲੇ ਵਿਕਰੇਤਾ ਨਾਲ ਗੱਲਬਾਤ ਦਾ ਹਵਾਲਾ ਦਿੰਦੇ ਹੋਏ, ਵੜਿੰਗ ਨੇ ਖੁਲਾਸਾ ਕੀਤਾ ਕਿ ਉਹ ਸ਼ਾਮ ਦੇ ਸਮੇਂ ਆਪਣੇ ਘਰੋਂ ਬਾਹਰ ਨਿਕਲਣ ਤੋਂ ਵੀ ਡਰ ਰਿਹਾ ਸੀ। ਸੀਨੀਅਰ ਕਾਂਗਰਸੀ ਆਗੂ ਨੇ ਜ਼ਿਕਰ ਕੀਤਾ ਕਿ ਇਹ ਅੱਤਵਾਦ ਦੇ ਦਿਨਾਂ ਦੀ ਯਾਦ ਦਿਵਾਉਂਦਾ ਹੈ, ਜਦੋਂ ਲੋਕ ਹਨੇਰੇ ਤੋਂ ਪਹਿਲਾਂ ਆਪਣੇ ਘਰਾਂ ਨੂੰ ਵਾਪਸ ਭੱਜ ਜਾਂਦੇ ਸਨ। ਇਸ ਸਬੰਧ ਵਿਚ ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਤੁਰੰਤ ਗੰਭੀਰ ਅਤੇ ਦ੍ਰਿੜ ਕਦਮ ਨਾ ਚੁੱਕੇ ਗਏ ਤਾਂ ਪੰਜਾਬ ਉਸੇ ਸਥਿਤੀ ਵੱਲ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਦੀ ਇੱਛਾ ਸ਼ਕਤੀ ਹੋਵੇ, ਤਾਂ ਇੱਕ ਮਹੀਨੇ ਦੇ ਅੰਦਰ-ਅੰਦਰ ਅਪਰਾਧ ਅਤੇ ਗੈਂਗਸਟਰ ਸੱਭਿਆਚਾਰ ਨੂੰ ਖਤਮ ਕੀਤਾ ਜਾ ਸਕਦਾ ਹੈ। ਫਾਈਰਿੰਗ ਦਾ ਸ਼ਿਕਾਰ ਹੋਣ ਵਾਲੇ ਦੁਕਾਨਦਾਰ ਦੇ ਪਰਿਵਾਰ ਲਈ ਸੁਰੱਖਿਆ ਦੀ ਮੰਗ ਕਰਦੇ ਹੋਏ, ਵੜਿੰਗ ਨੇ ਕਿਹਾ ਕਿ ਇਹ ਮੁੱਖ ਮੰਤਰੀ, ਪੰਜਾਬ ਪੁਲਸ ਦੇ ਡਾਇਰੈਕਟਰ ਜਨਰਲ ਅਤੇ ਮਾਨਸਾ ਦੇ ਐੱਸ.ਐੱਸ.ਪੀ ਦੀ ਜ਼ਿੰਮੇਵਾਰੀ ਹੋਵੇਗੀ ਅਤੇ ਜੇਕਰ ਉਨ੍ਹਾਂ ਨਾਲ ਕੁਝ ਵੀ ਅਣਸੁਖਾਵਾਂ ਹੋਇਆ, ਤਾਂ ਉਹ ਜਵਾਬਦੇਹ ਹੋਣਗੇ।